

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 26, Issue 11; March 15, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਾਹਲੀ ਨਾਲ ਸੰਭਾਲੀਆਂ ਦੋਵੇਂ ਜਥੇਦਾਰੀਆਂ

### ਪੰਥਕ ਧਿਰਾਂ ਵਲੋਂ ਮਰਯਾਦਾ ਦੀ ਉਲੰਘਣਾ ਦੇ ਦੋਸ਼

**ਸ੍ਰੀ ਅਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਹਟਾਉਣ ਦੇ ਵਿਰੋਧ ਤੋਂ ਡਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੈਅ ਸਮੇਂ ਤੋਂ ਪਹਿਲਾਂ ਸੋਮਵਾਰ ਤੜਕੇ 2.50 ਵਜੇ ਕੁਲਦੀਪ ਸਿੰਘ ਗੜਗੱਜ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੇਵਾ ਸੌਂਪ ਦਿੱਤੀ। ਇਸ ਤੋਂ ਬਾਅਦ ਸ਼ਾਮ ਕਰੀਬ ਚਾਰ ਵਜੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤਸਰ ਪੁੱਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਸੇਵਾ ਵੀ ਸੰਭਾਲ ਲਈ। ਹਾਲਾਂਕਿ ਇਸ ਦੀ ਖ਼ਬਰ ਮਿਲਦੇ ਹੀ ਇਕ ਵਾਰ ਫਿਰ ਨਿਹੰਗ ਜਥੇਬੰਦੀ ਨੇ ਕਿਹਾ ਹੈ ਕਿ ਉਹ ਇਸ ਨੂੰ ਪ੍ਰਵਾਨ ਨਹੀਂ ਕਰਨਗੇ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਹਟਾ ਕੇ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰ ਨਿਯੁਕਤ ਕੀਤਾ ਸੀ। ਇਸ ਤੋ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਹੀ ਕਾਰਜਕਾਰੀ ਜਥੇਦਾਰ ਦੀ ਸੇਵਾ ਦੇਣ ਦਾ ਐਲਾਨ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਦਾ ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਸਮੇਤ ਕਈ ਜਥੇਬੰਦੀਆਂ ਵਿਰੋਧ ਕਰ ਰਹੀਆਂ ਸਨ। ਜਦੋਂ ਸ਼੍ਰੋਮਣੀ ਕਮੇਟੀ ਨੇ ਇਹ ਐਲਾਨ ਕੀਤਾ ਸੀ ਕਿ 10 ਮਾਰਚ ਸੋਮਵਾਰ ਸਵੇਰੇ 10 ਵਜੇ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰ ਦੀ ਸੇਵਾ ਸੌਂਪੀ ਜਾਵੇਗੀ ਤਾਂ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਸਪੱਸ਼ਟ ਐਲਾਨ ਕਰ ਦਿੱਤਾ ਕਿ ਇਸ ਤਾਜਪੋਸ਼ੀ ਸਮਾਗਮ ਦਾ ਵਿਰੋਧ ਕੀਤਾ ਜਾਵੇਗਾ ਤੇ ਕਿਸੇ ਵੀ ਹਾਲ ਇਹ ਤਾਜਪੋਸ਼ੀ ਨਹੀਂ

(ਬਾਕੀ ਸਫ਼ਾ 6 'ਤੇ)



### ਦੋ ਦਸੰਬਰ ਦੇ ਫ਼ੈਸਲੇ ਨਹੀਂ ਬਦਲੇ ਜਾਣਗੇ

ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਹੋਏ ਫ਼ੈਸਲੇ ਬਦਲੇ ਨਹੀਂ ਜਾ ਸਕਦੇ। ਉਨ੍ਹਾਂ ਫ਼ੈਸਲਿਆਂ ਨੂੰ ਲਾਗੂ ਕਰਵਾਉਣ ਲਈ ਜਿਹੜਾ ਵੀ ਜਥੇਦਾਰ ਮੌਜੂਦ ਹੋਵੇਗਾ, ਉਹ ਆਪਣੀ ਡਿਊਟੀ ਬਾਖ਼ੂਬੀ ਨਿਭਾਵੇਗਾ।

### ਪ੍ਰਸ਼ਾਸਨ ਨੂੰ ਪਈਆਂ ਭਾਜੜਾਂ

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਸੇਵਾ ਸੌਂਪੇ ਜਾਣ ਤੋਂ ਬਾਅਦ ਜਦੋਂ ਨਿਹੰਗ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਲਾਮ ਲਸ਼ਕਰ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੁੱਜਣ ਦਾ ਐਲਾਨ ਕੀਤਾ ਤਾਂ ਪੁਲਿਸ ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ। ਤਖ਼ਤ ਸ੍ਰੀ ਕੇਸ ਕੇਸਗੜ ਸਾਹਿਬ ਦਾ ਆਲਾ-ਦੁਆਲਾ ਤੇ ਸ਼ਹਿਰ ਨੂੰ ਪੁਲਿਸ ਚੌਕੀ 'ਚ ਤਬਦੀਲ ਕਰ ਦਿੱਤਾ ਗਿਆ ਪਰ ਜਦੋਂ ਬਾਬਾ ਬਲਬੀਰ ਸਿੰਘ ਮੱਥਾ ਟੇਕਣ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਕੇ ਆਪਣੀ ਛਾਉਣੀ 'ਚ ਪਰਤ ਗਏ ਤਾਂ ਪੁਲਿਸ ਨੇ ਸੁੱਖ ਦਾ ਸਾਹ ਲਿਆ। ਹਾਲਾਂਕਿ ਮਹੱਲੇ ਦੇ ਸਮਾਗਮ ਵਾਲੇ ਦਿਨ ਨੂੰ ਲੈ ਕੇ ਖ਼ਦਸ਼ਾ ਬਰਕਰਾਰ ਹੈ। ਇਸ ਸਬੰਧੀ ਐੱਸ.ਐੱਸ.ਪੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਨੇ ਕਿਹਾ ਕਿ ਕਿਸੇ ਤਰ੍ਹਾਂ ਦੀ ਘਬਰਾਹਟ ਵਾਲੀ ਕੋਈ ਗੱਲ ਨਹੀਂ। ਪੁਲਿਸ ਪ੍ਰਸ਼ਾਸਨ ਵੱਲੋਂ ਵਿਆਪਕ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਹਨ। ਤੇ ਲੋਕਾਂ ਦੀ ਸੁਰੱਖਿਆ ਦੇ ਲਈ ਪੰਜਾਬ ਪੁਲਿਸ 24 ਘੰਟੇ ਹਾਜ਼ਰ ਹੈ। ਦੂਜੇ ਪਾਸੇ ਸੂਤਰਾਂ ਦੀ ਮੰਨੀਏ ਤਾਂ ਪ੍ਰਸ਼ਾਸਨ ਦੇ ਕੁਝ ਅਧਿਕਾਰੀਆਂ ਵੱਲੋਂ ਬਾਬਾ ਬਲਬੀਰ ਸਿੰਘ ਨਾਲ ਰਾਬਤਾ ਬਣਾਇਆ ਹੋਇਆ ਹੈ ਅਤੇ ਅੰਦਰਖ਼ਾਤੇ ਹਰ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਤਿਆਰੀ ਕੱਸੀ ਹੋਈ ਸੀ।

## ਕੈਨੇਡਾ ਦਾ ਨਵਾਂ ਪ੍ਰਧਾਨ ਮੰਤਰੀ ਭਾਰਤ ਨਾਲ ਸੰਬੰਧ ਸੁਧਾਰਨ ਦਾ ਯਤਨ ਕਰੇਗਾ



**ਓਟਾਵਾ:** ਕੈਨੇਡਾ ਵਿੱਚ ਸੱਤਾਧਾਰੀ ਲਿਬਰਲ ਪਾਰਟੀ ਨੇ ਜਸਟਿਨ ਟਰੂਡੋ ਦੀ ਜਗ੍ਹਾ ਮਾਰਕ ਕਾਰਨੀ ਨੂੰ ਆਪਣਾ ਨੇਤਾ ਚੁਣ ਲਿਆ ਹੈ। ਨੌਂ ਸਾਲ ਸੱਤਾ ਵਿਚ ਰਹੇ ਟਰੂਡੋ ਦੇ ਅਸਤੀਫ਼ੇ ਤੋਂ ਬਾਅਦ ਕਾਰਨੀ ਅਗਲੇ ਪ੍ਰਧਾਨ ਮੰਤਰੀ ਵਜੋਂ ਹੁਣ ਭਾਰਤ ਨਾਲ ਸਬੰਧਾਂ ਵਿੱਚ ਆਈ ਕੁੜੱਤਣ ਨੂੰ ਦੂਰ ਕਰਨਾ ਚਾਹੁੰਦੇ ਹਨ ਅਤੇ ਇਸ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨਾ ਚਾਹੁੰਦੇ ਹਨ। ਉਹ ਪ੍ਰਸਿੱਧ ਅਰਥ ਸ਼ਾਸਤਰੀ ਹਨ ਅਤੇ ਬੈਂਕ ਆਫ਼ ਕੈਨੇਡਾ ਦੇ ਗਵਰਨਰ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਪਣੇ ਹਾਲੀਆ ਚੋਣ ਪ੍ਰਚਾਰ ਜ਼ ਦੌਰਾਨ ਭਾਰਤ ਨਾਲ ਤਣਾਅਪੂਰਨ ਸਬੰਧਾਂ ਨੂੰ ਖਾ 'ਮੁੜ ਨਿਰਮਾਣ' ਕਰਨ ਦਾ ਸੰਕਲਪ ਲਿਆ ਸੀ। 59 ਸਾਲਾ ਕਾਰਨੀ ਨੇ ਲਿਬਰਲ ਪਾਰਟੀ ਦੇ ਮੈਂਬਰਾਂ ਤੋਂ 85 ਪ੍ਰਤੀਸ਼ਤ ਤੋਂ ਵੱਧ ਵੋਟਾਂ ਪ੍ਰਾਪਤ ਕਰਕੇ ਅਗਲੇ ਕੈਨੇਡੀਅਨ ਪ੍ਰਧਾਨ ਮੰਤਰੀ ਬਣਨ ਦੀ ਦੌੜ ਜਿੱਤ ਲਈ।

ਕਾਰਨੀ ਅਕਤੂਬਰ ਵਿਚ ਹੋਣ ਵਾਲੀਆਂ ਆਮ ਚੋਣਾਂ ਤੱਕ ਸੱਤਾ ਵਿਚ ਰਹਿਣਗੇ ਜਿਸ ਸਮੇਂ ਉਹ ਸੱਤਾ ਦੀ ਲੜਾਈ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਲੀਵਰੇ ਦਾ ਸਾਹਮਣਾ ਕਰਨਗੇ। ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਟਰੂਡੋ ਵੱਲੋਂ ਵਾਰ-ਵਾਰ ਦਿੱਤੇ ਗਏ 'ਬੇਤੁਕੇ ਬਿਆਨਾਂ' ਕਾਰਨ ਭਾਰਤ-ਕੈਨੇਡਾ ਦੇ ਰਿਸ਼ਤੇ ਵਿਗੜ ਗਏ ਸਨ। ਇਸ ਨਾਲ ਪਹਿਲਾਂ ਤੋਂ ਹੀ ਤਣਾਅਪੂਰਨ ਸਬੰਧਾਂ ਨੂੰ ਹੋਰ ਨੁਕਸਾਨ ਪਹੁੰਚਿਆ। ਹਾਲਾਂਕਿ ਕਾਰਨੀ ਨੇ ਟਰੂਡੋ ਦੀ ਥਾਂ ਲੈਣ ਲਈ ਆਪਣੇ ਆਪ ਨੂੰ ਮੋਹਰੀ ਦਾਅਵੇਦਾਰ ਵਜੋਂ ਪੇਸ਼ . ਕਰਕੇ ਸਬੰਧਾਂ ਵਿਚ ਸੁਧਾਰ ਦੇ ਸੰਕੇਤ ਦਿਖਾਏ ਹਨ। ਹਾਲ ਹੀ ਵਿਚ ਕਾਰਨੀ ਨੇ ਕਿਹਾ ਸੀ, 'ਕੈਨੇਡਾ ਆਪਣੇ ਸਮਾਨ ਸੋਚ ਵਾਲੇ ਦੇਸ਼ਾਂ ਨਾਲ ਵਪਾਰਕ ਸਬੰਧਾਂ ਨੂੰ ਵਧੀਆ ਬਣਾਉਣਾ ਚਾਹੁੰਦਾ ਹੈ ਅਤੇ ਭਾਰਤ ਨਾਲ ਸਬੰਧਾਂ ਨੂੰ ਦੁਬਾਰਾ ਬਣਾਉਣ ਦੇ ਬਹੁਤ ਸਾਰੇ ਮੌਕੇ ਹਨ।

(ਬਾਕੀ ਸਫ਼ਾ 6 'ਤੇ)


Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Mohan Singh MST
IRS Enrolled agent,
Insurance Agent-
Casualty & Property
Notary Public

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com; www.SinghTaxServices.com



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


(ਬਾਕੀ ਸਫ਼ਾ 6 'ਤੇ)

# ਜਥੇਦਾਰਾਂ ਨੂੰ ਹਟਾਉਣ ਦੇ ਫੈਸਲੇ ਖ਼ਿਲਾਫ ਅਮਰੀਕਾ ਦੇ ਟਕਸਾਲੀ ਆਗੂਆਂ ਵੱਲੋਂ ਅਸਤੀਫ਼ੇ

## ਕਾਰਵਾਈ ਦੀ ਕੀਤੀ ਨਿੰਦਾ; ਮੁੱਢ ਤੋਂ ਅਕਾਲੀ ਦਲ ਨਾਲ ਜੁੜੇ ਹੋਏ ਹਨ ਪਰਿਵਾਰ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ ਅਤੇ ਸ਼੍ਰੋਮਣੀ ਕਮੇਟੀ ਨੇ ਸਿੱਖ ਪ੍ਰਚਾਰਕ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਹੈ। ਇਸੇ ਤਰ੍ਹਾਂ ਸੰਤ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ ਨਾਮਜ਼ਦ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਦੋ ਤਖ਼ਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਨਾਲ ਉਨ੍ਹਾਂ ਤਿੰਨਾਂ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਹੋ ਗਈਆਂ ਹਨ, ਜਿਨ੍ਹਾਂ 2 ਦਸੰਬਰ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਨ੍ਹਾਂ ਨੂੰ ਤਨਖਾਹ ਲਾਉਣ ਦੇ ਹੁਕਮ ਸੁਣਾਏ ਸਨ।





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਥੇਦਾਰਾਂ ਨੂੰ ਹਟਾਉਣ ਦੇ ਫ਼ੈਸਲੇ ਨਾਲ ਦੇਸ਼-ਵਿਦੇਸ਼ ਦੀ ਸੰਗਤ ਅਤੇ ਟਕਸਾਲੀ ਅਕਾਲੀ ਪਰਿਵਾਰਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਇਸੇ ਤਹਿਤ ਅਮਰੀਕਾ (ਮਿੱਡਵੈਸਟ) ਦੇ ਵੱਡੇ ਟਕਸਾਲੀ ਆਗੂਆਂ ਨੇ ਇਸ ਕਾਰਵਾਈ ਨੂੰ ਤਾਨਾਸ਼ਾਹੀ ਕਰਾਰ ਦਿੱਤਾ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਕਿਸੇ ਇਕ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਹੀਂ ਹੈ। ਉਨ੍ਹਾਂ ਇਸ ਕਾਰਵਾਈ ਦੀ ਘੋਰ ਨਿੰਦਾ ਕਰਦਿਆਂ ਆਪਣੇ ਅਹੁਦਿਆਂ ਅਤੇ ਮੈਂਬਰਸ਼ਿਪ ਤੋਂ ਅਸਤੀਫੇ ਦੇ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਮਿੱਡਵੈਸਟ ਦੇ ਇਹ ਸਾਰੇ ਪਰਿਵਾਰ ਮੁੱਢ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ ਅਤੇ ਸ਼ੁਰੂ ਤੋਂ ਹੀ ਦੇਸ਼-ਵਿਦੇਸ਼ ਵਿਚ ਪਾਰਟੀ ਦੇ ਪ੍ਰਚਾਰ-ਪ੍ਰਸਾਰ ਲਈ ਕੰਮ ਕਰਦੇ ਆ ਰਹੇ ਹਨ। ਇਨ੍ਹਾਂ ਟਕਸਾਲੀ ਅਕਾਲੀ ਪਰਿਵਾਰਾਂ ਨੇ ਅਕਾਲੀ ਦਲ ਤੋਂ ਇਲਾਵਾ ਕਿਸੇ ਹੋਰ ਪਾਰਟੀ ਨੂੰ ਕਦੇ ਤਵੱਜੋਂ ਨਹੀਂ ਦਿੱਤੀ ਪਰ ਹੁਣ ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰਾਂ ਨੂੰ ਹਟਾਏ ਜਾਣ ਦੇ ਫੈਸਲੇ ਨਾਲ ਸਾਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਉਨ੍ਹਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਅਸਤੀਫ਼ੇ ਦੇ ਦਿੱਤੇ ਹਨ।

ਅਸਤੀਫੇ ਦੇਣ ਵਾਲਿਆਂ ਵਿਚ ਸ. ਬਚਨ ਸਿੰਘ, ਜਸਕਰਨ ਸਿੰਘ ਧਾਲੀਵਾਲ, ਮੁਖ਼ਤਿਆਰ ਸਿੰਘ (ਹੈਪੀ ਹੀਰ), ਪਾਲ ਸਿੰਘ ਖਲੀਲ, ਹਰਵਿੰਦਰ ਸਿੰਘ, ਨਰਿੰਦਰ ਸਿੰਘ ਸਰਾਂ, ਮਨਜਿੰਦਰ ਸਿਘ ਪੱਡਾ, ਹਰਪ੍ਰੀਤ ਸਿੰਘ, ਜਗਵੀਰ ਸਿੰਘ ਧਾਲੀਵਾਲ, ਪਰਮਿੰਦਰ ਸਿੰਘ, ਮੋਹਨਜੀਤ ਸਿੰਘ ਢਿੱਲੋਂ, ਮਨਦੀਪ ਸਿੰਘ, ਇੰਦਰਜੀਤ ਸਿੰਘ, ਸਤਵਿੰਦਰ ਸਿੰਘ, ਗੁਰਨੇਕ ਸਿੰਘ, ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਨਵਜੋਧ ਸਿੰਘ ਬਾਜਵਾ, ਜਸਬੀਰ ਸਿੰਘ ਸੰਘਾ, ਅੰਮ੍ਰਿਤਪਾਲ ਸਿੰਘ ਆਦਿ ਸ਼ਾਮਲ ਹਨ।

# ਮਾਤਾ ਭਜਨ ਕੌਰ 'ਨਿੱਕੀਆਂ ਕਰੂੰਬਲਾਂ ਪੁਰਸਕਾਰ' ਪ੍ਰਦਾਨ





**ਮਾਹਲਪੁਰ, (ਡਾ. ਬਲਬੀਰ ਕੌਰ ਰੀਹਲ):** ਇੰਡੀਆ ਬੁਕ ਆਫ ਰਿਕਾਰਡਸ ਵਿੱਚ ਦਰਜ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੀ 30ਵੀਂ ਵਰ੍ਹੇਗੰਢ ਮੌਕੇ ਰਸਾਲੇ ਨਾਲ ਜੁੜੇ ਪੰਜ ਬਾਲ ਸਾਹਿਤ ਦੇ ਸਿਰਜਕ ਹਰਦੇਵ ਸਿੰਘ ਭੁੱਲਰ ਫਿਰੋਜ਼ਪੁਰ, ਮਨਦੀਪ ਰਿੰਪੀ ਰੂਪ ਨਗਰ, ਉਮਾ ਕਮਲ ਤਲਵਾੜਾ, ਅੰਜੂ ਵ. ਰੱਤੀ ਹੁਸ਼ਿਆਰਪੁਰ ਅਤੇ ਅਮਰਪ੍ਰੀਤ ਸਿੰਘ ਝੀਤਾ ਜਲੰਧਰ ਨੂੰ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਪ੍ਰਬੰਧਕਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਫ਼ਖ਼ਰ ਹੈ ਕਿ ਉਹਨਾਂ ਦੀ ਹਲਕੇ ਵਿੱਚੋਂ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਦੀ ਅਗਵਾਈ ਹੇਠ ਪਿਛਲੇ 30 ਸਾਲਾਂ ਤੋਂ ਬਾਲ ਰਸਾਲਾ ਨਿੱਕੀਆਂ ਕਰੂੰਬਲਾਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਜਿਸ ਰਾਹੀਂ ਬੱਚਿਆਂ ਨੂੰ ਮਾਤ ਭਾਸ਼ਾ ਨਾਲ ਜੋੜ ਕੇ ਉਚੇਰੀਆਂ ਕਦਰਾਂ ਕੀਮਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਹਨਾਂ ਰਸਾਲੇ ਦੇ ਸ਼ਾਨਦਾਰ ਪ੍ਰਕਾਸ਼ਨ ਲਈ 50 ਹਜ਼ਾਰ ਦੀ ਗਰਾਂਟ ਦਾ ਚੈੱਕ ਵੀ ਭੇਟ ਕੀਤਾ। ਪੁਰਸਕਾਰ ਵੰਡ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਸਾਹਿਤ ਅਕੈਡਮੀ ਅਤੇ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ ਨਿੱਕੀਆਂ ਕਰੂੰਬਲਾਂ ਦੀਆਂ ਪ੍ਰਾਪਤੀਆਂ ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਇਹ ਕਾਰਜ ਵੱਡੀਆਂ ਵੱਡੀਆਂ ਸੰਸਥਾਵਾਂ ਵੀ ਨਹੀਂ ਕਰ ਸਕੀਆਂ ਜੋ ਇਕੱਲੇ ਬਲਜਿੰਦਰ ਮਾਨ ਤੇ ਕਰੂੰਬਲਾਂ ਪਰਿਵਾਰ ਨੇ ਕਰ ਦਿਖਾਇਆ ਹੈ। ਸਾਨੂੰ ਆਪਣੀ ਨਵੀਂ ਪਨੀਰੀ ਨੂੰ ਸੰਭਾਲਣ ਲਈ ਅਜਿਹੇ ਰਸਾਲੇ ਹਰ ਘਰ ਵਿੱਚ ਪੁੱਜਦੇ ਕਰਨੇ ਚਾਹੀਦੇ ਹਨ। ਉਹਨਾਂ ਪ੍ਰਬੰਧਕਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਉਹਨਾਂ ਦੀ ਦੇਣ ਪੰਜਾਬੀ ਜਗਤ ਕਦੇ ਵੀ ਨਹੀਂ ਭੁਲਾ ਸਕੇਗਾ।

ਡਾ. ਜੇ ਬੀ ਸੇਖੋਂ ਨੇ ਰਸਾਲੇ ਦੀਆਂ ਤਿੰਨ ਦਹਾਕੇ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਤੱਕ ਪ੍ਰਕਾਸ਼ਿਤ ਕੀਤੇ ਗਏ 30 ਵਿਸ਼ੇਸ਼ ਅੰਕ ਪੁਸਤਕਾਂ ਦਾ ਦਰਜਾ ਰੱਖਦੇ ਹਨ। ਨਵੀਆਂ ਕਲਮਾਂ ਨੂੰ ਵਿਸ਼ੇਸ਼ ਥਾਂ ਦੇ ਕੇ ਉਨ੍ਹਾਂ ਦੀ ਕਲਾ ਨੂੰ ਨਿਖਾਰਨ ਦੀ ਜ਼ਿੰਮੇਵਾਰੀ ਵੀ ਨਿਭਾਈ ਜਾ ਰਹੀ ਹੈ। ਇਸ ਮੌਕੇ ਗਿਆਨੀ ਹਰਕੇਵਲ ਸਿੰਘ ਸੈਲਾਨੀ ਯਾਦਗਾਰੀ ਸਾਹਿਤ ਸਿਰਜਣਾ ਮੁਕਾਬਲੇ ਦੇ ਜੇਤੂ 15 ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਅਤੇ ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਕਲਾਕਾਰ ਕਮਲਜੀਤ ਨੀਲੋਂ ਨੇ ਆਪਣੀਆਂ ਕਲਾਤਮਿਕ ਵੰਨਗੀਆਂ ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰ ਮੁਗਧ ਕੀਤਾ।ਇਹ ਸਮਾਗਮ ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਸਹਿਯੋਗ ਨਾਲ ਗਦਰੀ ਬਾਬਾ ਹਰਜਾਪ ਸਿੰਘ ਕਾਨਫਰੰਸ ਹਾਲ ਵਿੱਚ ਕਰਵਾਇਆ ਗਿਆ। ਵਿਦਿਆਰਥੀਆਂ, ਅਧਿਆਪਕਾਂ, ਸਾਹਿਤਕਾਰਾਂ ਅਤੇ ਪੰਜਾਬੀ ਪ੍ਰੇਮੀਆਂ ਨਾਲ ਖਚਾ ਖਚ ਭਰੇ ਹਾਲ ਵਿੱਚ ਪ੍ਰੋ. ਬਲਦੇਵ ਸਿੰਘ ਬੱਲੀ ਨੇ ਬਾਲ ਸਾਹਿਤ ਦੀ ਸਿਰਜਣ ਪ੍ਰਕਿਰਿਆ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬਾਲ ਸਾਹਿਤ ਦੇ ਸਿਰਜਕ ਨੂੰ ਬਾਲ ਮਾਨਸਿਕਤਾ ਦਾ ਗਿਆਨੀ ਹੋਣਾ ਜ਼ਰੂਰੀ ਹੁੰਦਾ ਹੈ। ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਪਧਾਰੇ ਸ. ਬਲਬੀਰ ਸਿੰਘ ਦਰੜ ਪੱਲੀ ਝਿੱਕੀ ਨੇ ਵਿਦੇਸ਼ਾਂ ਵਿੱਚ ਬਾਲ ਸਾਹਿਤ ਦੀ ਲੋੜ ਤੇ ਚਾਨਣਾ ਪਾਇਆ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ, ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ, ਰੌਸ਼ਨਜੀਤ ਸਿੰਘ ਪਨਾਮ,ਸਿੱਖ ਵਿੱਦਿਅਕ ਕੌਂਸਲ ਦੇ ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ, ਬਲਬੀਰ ਸਿੰਘ ਸੇਵਕ, ਡਾ. ਜੀਤ ਦਵਿੰਦਰਜੀਤ ਕੌਰ,ਡਾ.ਪਰਵਿੰਦਰ ਸਿੰਘ ਪ੍ਰਿੰਸੀਪਲ ਅਤੇ ਪ੍ਰਿੰ.ਗੁਰਮੀਤ ਸਿੰਘ ਨੇ ਕਿਹਾ ਕਿ ਟਰੱਸਟ ਦਾ ਯਤਨ ਹੈ ਕਿ ਨਵੀਂ ਪਨੀਰੀ ਦੀਆਂ ਜੜ੍ਹਾਂ ਮਜ਼ਬੂਤ ਕਰਕੇ ਸਮਾਜ ਨੂੰ ਨਰੋਇਆ ਬਣਾਇਆ ਜਾਵੇ। ਰਸਾਲੇ ਦਾ ਮਨੋਰਥ ਬੱਚਿਆਂ ਨੂੰ ਆਦਰਸ਼ ਨਾਗਰਿਕ ਬਣਾਉਣਾ ਹੈ। ਡਾ. ਬਲਬੀਰ ਕੌਰ ਰੀਹਲ ਨੇ ਸਨਮਾਨਿਤ ਸਾਹਿਤਕਾਰਾਂ ਦੀਆਂ ਸਾਹਿਤਕ, ਵਿੱਦਿਅਕ ਅਤੇ ਸਮਾਜਿਕ ਪ੍ਰਾਪਤੀਆਂ ਤੇ ਰੌਸ਼ਨੀ ਪਾਈ। ਬਾਲ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਜੁੜੀਆਂ ਸ਼ਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

### ਕਮਲਜੀਤ ਨੀਲੋਂ ਨੇ ਲਾਈਆਂ ਰੌਣਕਾਂ

ਐਕਟਰ ਡਾਇਰੈਕਟਰ ਅਸ਼ੋਕ ਪੁਰੀ ਨੇ ਆਪਣੀਆਂ ਵਿਲੱਖਣ ਅਦਾਵਾਂ ਨਾਲ ਮੰਚ ਸੰਚਾਲਨ ਕੀਤਾ। ਇਸ ਮੌਕੇ ਤਨਵੀਰ ਮਾਨ, ਅਮਨਦੀਪ ਸਿੰਘ ਬੈਂਸ,ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਮਨਜਿੰਦਰ ਹੀਰ,ਚੈਂਚਲ ਸਿੰਘ ਬੈਂਸ, ਹਰਭਜਨ ਸਿੰਘ ਕਾਹਲੋਂ, ਪ੍ਰਿੰ ਮਨਜੀਤ ਕੌਰ, ਹਰਵੀਰ ਮਾਨ, ਰਵਿੰਦਰ ਬੰਗੜ, ਰਾਮ ਤੀਰਥ ਪਰਮਾਰ, ਅਸ਼ੋਕ ਕੁਮਾਰ, ਜਸਵੀਰ ਮਰੂਲਾ, ਰੁਪਿੰਦਰ ਜੋਤ ਸਿੰਘ ਖਾਲਸਾ, ਗਾਇਕਾ ਬਲਜੀਤ ਕੌਰ ਝੁੱਟੀ, ਹਰਮਨਪ੍ਰੀਤ ਕੌਰ, ਪ੍ਰਿੰ. ਜਗਮੋਹਨ ਸਿੰਘ, ਸੂਫੀ ਗਾਇਕ ਨੀਲ ਕਮਲ, ਪ੍ਰਿੰ. ਸਰਬਜੀਤ ਸਿੰਘ, ਡਾ. ਬਲਵੰਤ ਸਿੰਘ, ਵਰਿੰਦਰ ਪੰਮੀ, ਅਨੀਤਾ, ਮਨੋਜ ਕੁਮਾਰ, ਪ੍ਰੋ .ਅਸ਼ੋਕ ਕੁਮਾਰ ਪ੍ਰੋ.ਜਸਦੀਪ ਕੌਰ ,ਰਜਿੰਦਰ ਕੌਰ ਰੂਬੀ, ਅਰਵਿੰਦਰ ਸਿੰਘ ਹਵੇਲੀ, ਗੁਰਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਚੰਨੀ ਓ ਐਸ ਡੀ ਸਮੇਤ ਬਹੁ ਗਿਣਤੀ ਵਿੱਚ ਸਾਹਿਤ ਪ੍ਰੇਮੀ ਸ਼ਾਮਿਲ ਹੋਏ।

# 130 ਦਲਿਤ ਪਰਿਵਾਰਾਂ ਦੇ ਮੰਦਰ 'ਚ ਦਾਖ਼ਲੇ 'ਤੇ ਰੋਕ ਜਾਰੀ

**ਕੋਲਕਾਤਾ:** ਪੱਛਮੀ ਬੰਗਾਲ ਦੇ ਪੂਰਬੀ ਬਰਧਮਾਨ ਜ਼ਿਲ੍ਹੇ ਦੇ ਇਕ ਪਿੰਡ ਵਿਚ 130 ਦਲਿਤ ਪਰਿਵਾਰਾਂ ਨੂੰ ਪਿੰਡ ਦੇ ਇੱਕੋ ਇਕ ਸ਼ਿਵ ਮੰਦਰ ਵਿਚ ਵੜਣ 'ਤੇ ਮਨਾਹੀ ਜਾਰੀ ਹੈ। ਵਜ੍ਹਾ ਇਹ ਹੈ ਕਿ ਇਹ ਸ਼ਰਧਾਲੂ ਦਲਿਤ ਹਨ। ਗਿਧਗ੍ਰਾਮ ਪਿੰਡ ਦੇ ਦਾਸਪਾੜਾ ਇਲਾਕੇ ਦੇ ਇਹ ਸਾਰੇ ਪਰਿਵਾਰ ਰਵਾਇਤੀ ਤੌਰ 'ਤੇ ਮੋਚੀ ਤੇ ਬੁਣਕਰ ਭਾਈਚਾਰੇ ਨਾਲ ਸਬੰਧਤ ਹਨ। ਵਿਤਕਰੇ ਦੇ ਸ਼ਿਕਾਰ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਜੇ ਸੂਬਾ ਸਰਕਾਰ ਸਾਡੇ ਸੰਕਟ ਦਾ ਹੱਲ ਕਰਨ ਵਿਚ ਨਾਕਾਮ ਰਹੀ ਤਾਂ ਅਦਾਲਤ ਵਿਚ ਜਾਵਾਂਗੇ। ਇਹ ਸੰਵਿਧਾਨ ਦੇ ਆਰਟੀਕਲ 25 ਦੀ ਸਿੱਧੀ ਉਲੰਘਣਾ ਹੈ।

ਕਾਬਿਲੇ ਜ਼ਿਕਰ ਹੈ ਕਿ 26 ਫਰਵਰੀ ਨੂੰ ਮਹਾਂਸ਼ਿਵਰਾਤਰੀ ਦੌਰਾਨ ਦਲਿਤ ਪਰਿਵਾਰਾਂ ਨੂੰ ਮੰਦਰ ਵਿਚ ਪ੍ਰਵੇਸ਼ ਦੀ ਆਗਿਆ ਦੇਣ ਲਈ ਦੋ ਵਿਧਾਇਕਾਂ ਦੀ ਹਾਜ਼ਰੀ ਵਿਚ ਪੁਲਿਸ ਤੇ ਪ੍ਰਸ਼ਾਸਨ ਨੇ ਦਖ਼ਲ ਦਿੱਤਾ ਸੀ। 5 ਦਲਿਤ ਤੇ ਉੱਚ ਵਰਗ ਦੇ ਭਾਈਚਾਰਿਆਂ ਦਰਮਿਆਨ ਰਸਮੀ ਸਮਝੌਤਾ ਵੀ ਹੋਇਆ ਸੀ ਪਰ ਗੱਲ ਨਹੀਂ ਬਣੀ। ਮੰਦਰ ਵਿਚ ਭਗਵਾਨ ਦੇ ਦਰਸ਼ਨਾਂ ਤੋਂ ਵਾਂਝੇ ਲੋਕਾਂ ਨੇ 24 ਫਰਵਰੀ ਨੂੰ ਕਟਵਾ ਦੇ ਐੱਸਡੀਓ ਨੂੰ ਲਿਖਤੀ ਅਪੀਲ ਦੇ ਕੇ ਸ਼ਿਵਰਾਤਰੀ ਮੌਕੇ ਮੰਦਰ ਵਿਚ ਪੂਜਾ ਕਰਨ ਦੇ ਇਰਾਦੇ ਬਾਰੇ ਜਾਣਕਾਰੀ ਦਿੱਤੀ ਤੇ ਸੁਰੱਖਿਆ ਮੰਗੀ। ਉਦੋਂ ਪ੍ਰਸ਼ਾਸਨ ਨੇ ਮੰਦਰ ਵਿਚ ਉਨ੍ਹਾਂ ਦੇ ਵੜਣ 'ਤੇ ਰੋਕ ਸਬੰਧੀ ਮੱਧ-ਯੁੱਗ ਵਰਗੀ ਪਰੰਪਰਾ 'ਤੇ ਗ਼ੌਰ ਕਰਨ ਲਈ ਕਦਮ ਚੁੱਕਿਆ ਸੀ। ਪੀੜਤ ਸ਼ਰਧਾਲੂ ਸ਼ਿਵਰਾਤਰੀ ਮੌਕੇ ਪੂਜਾ ਵੀ ਨਹੀਂ ਕਰ ਸਕੇ ਪਰ 28 ਫਰਵਰੀ ਨੂੰ ਇਕ ਪ੍ਰਸ਼ਾਸਨਕ ਮੀਟਿੰਗ ਵਿਚ ਪੀੜਤ ਪਰਿਵਾਰਾਂ ਨੂੰ ਭਵਿੱਖ ਵਿਚ ਪੂਜਾ ਕਰਨ ਦੀ ਇਜਾਜ਼ਤ ਦੇਣ ਲਈ 'ਦਖ਼ਲ ਮਤਾ' ਪਾਸ ਕੀਤਾ ਗਿਆ। ਮੀਟਿੰਗ ਵਿਚ ਸੱਤਾਧਾਰੀ ਪਾਰਟੀ ਦਾ ਵਿਧਾਇਕ, ਐੱਸਡੀਓ ਤੇ ਐੱਸਡੀਪੀਓ, ਸਥਾਨਕ ਕਮਿਊਨਿਟੀ ਵਿਕਾਸ ਅਫ਼ਸਰ ਅਤੇ ਮੰਦਰ ਕਮੇਟੀ ਤੇ ਦਾਸ ਪਰਿਵਾਰਾਂ ਦੇ ਛੇ-ਛੇ ਮੈਂਬਰ ਹਾਜ਼ਰ ਸਨ। ਪੀੜਤ ਇਕੋਰੀ ਦਾਸ ਦੱਸਦਾ ਹੈ ਕਿ ਅਗਲੇ ਦਿਨ ਪੁਲਿਸ ਨੇ ਸਾਨੂੰ ਫੋਨ ਕੀਤਾ ਤੇ ਮੰਦਰ ਨਾ ਜਾਣ ਲਈ ਕਿਹਾ। ਪੁਲਿਸ ਦੀ ਦਲੀਲ ਸੀ ਕਿ ਇਸ ਨਾਲ ਕਾਨੂੰਨ-ਵਿਵਸਥਾ ਦੀ ਹਾਲਤ ਵਿਗੜ ਸਕਦੀ ਹੈ





# ਦੀਪਕ ਬਾਲੀ ਨੇ ਸੈਰ ਸਪਾਟਾ ਅਤੇ ਸੱਭਿਆਚਾਰ ਵਿਭਾਗ ਦੇ ਸਲਾਹਕਾਰ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ:** ਪੰਜਾਬ ਦੇ ਸੱਭਿਆਚਾਰਕ, ਸਾਹਿਤਕ ਅਤੇ ਸੰਗੀਤਕ ਖੇਤਰ ਦੀ ਨਾਮੀਂ ਸ਼ਖਸ਼ੀਅਤ ਦੀਪਕ ਬਾਲੀ ਨੇ ਅੱਜ ਸੈਕਟਰ 38 ਵਿਖੇ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲਿਆਂ ਦੇ ਵਿਭਾਗ ਦੇ ਸਲਾਹਕਾਰ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸਿਆਸੀ, ਸਾਹਿਤਕ, ਸੱਭਿਆਚਾਰਕ, ਸੰਗੀਤਕ ਅਤੇ ਹੋਰ ਖੇਤਰਾਂ ਦੀਆਂ ਹਸਤੀਆਂ ਹਾਜ਼ਿਰ ਸਨ।

ਦੀਪਕ ਬਾਲੀ ਨੇ ਕਿਹਾ ਕਿ 1986 ਤੋਂ ਉਹ ਵਿਰਾਸਤ, ਭਾਸ਼ਾ ਅਤੇ ਕਲਾ ਦੇ ਖੇਤਰਾਂ ਵਿੱਚ ਵਿਚਰ ਰਹੇ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਪੰਜਾਬ ਦੇ ਸੱਭਿਆਚਾਰ ਤੇ ਵਿਰਸੇ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਹੋਰ ਪ੍ਰਸਿੱਧੀ ਦਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸੈਰ ਸਪਾਟੇ ਦੇ ਖੇਤਰ ਵਿੱਚ ਹੋਰ ਉੱਪਰ ਲਿਜਾਣ ਲਈ ਵੀ ਉਹ ਦਿਨ ਰਾਤ ਮਿਹਨਤ ਕਰਨਗੇ। ਦੀਪਕ ਬਾਲੀ ਨੇ ਇਸ ਅਹੁਦੇ ਲਈ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸੱਭਿਆਚਾਰ, ਕਲਾ ਤੇ ਸੂਬੇ ਦੇ ਸੈਰ ਸਪਾਟਾ ਖੇਤਰ ਦੇ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ, ਉਹ ਉਸ ਉੱਤੇ ਪੂਰਾ ਖਰਾ ਉੱਤਰਨ ਦੀ ਕੋਸ਼ਿਸ਼ ਕਰਨਗੇ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਿਨੇਟ ਮੰਤਰੀ ਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਦੀਪਕ ਬਾਲੀ ਦੇ ਲੰਬੇ ਸਮਾਜਿਕ ਤੇ ਸੱਭਿਆਚਾਰਕ ਤਜਰਬੇ ਦਾ ਫਾਇਦਾ ਪੰਜਾਬ ਨੂੰ ਹੋਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦਾ ਸਿਆਸੀ ਤਜਰਬਾ ਨਵੀਆਂ ਨੀਤੀਆਂ ਬਣਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਉਮੀਦ ਕੀਤੀ ਕਿ ਬਾਲੀ ਪੰਜਾਬ ਦੇ ਸੱਭਿਆਚਾਰਕ, ਕਲਾ ਅਤੇ ਸੈਰ ਸਪਾਟਾ ਖੇਤਰ ਨੂੰ ਨਵੀਆਂ ਉਚਾਈਆਂ 'ਤੇ ਲੈਕੇ ਜਾਣਗੇ। ਇਸ ਮੌਕੇ ਸੈਰ ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਮੋਹਿੰਦਰ ਭਗਤ ਤੇ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਸਰਕਾਰ ਦੇ ਵੱਖ ਵੱਖ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਪਰਸਨ ਸਨੀ ਆਹਲੂਵਾਲੀਆ, ਨਵਜੋਤ ਸਿੰਘ ਜਰਗ, ਬਾਲ ਮੁਕੰਦ ਸ਼ਰਮਾ, ਰਾਜਵਿੰਦਰ ਕੌਰ ਥਿਆੜਾ ,ਦੀਪਕ ਬਾਲੀ ਦੀ ਪਤਨੀ ਸੋਨੀਆ ਬਾਲੀ,ਬੇਟਾ ਗੌਤਮ ਬਾਲੀ ਅਤੇ ਸੰਗੀਤਕ ਤੇ ਕਲਾ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਰੌਸ਼ਨ ਪ੍ਰਿੰਸ, ਅਮਰ ਨੂਰੀ, ਜਸਬੀਰ ਗੁਣਾਚੌਰੀਆਂ, ਅਲਾਪ ਸਿਕੰਦਰ, ਸਾਰੰਗ ਸਿਕੰਦਰ, ਸਚਿਨ ਅਹੂਜਾ, ਸੁੱਖੀ ਬਰਾੜ, ਪੰਮੀ ਬਾਈ ਅਤੇ ਸੋਨੀਆ ਮਾਨ ਹਾਜ਼ਰ ਸਨ।


ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

Mansfield (Ohio) ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਭਾਰਤੀ ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।

* ਕੰਮ ਦੇ ਤਜਰਬੇ ਦੇ ਆਧਾਰ 'ਤੇ ਚੰਗੀ ਤਨਖਾਹ ਦਿੱਤੀ ਜਾਵੇਗੀ। * ਰਿਹਾਇਸ਼ ਫਰੀ



ਚਾਹਵਾਨ ਸੰਪਰਕ ਕਰੋ:

ਕੇ.ਬੀ., ਫੋਨ: 419-709-2732



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS

HOMEOPATHIC NATURAL MEDICINES

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA







# Matrimonials

## ਲੜਕੇ ਦੀ ਲੋੜ ਹੈ

US citizen Nai girl 27, 5'6" is looking for a suitable match. She has done DMD (Doctor of Dental medicine) and never married. Entire family is in the USA. Seeking an educated and well settled boy in the USA. Preference to same caste Please contact at: 937-776-6474

11-14

---

Jat Sikh Grewal family looking for a compatible match for their Us born and raised 30, 5'8". homely sweet MD working daughter. Please contact us at: 414-737-8624 or E-mail: ranigrewal72@gmail. Com

10-13

---

Ramgarhia family seeks a suitable match for their 35 Years old daughter, 5'-5", MBA, Divorced, 8 years old daughter, US citizen. All family well settled in California, USA. For more information please contact: +1 (559) 803-8860 or Email: Onelifeusa17@gmail.co

8-11

## ਲੜਕੀ ਦੀ ਲੋੜ ਹੈ

Looking for a suitable Jatt Sikh match in the USA/Canada for our well-settled boy (Canada PR), born in 1993, 5'10" tall, residing in Winipeg, Canada. Please contact: gsbagri2@gmail.com, +16046216056 (whatsapp).

11-14

---

**Seeking a suitable match** (American citizen or Permanent Resident) for a 1992-born in Punjab, Boy, 5'8" Education: B.Tech, MBA, MS in Business Analytics. Currently working as a **Business Analyst** in Chicago, USA. Belongs to a well-educated family: father (Retd. Principal), mother (Retd. Lecturer), and one elder brother (married, Production Engineer in the US). Looking for an educated and professional match. Caste No bar. Please contact at +91-7589242016(Whatsapp) and +1-7204996020

9-12

---

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.







ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
*To Advertise in Punjab Times:*
*Please Contact: 847-359-0746*

# ਪੰਜਾਬ 'ਚ 516 ਥਾਈਂ ਛਾਪੇ- 130 ਨਸ਼ਾ ਤਸਕਰ ਕਾਬੂ



**ਚੰਡੀਗੜ੍ਹ:** ਪੰਜਾਬ ਪੁਲੀਸ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਪੰਜਾਬ 'ਚ ਲਗਪਗ 516 ਥਾਵਾਂ 'ਤੇ ਛਾਪੇ ਮਾਰ ਕੇ 3.04 ਕਿਲੋ ਹੈਰੋਇਨ, 9.3 ਕਿਲੋ ਅਫੀਮ, 6673 ਨਸ਼ੀਲੀਆਂ ਗੋਲੀਆਂ, ਟੀਕੇ ਅਤੇ 5.39 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ। ਇਸ ਦੌਰਾਨ ਪੁਲੀਸ ਨੇ 85 ਕੇਸ ਦਰਜ ਕਰ ਕੇ 130 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਵੱਲੋਂ ਅੱਠ ਦਿਨਾਂ ਵਿੱਚ 1050 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਦੇ ਵਿਸ਼ੇਸ਼ ਡੀਜੀਪੀ (ਕਾਨੂੰਨ ਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਕਿਹਾ ਕਿ ਪੁਲੀਸ ਦੀਆਂ 250 ਤੋਂ ਵੱਧ ਟੀਮਾਂ ਨੇ ਸੂਬੇ 'ਚ 602 ਮਸ਼ਕੂਕਾਂ ਦੇ ਟਿਕਾਣਿਆਂ ਦੀ ਜਾਂਚ ਕੀਤੀ।

ਇਸ ਦੌਰਾਨ ਛੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਬਰਨਾਲਾ, ਪਟਿਆਲਾ, ਸੰਗਰੂਰ ਤੇ ਮੁਹਾਲੀ 'ਚ ਦਵਾਈਆਂ ਦੀਆਂ ਦੁਕਾਨਾਂ 18 ਦੀ ਤਾਪੇ ਮਾਰੇ ਗਏ।

# 36 ਹੋਰ ਪ੍ਰਿੰਸੀਪਲ ਸਿਖਲਾਈ ਲੈਣ ਲਈ ਸਿੰਗਾਪੁਰ ਗਏ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 36 ਪ੍ਰਿੰਸੀਪਲਾਂ ਦੇ ਸੱਤਵੇਂ ਬੈਚ ਨੂੰ ਇੱਥੇ ਆਪਣੀ ਸਰਕਾਰੀ ਰਿਹਾਇਸ਼ ਤੋਂ ਝੰਡੀ ਦਿਖਾ ਕੇ ਸਿੰਗਾਪੁਰ ਲਈ ਰਵਾਨਾ ਕੀਤਾ। ਇਹ ਪ੍ਰਿੰਸੀਪਲ 15 ਮਾਰਚ ਤੱਕ ਸਿੰਗਾਪੁਰ ਦੀ ਪ੍ਰਿੰਸੀਪਲ ਅਕੈਡਮੀ ਵਿੱਚ ਸਿਖਲਾਈ ਪ੍ਰਾਪਤ ਕਰਨਗੇ। ਸ੍ਰੀ ਮਾਨ ਨੇ ਕਿਹਾ ਕਿ ਕੌਮਾਂਤਰੀ ਮਹਿਲਾ ਦਿਵਸ 'ਤੇ ਵਿਦੇਸ਼ ਜਾਣ ਵਾਲਿਆਂ ਵਿੱਚ ਵਧੇਰੇ ਪ੍ਰਿੰਸੀਪਲ ਔਰਤਾਂ ਹਨ।

ਉਨ੍ਹਾਂ ਕਿਹਾ ਕਿ ਮਿਡਲ, ਸੈਕੰਡਰੀ ਤੇ ਹਾਈ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰਨ ਲਈ ਜ਼ਿਲ੍ਹਿਆਂ ਦੇ ਸੀਨੀਅਰ ਅਧਿਕਾਰੀਆਂ ਨੂੰ ਸਕੂਲਾਂ ਦਾ ਦੌਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਭਾਰਤੀ ਕ੍ਰਿਕਟ ਟੀਮ ਨੂੰ ਅੱਜ ਹੋਣ ਵਾਲੇ ਚੈਂਪੀਅਨਜ਼ ਟਰਾਫੀ ਦੇ ਫਾਈਨਲ ਮੈਚ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ




ਸਿਖਲਾਈ ਦੇਣ ਲਈ 306 ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਵਿਸ਼ਵ ਪੱਧਰ ਦੀ ਸਿਖਲਾਈ ਦਿਵਾਈ ਹੈ। ਇਸ ਦੇ ਨਾਲ ਹੀ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਵਿਦੇਸ਼ ਤੋਂ ਸਿਖਲਾਈ ਦਿਵਾਉਣ ਵਾਲਾ ਦੇਸ਼ ਦਾ ਪਹਿਲਾਂ ਸੂਬਾ ਪੰਜਾਬ ਬਣ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕਾਂ, ਸਕੂਲ ਮੁਖੀਆਂ ਅਤੇ ਸਕੂਲ ਸਿੱਖਿਆ ਪ੍ਰਸ਼ਾਸਕਾਂ ਨੂੰ ਸਰਕਾਰੀ ਖਰਚੇ 'ਤੇ ਸਵਿਟਜ਼ਰਲੈਂਡ, ਸਿੰਗਾਪੁਰ, ਫਿਨਲੈਂਡ ਵਰਗੇ ਦੇਸ਼ਾਂ ਤੇ ਹਾਰਵਰਡ ਤੇ ਆਕਸਫੋਰਡ ਵਰਗੀਆਂ ਸੰਸਥਾਵਾਂ ਵਿੱਚ ਭੇਜਿਆ ਜਾ ਰਿਹਾ ਹੈ ਤਾਂ ਕਿ ਉਹ ਆਧੁਨਿਕ ਸਿੱਖਿਆ ਜੁਗਤਾਂ ਰਾਹੀਂ ਸਿੱਖਿਆ ਪ੍ਰਣਾਲੀ ਨੂੰ ਅਗਲੇ ਪੱਧਰ 'ਤੇ ਲੈ ਜਾਣ।

# ਜੇਲ੍ਹ ਸੁਪਰਡੈਂਟ ਸਣੇ ਕੈਦੀਆਂ ਵਿਰੁੱਧ ਕੇਸ ਦਰਜ

**ਮੁਹਾਲੀ:** ਪੰਜਾਬ ਪੁਲੀਸ ਦੀ ਨਸ਼ਾ ਵਿਰੋਧੀ ਟਾਸਕ ਫੋਰਸ (ਏਐੱਨਟੀਐੱਫ਼) ਦੀ ਮੁਹਾਲੀ ਟੀਮ ਨੇ ਅੱਜ ਹੁਸ਼ਿਆਰਪੁਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਸਮੇਤ ਪੰਜ ਜੇਲ੍ਹ ਅਧਿਕਾਰੀਆਂ ਤੇ ਇਸੇ ਜੇਲ੍ਹ 'ਚ ਬੰਦ ਦੋ ਕੈਦੀਆਂ ਵਿਰੁੱਧ ਨਸ਼ਾ ਤਸਕਰੀ ਤੇ ਅਪਰਾਧਿਕ ਸਾਜ਼ਿਸ਼ ਦੇ ਦੋਸ਼ਾਂ ਹੇਠ ਏਐੱਨਟੀਐੱਫ਼ ਦੇ ਇੱਥੇ ਸਥਿਤ ਥਾਣੇ 'ਚ ਕੇਸ ਦਰਜ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਕਾਇਮ ਕੀਤੀ ਹੈ। ਪੰਜਾਬ ਪੁਲੀਸ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਇਹ ਕਾਰਵਾਈ ਇੰਸਪੈਕਟਰ ਜਨਰਲ ਆਫ ਪੁਲੀਸ (ਜੇਲ੍ਹਾਂ) ਤੋਂ ਮਿਲੀ ਰਿਪੋਰਟ, ਜਿਸ 'ਚ ਹੁਸ਼ਿਆਰਪੁਰ ਕੇਂਦਰੀ ਜੇਲ੍ਹ 'ਚ ਬੰਦ ਤਸਕਰਾਂ ਦੀ ਨਸ਼ਾ ਤਸਕਰੀ 'ਚ ਮਦਦ ਲਈ ਕੁਝ ਜੇਲ੍ਹ ਅਧਿਕਾਰੀਆਂ ਅਤੇ ਕੈਦੀਆਂ ਦੀ ਮਿਲੀਭੁਗਤ ਦੇ ਖ਼ੁਲਾਸੇ ਹੋਏ ਸਨ, ਮਗਰੋਂ ਕੀਤੀ ਗਈ ਹੈ। ਫਿਲਹਾਲ ਕਿਸੇ ਮੁਲਜ਼ਮ ਦੀ ਗ੍ਰਿਫ਼ਤਾਰੀ ਨਹੀਂ ਹੋਈ। ਏਐੱਨਟੀਐੱਫ਼ ਦੇ ਏਡੀਜੀਪੀ ਨੀਲਭ ਕਿਸ਼ੋਰ ਨੇ ਕਿਹਾ ਕਿ ਦਰਜਨ ਤੋਂ ਵੱਧ ਵੱਖ-ਵੱਖ ਥਾਵਾਂ 'ਤੇ ਤਲਾਸ਼ੀ ਲਈ ਗਈ ਹੈ। ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



ਡੀਜੀਪੀ ਗੌਰਵ ਯਾਦਵ

# ਮਨੀਪੁਰ ਵਿਚ ਫਿਰ ਹਿੰਸਾ; ਇਕ ਮੌਤ

**ਇੰਫਾਲ:** ਮਨੀਪੁਰ 'ਚ ਮੁਕਤ ਆਵਾਜਾਈ (ਫ੍ਰੀ ਮੂਵਮੈਂਟ) ਦੇ ਪਹਿਲੇ ਦਿਨ ਹੀ ਰਾਜ 'ਚ ਫਿਰ ਹਿੰਸਾ ਭੜਕ ਗਈ, ਜਿਸ ਦੌਰਾਨ ਜ਼ਿਲ੍ਹਾ ਕਾਂਗਪੋਕਪੀ ਦੇ ਵੱਖ-ਵੱਖ ਹਿੱਸਿਆਂ 'ਚ ਕੁਕੀ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਹੋਈਆਂ ਝੜਪਾਂ ਦੌਰਾਨ ਇਕ ਪ੍ਰਦਰਸ਼ਨਕਾਰੀ ਦੀ ਮੌਤ ਹੋ ਗਈ, ਜਦੋਂਕਿ ਔਰਤਾਂ ਸਮੇਤ 40 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ 30 ਸਾਲਾ ਵਿਅਕਤੀ ਨੂੰ ਕੀਥਲਮਨਬੀ ਵਿਖੇ ਝੜਪਾਂ ਦੌਰਾਨ ਗੋਲੀਆਂ ਲੱਗੀਆਂ ਸਨ ਅਤੇ ਹਸਪਤਾਲ ਜਾਂਦੇ ਸਮੇਂ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਕਿਹਾ ਕਿ ਗਮਗੀਫਾਈ, ਮੋਟਬੰਗ ਅਤੇ ਕੀਥਲਮਨਬੀ ਵਿਖੇ ਸੁਰੱਖਿਆ ਬਲਾਂ ਨਾਲ ਝੜਪਾਂ ਦੌਰਾਨ ਘੱਟੋ-ਘੱਟ 40 ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ,ਜਿਨ੍ਹਾਂ ਨੂੰ ਇਲਾਜ ਲਈ ਨੇੜਲੇ ਜਨਤਕ ਸਿਹਤ ਕੇਂਦਰ 'ਚ ਦਾਖਲ ਕਰਵਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਰਾਜਧਾਨੀ ਇੰਫਾਲ ਤੋਂ ਜ਼ਿਲ੍ਹਾ ਸੈਨਾਪਤੀ ਤੋਂ ਹੁੰਦੇ ਹੋਇਆ ਕਾਂਗਪੋਕਪੀ ਤੱਕ ਅਤੇ ਇੰਫਾਲ ਤੋਂ ਚੁਰਾਚਾਂਦਪੁਰ ਹੁੰਦੇ ਹੋਏ। ਬਿਸ਼ਨੂਪੁਰ ਤੱਕ ਬੱਸ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਹੋਰਨਾਂ ਪ੍ਰਮੁੱਖ



ਮਾਰਗਾਂ 'ਤੇ ਵੀ ਬੱਸਾਂ ਚਲਾਈਆਂ ਗਈਆਂ ਸਨ। ਤਣਾਅ ਉਸ ਸਮੇਂ ਵਧਿਆ, ਜਦੋਂ ਇੰਫਾਲ ਤੋਂ ਸੈਨਾਪਤੀ ਜਾ ਰਹੀਆਂ ਬੱਸਾਂ ਦੇ ਕਾਫ਼ਲੇ ਨੂੰ ਕੁਕੀ ਬਹੁਲ ਇਲਾਕੇ 'ਚ ਰੋਕ ਦਿੱਤਾ ਗਿਆ। ਘਟਨਾ ਕਾਂਗਪੋਕਪੀ 'ਚ ਹੋਈ, ਜਿਥੇ ਇੰਫਾਲ ਤੋਂ ਸੈਨਾਪਤੀ ਜਾ ਰਹੇ ਵਾਹਨਾਂ ਦੇ ਕਾਫ਼ਲੇ ਨੂੰ ਕੁਕੀ ਬਹੁਲ ਇਲਾਕੇ 'ਚ ਰੋਕ ਦਿੱਤਾ ਗਿਆ।

ਇਥੇ ਸੁਰੱਖਿਆ ਬਲਾਂ ਨੂੰ ਪੱਥਰਬਾਜ਼ੀ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਬਲ ਪ੍ਰਯੋਗ ਕਰਦਿਆਂ ਅੱਥਰੂ ਗੈਸ ਦੇ ਗੋਲੇ ਵੀ ਦਾਗਣੇ ਪਏ। ਪ੍ਰਦਰਸ਼ਨਕਾਰੀਆਂ ਨੇ ਨਿੱਜੀ ਵਾਹਨਾਂ ਨੂੰ ਅੱਗ ਲਗਾ ਦਿੱਤੀ, ਜਦੋਂਕਿ ਐਨ.ਐਚ.-2 (ਇੰਫਾਲ-ਦੀਮਾਪੁਰ ਰਾਜ ਮਾਰਗ) ਨੂੰ ਵੀ ਜਾਮ ਕਰ ਦਿੱਤਾ। ਇਸ ਵਿਚਕਾਰ ਫੈਡਰੇਸ਼ਨ ਆਫ਼ ਸਿਵਲ ਸੁਸਾਇਟੀ ਦੇ ਇਕ ਸ਼ਾਂਤੀ ਮਾਰਚ ਨੂੰ ਪੁਲਿਸ ਨੇ ਰੋਕ ਦਿੱਤਾ। 10 ਤੋਂ ਵੱਧ ਵਾਹਨਾਂ ਵਾਲੇ ਇਸ ਮਾਰਚ ਨੂੰ ਜ਼ਿਲ੍ਹਾ ਕਾਂਗਪੋਕਪੀ 'ਚ ਪਹੁੰਚਣ ਤੋਂ ਪਹਿਲਾਂ ਹੀ ਸੁਰੱਖਿਆ ਬਲਾਂ ਨੇ ਰੋਕ ਦਿੱਤਾ। ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਮਾਰਚ ਦੀ ਆਗਿਆ ਨਹੀਂ ਸੀ। ਜ਼ਿਕਰਯੋਗ ਹੈ ਕਿ ਮਈ 2023 'ਚ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਮੈਤੇਈ ਅਤੇ ਕੁਕੀ ਬਹੁਲ ਇਲਾਕੇ ਵਿਚਾਲੇ ਮੁਕਤ ਆਵਾਜਾਈ ਨਹੀਂ ਹੈ। ਮੈਤੇਈ ਲੋਕ ਕੁਕੀ ਬਹੁਲ ਪਹਾੜੀਆਂ ਤੋਂ ਚਲੇ ਗਏ। ਹਨ, ਜਦੋਂਕਿ ਕੁਕੀ ਲੋਕਾਂ ਨੇ ਮੈਤੇਈ ਬਹੁਲ ਖੇਤਰਾਂ ਨੂੰ ਛੱਡ ਦਿੱਤਾ ਹੈ।

# ਭਾਜਪਾ ਲਈ ਕੰਮ ਕਰਨ ਵਾਲੇ ਕਾਂਗਰਸੀਆਂ ਨੂੰ ਬਾਹਰ ਕੱਢਣ ਦੀ ਲੋੜ: ਰਾਹੁਲ ਗਾਂਧੀ




**ਅਹਿਮਦਾਬਾਦ:** ਰਾਹੁਲ ਗਾਂਧੀ ਨੇ ਕਿਹਾ ਕਿ ਕਾਂਗਰਸ 'ਚੋਂ ਉਨ੍ਹਾਂ ਆਗੂਆਂ ਅਤੇ ਵਰਕਰਾਂ ਨੂੰ ਬਾਹਰ ਕੱਢਣ ਦੀ ਲੋੜ ਹੈ, ਜੋ ਭਾਜਪਾ ਲਈ ਕੰਮ ਕਰ ਰਹੇ ਹਨ। ਰਾਹੁਲ ਗਾਂਧੀ ਨੇ ਆਪਣੇ ਦੋ ਦਿਨਾਂ ਗੁਜਰਾਤ ਦੌਰੇ ਦੇ ਦੂਜੇ ਦਿਨ ਸੂਬੇ ਦੇ 2 ਹਜ਼ਾਰ ਪਾਰਟੀ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦਾ ਪਹਿਲਾ ਕੰਮ ਕਾਂਗਰਸੀ ਵਰਕਰਾਂ ਅਤੇ ਆਗੂਆਂ ਦੇ ਉਨ੍ਹਾਂ ਦੋ ਸਮੂਹਾਂ ਨੂੰ ਵੱਖ-ਵੱਖ ਕਰਨਾ ਹੋਵੇਗਾ, ਇਕ ਜਿਨ੍ਹਾਂ ਦੇ ਦਿਲਾਂ 'ਚ ਪਾਰਟੀ ਦੀ ਵਿਚਾਰਧਾਰਾ ਵੱਸਦੀ ਹੈ ਅਤੇ ਜੋ ਜਨਤਾ ਦੇ ਨਾਲ ਖੜ੍ਹਦੇ ਹਨ ਅਤੇ ਦੂਜੇ ਜੋ ਜਨਤਾ ਤੋਂ ਕੱਟੇ ਹੋਏ ਹਨ, ਜਿਨ੍ਹਾਂ ਵਿਚੋਂ ਅੱਧੇ ਭਾਜਪਾ ਦੇ ਨਾਲ ਹਨ। ਜਦੋਂ ਤੱਕ ਦੋਵੇਂ ਸਮੂਹ ਇਕ ਨਹੀਂ ਹੋ ਜਾਂਦੇ, ਗੁਜਰਾਤ ਦੇ ਲੋਕ ਪਾਰਟੀ 'ਚ ਵਿਸ਼ਵਾਸ ਨਹੀਂ ਕਰਨਗੇ। ਗਾਂਧੀ ਨੇ ਕਿਹਾ ਕਿ ਚੋਣਾਂ ਜਿੱਤਣ ਅਤੇ ਹਾਰਨ ਦੇ ਮੁੱਦੇ ਨੂੰ ਇਕ ਪਾਸੇ ਰੱਖ ਕੇ ਸਾਡੇ ਜ਼ਿਲ੍ਹਾ, ਬਲਾਕ ਪ੍ਰਧਾਨਾਂ ਅਤੇ ਸੀਨੀਅਰ ਨੇਤਾਵਾਂ ਨੂੰ ਆਪਣੇ ਖ਼ੂਨ 'ਚ ਕਾਂਗਰਸ ਨੂੰ ਉਤਾਰਨਾਂ ਹੋਵੇਗਾ ਹੈ। ਜਿਵੇਂ ਹੀ ਅਸੀਂ ਅਜਿਹਾ ਕਰਾਂਗੇ, ਗੁਜਰਾਤ ਦੇ ਲੋਕ ਆਪਣੇ ਦਿਲਾਂ ਦੇ ਦਰਵਾਜ਼ੇ ਸਾਡੇ ਲਈ ਖੋਲ੍ਹ ਦੇਣਗੇ। ਉਨ੍ਹਾਂ ਰਾਜ ਦੇ ਲੋਕ ਫਸੇ ਹੋਏ ਹਨ ਅਤੇ ਹੀਰਾ, ਕੱਪੜਾ ਅਤੇ ਸਿਰੇਮਿਕ ਉਦਯੋਗ ਤਬਾਹੀ 'ਚ ਹੈ। ਰਾਹੁਲ ਗਾਂਧੀ ਦਾ ਗੁਜਰਾਤ ਦੌਰਾ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਕੇਂਦਰਿਤ ਹੈ, ਜਿਸ ਲਈ ਉਨ੍ਹਾਂ ਨੇ ਪਾਰਟੀ ਦੀ ਸੂਬਾ ਇਕਾਈ 'ਚ ਵੱਡੇ ਪੱਧਰ 'ਤੇ ਬਦਲਾਅ ਦਾ ਸੰਕੇਤ ਦਿੱਤਾ ਹੈ।

# ਹੱਦਬੰਦੀ ਬਾਰੇ ਵਿਚਾਰ ਲਈ ਸਿਰ ਜੋੜ ਕੇ ਬੈਠਣ ਪਾਰਟੀਆਂ: ਬਾਜਵਾ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 2026 'ਚ ਹੋਣ ਵਾਲੀ ਸੰਸਦੀ ਹਲਕਿਆਂ ਦੀ ਹੱਦਬੰਦੀ 'ਤੇ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਦੇ ਫਾਇਦਿਆਂ ਅਤੇ ਨੁਕਸਾਨਾਂ 'ਤੇ ਵਿਚਾਰ-ਵਟਾਂਦਰਾ ਕਰਨ ਅਤੇ ਜੇਕਰ ਲੋੜ ਪਈ ਤਾਂ ਇਸ ਦਾ ਸਾਂਝੇ ਤੌਰ 'ਤੇ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਇਸ ਦੇ ਗੰਭੀਰ ਨਤੀਜੇ ਸਿਰਫ ਦੱਖਣੀ ਸੂਬਿਆਂ ਨੂੰ ਹੀ ਨਹੀਂ ਭੁਗਤਣੇ ਪੈਣਗੇ, ਸਗੋਂ ਉੱਤਰੀ ਸੂਬਿਆਂ 'ਤੇ ਵੀ ਹੱਦਬੰਦੀ ਦੀ ਤਲਵਾਰ ਲਟਕ ਰਹੀ ਹੈ। ਬਾਜਵਾ ਨੇ ਕਿਹਾ ਕਿ ਕਿਉਂਕਿ ਅਸੀਂ ਪੰਜਾਬ ਨਾਲ ਸੰਬੰਧਤ ਹਾਂ, ਇਸ ਲਈ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਇਕ ਮੰਚ 'ਤੇ ਆ ਕੇ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਅਸੀਂ ਇਸ ਬਾਰੇ ਕੀ ਕਰ ਸਕਦੇ ਹਾਂ।

## ਦੱਖਣੀ ਅਫ਼ਰੀਕਾ 'ਚ ਭਾਰਤੀ ਭਾਈਚਾਰੇ ਨੂੰ ਸੇਵਾਵਾਂ ਦੇਣ ਵਾਲੇ ਰੇਡੀਓ ਸਨਮਾਨਿਤ

**ਜੋਹਾਨਸਬਰਗ:** ਦੱਖਣੀ ਅਫ਼ਰੀਕਾ 'ਚ ਭਾਰਤੀ ਭਾਈਚਾਰੇ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ 4 ਰੇਡੀਓ ਸਟੇਸ਼ਨਾਂ ਨੂੰ ਆਪਣੇ ਕੰਮ ਦੇ ਜ਼ਰੀਏ ਭਾਰਤੀ ਸੱਭਿਆਚਾਰ ਤੇ ਵਿਰਾਸਤ ਨੂੰ ਬਹਾਲ ਕਰਨ ਤੇ ਵਧਾਉਣ 'ਚ ਮਹੱਤਵਪੂਰਨ ਯੋਗਦਾਨ ਪਾਉਣ ਲਈ 'ਵਿਸ਼ੇਸ਼ ਮਾਨਤਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਦੱਖਣੀ ਭਾਰਤੀ ਭਾਈਚਾਰੇ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲਾ ਸਾਊਥਸਾਈਡ ਐਫ.ਐਮ. ਈਸਟਵੇਵ ਐਫ.ਐਮ., ਪਹਿਲਾ ਭਾਰਤੀ ਕਮਿਊਨਿਟੀ ਰੇਡੀਓ ਸਟੇਸ਼ਨ; ਦੱਖਣੀ ਅਫ਼ਰੀਕਾ ਦੇ ਹਿੰਦੀ ਸਿੱਖਿਆ ਸੰਘ ਵਲੋਂ ਚਲਾਇਆ ਜਾ ਰਿਹਾ 'ਹਿੰਦਵਾਨੀ' ਤੇ ਦੱਖਣੀ ਅਫ਼ਰੀਕਾ ਦਾ ਇਕ ਰਾਸ਼ਟਰੀ ਰੇਡੀਓ ਸਟੇਸ਼ਨ ਲੋਟਸ ਐਫ.ਐਮ. ਨੂੰ ਇੱਥੇ 3 ਦਿਨਾਂ ਭਾਰਤੀ ਫ਼ਿਲਮ ਫੈਸਟੀਵਲ ਸਾਊਥ ਅਫ਼ਰੀਕਾ 25 ਦੀ ਸ਼ੁਰੂਆਤ 'ਚ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

# ਸਿੰਘ ਸਾਹਿਬਾਨ ਨੂੰ ਹਟਾਉਣ ਦੇ ਫ਼ੈਸਲੇ ਦਾ ਮਜੀਠੀਆ ਵਲੋਂ ਵਿਰੋਧ

**ਚੰਡੀਗੜ੍ਹ:** ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦਿਆਂ ਤੋਂ ਫ਼ਾਰਗ ਕਰਨ ਦੇ ਫ਼ੈਸਲੇ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਆਗੂਆਂ ਵਲੋਂ ਵਿਰੋਧ ਦਰਜ ਕਰਵਾ ਦਿੱਤਾ ਗਿਆ ਹੈ। ਬਿਕਰਮ ਸਿੰਘ ਮਜੀਠੀਆ ਵਲੋਂ ਸਾਬਕਾ ਕੈਬਨਿਟ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਕੋਰ ਕਮੇਟੀ ਮੈਂਬਰ ਲਖਬੀਰ ਸਿੰਘ ਲੋਧੀ ਨੰਗਲ, ਹਲਕਾ ਇੰਚਾਰਜ ਅਜਨਾਲਾ ਜੋਧ ਸਿੰਘ ਸਮਰਾ, ਹਲਕਾ ਇੰਚਾਰਜ ਮੁਕੇਰੀਆ ਸਰਬਜੋਤ ਸਿੰਘ ਸਾਬੀ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਰਮਨਦੀਪ ਸਿੰਘ ਸੰਧੂ ਅਤੇ ਯੂਥ ਅਕਾਲੀ ਦਲ ਦੇ ਆਗੂ ਸਿਮਰਨਜੀਤ ਸਿੰਘ ਢਿੱਲੋਂ ਸਮੇਤ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਨਾਲ ਅਸਹਿਮਤੀ ਜਤਾਈ ਗਈ ਹੈ। ਬਿਕਰਮ ਸਿੰਘ ਮਜੀਠੀਆ ਅਤੇ ਹੋਰਨਾਂ ਆਗੂਆਂ ਵਲੋਂ ਜਾਰੀ ਕੀਤੇ ਸਾਂਝੇ ਬਿਆਨ 'ਚ ਕਿਹਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਿਸੇ ਵਿਅਕਤੀ ਵਿਸ਼ੇਸ਼ ਤੱਕ ਸੀਮਤ ਨਹੀਂ ਹੈ ਅਤੇ ਜੋ ਵੀ ਜਥੇਦਾਰ ਸਾਹਿਬਾਨ ਇਸ ਤਖ਼ਤ 'ਤੇ ਬਿਰਾਜਮਾਨ ਹਨ ਉਨ੍ਹਾਂ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਬਣਦਾ ਹੈ। ਪਿਛਲੇ ਦਿਨਾਂ ਦੇ ਘਟਨਾਕ੍ਰਮ ਕਰਕੇ ਜੋ ਕੱਲ੍ਹ ਦਾ ਫ਼ੈਸਲਾ ਅੰਤ੍ਰਿੰਗ ਕਮੇਟੀ ਨੇ ਕੀਤਾ ਹੈ ਉਸ ਨਾਲ ਸਿੱਖ ਸੰਗਤ ਅਤੇ ਸਾਡੇ ਮਨਾਂ ਨੂੰ ਬਹੁਤ ਡੂੰਘੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਹਾਂ। ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਜੋ ਘਟਨਾਕ੍ਰਮ ਵਾਪਰ ਰਹੇ ਹਨ ਉਸ ਨਾਲ ਸਾਡੇ ਮਨ ਉਦਾਸ ਹਨ। ਅੱਜ ਅਜਿਹੇ ਹਾਲਾਤ ਬਣ ਗਏ ਹਨ, ਜਿਨ੍ਹਾਂ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ। ਭਾਵੇਂ ਸੁਧਾਰ ਲਹਿਰ ਵਾਲੇ ਹੋਣ ਚਾਹੇ ਕੁੱਝ ਪੰਥਕ ਲੋਕ ਹੋਣ, ਅਸੀਂ ਸਾਰੇ ਹੀ ਇਨ੍ਹਾਂ ਹਾਲਾਤ ਤੋਂ ਪਾਸਾ ਵੱਟਦੇ ਰਹੇ ਹਾਂ। ਇਨ੍ਹਾਂ ਆਗੂਆਂ ਨੇ ਕਿਹਾ ਕਿ ਅੱਜ ਬੜੀ ਗੰਭੀਰਤਾ ਨਾਲ ਅਸੀਂ ਇਹ ਕਹਿ ਰਹੇ ਹਾਂ ਕਿ ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਸਮਝਦੇ ਹੋਏ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ (ਬ) ,ਜਿਸ ਦੀ ਸਥਾਪਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਈ ਹੋਵੇ, ਉਸ ਨੂੰ ਟੁੱਟਣ ਤੋਂ ਬਚਾਉਣਾ ਅਤੇ ਮਰਿਆਦਾ ਨੂੰ ਬਹਾਲ ਰੱਖਣਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ, ਜੋ ਹਾਲਾਤ ਪਿਛਲੇ ਦਿਨਾਂ ਤੋਂ ਚੱਲ ਰਹੇ ਹਨ ਉਸ ਵਾਸਤੇ ਅੱਗੇ ਹੋ ਕੇ ਸਾਂਝੀ ਰਾਏ ਬਣਾਉਣ ਦੀ ਲੋੜ ਹੈ। ਸਾਡੇ ਅਤੇ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਹਰ ਵਰਕਰ ਦੇ ਮਨ ਵਿਚ ਬੜੀ ਪੀੜ ਹੈ। ਜਿਸ ਨੂੰ ਮਹਿਸੂਸ ਕਰਦੇ ਹੋਏ ਅਸੀਂ ਸਮਝਦੇ ਹਾਂ ਕਿ ਇਹ ਲੀਡਰਸ਼ਿਪ ਦੀ ਆਪਸੀ ਖਿੱਚੋਤਾਣ ਕਰਕੇ ਹੋਇਆ ਹੈ।



ਅਸੀਂ ਸਾਰੇ ਅਕਾਲੀ ਦਲਾਂ ਵਾਲੇ ਅਤੇ ਸੁਧਾਰ ਲਹਿਰ ਵਾਲੇ ਇੱਕੋ ਪਰਿਵਾਰ ਵਿਚ ਰਹਿ ਕੇ ਪਾਰਟੀ ਦਾ ਕੰਮ ਕਰਦੇ ਹਾਂ, ਪਰ ਅੱਜ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਆਪਸੀ ਖਿੱਚੋਤਾਣ ਕਰਕੇ ਹੀ ਇਹ ਸਭ ਕੁੱਝ ਵਾਪਰਿਆ ਹੈ। ਜਿਸ ਨਾਲ ਪੰਥ ਵਿਰੋਧੀ ਸ਼ਕਤੀਆਂ ਨੂੰ ਬਲ ਮਿਲਿਆ ਹੈ ਅਤੇ ਪੰਥਕ ਏਕਤਾ ਦੇ ਨਾਲ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਢਾਹ ਲੱਗੀ ਹੈ। ਜਿਸ 'ਤੇ ਗੰਭੀਰ ਚਿੰਤਨ ਕਰਨ ਦੀ ਲੋੜ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਅਸੀਂ ਅੱਜ ਵੀ ਅਪੀਲ ਕਰਦੇ ਹਾਂ ਕਿ ਆਪਸੀ ਮਤਭੇਦ ਅਤੇ ਰੰਜਿਸ਼ਾਂ ਭੁਲਾ ਕੇ ਦਰਿਆ ਦਿਲੀ ਦਿਖਾਉਂਦੇ ਹੋਏ ਪਾਰਟੀ ਲਈ ਦਿੱਤੀਆਂ ਪਰਿਵਾਰਾਂ ਦੀਆਂ ਕੁਰਬਾਨੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਤੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਰ ਵਰਕਰ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ। ਸਾਨੂੰ ਸਾਰਿਆਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਅਤੇ ਪੰਥ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਇਸ ਫ਼ੈਸਲੇ ਮਗਰੋਂ ਬੀਤੇ ਦਿਨਾਂ ਤੋਂ ਹੀ ਸੁਧਾਰ ਲਹਿਰ ਦੇ ਆਗੂਆਂ ਵਲੋਂ ਵੱਡੇ ਪੱਧਰ 'ਤੇ ਵਿਰੋਧ ਜਤਾਇਆ ਗਿਆ ਹੈ। ਹੁਣ ਖ਼ਾਸ ਤੌਰ 'ਤੇ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਸ ਫ਼ੈਸਲੇ ਖ਼ਿਲਾਫ਼ ਆਵਾਜ਼ ਚੁੱਕਣ ਨਾਲ ਅਕਾਲੀ ਦਲ ਵਿਚ ਵੱਡੇ ਪੱਧਰ 'ਤੇ ਬਗ਼ਾਵਤ ਦੇ ਸੰਕੇਤ ਮਿਲ ਰਹੇ ਹਨ।

## ਮਜੀਠੀਆ ਵਲੋਂ ਦਿੱਤੇ ਬਿਆਨ ਨੇ ਪਹੁੰਚਾਈ ਭਾਰੀ ਠੇਸ: ਭੂੰਦੜ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਫ਼ਾਰਗ ਕਰਨ ਦੇ ਕੀਤੇ ਵਿਰੋਧ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ ਦੇ ਨਾਲ ਹੋਰ ਕਈ ਅਕਾਲੀ ਆਗੂਆਂ ਵਲੋਂ ਜਾਰੀ ਬਿਆਨ ਨੇ ਮੇਰੇ ਵਰਗੇ ਪਾਰਟੀ ਅੰਦਰ ਸਭ ਤੋਂ ਬਜ਼ੁਰਗ ਤੇ ਸੀਨੀਅਰ ਆਗੂ ਨੂੰ ਭਾਰੀ ਠੇਸ ਪਹੁੰਚਾਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੇ ਉਸ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ 'ਤੇ ਸਵਾਲ ਚੁੱਕ ਕੇ ਗ਼ਲਤ ਕੀਤਾ ਹੈ ਜਿਸ ਕਮੇਟੀ ਦੇ ਪਹਿਲੇ ਪ੍ਰਧਾਨ ਉਸਦੇ ਪੜਦਾਦਾ ਸਤਿਕਾਰਯੋਗ ਸ. ਸੁੰਦਰ ਸਿੰਘ ਮਜੀਠੀਆ ਬਣੇ ਸਨ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਸਿੰਘ ਸਾਹਿਬਾਨ ਸੰਬੰਧੀ ਫ਼ੈਸਲਾ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਲਿਆ ਗਿਆ ਹੈ। ਪਿਛਲੇ ਸਮੇਂ ਤੋਂ ਸਿੱਖ ਸਿਆਸਤ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਜਿਸ ਭੰਬਲਭੂਸੇ 'ਚੋਂ ਲੰਘਣਾ ਪੈ ਰਿਹਾ ਉਸ ਲਈ ਕੌਣ ਕੌਣ ਜ਼ਿੰਮੇਵਾਰ ਹੈ ਉਸ ਬਾਰੇ ਬਿਕਰਮ ਸਿੰਘ ਮਜੀਠੀਆ ਚੰਗੀ ਤਰ੍ਹਾਂ ਜਾਣਦੇ ਹਨ। ਬਿਕਰਮ ਸਿੰਘ ਮਜੀਠੀਆ ਨੂੰ ਬੀਬੀ ਹਰਸਿਮਰਤ ਕੌਰ ਬਾਦਲ ਨੇ ਬਚਪਨ ਤੋਂ ਪਾਲਿਆ ਤੇ ਬਾਦਲ ਪਰਿਵਾਰ ਦਾ ਹਿੱਸਾ ਹੋਣ ਕਰਕੇ ਵੱਡੇ ਮਾਣ ਦਿਵਾਏ। ਸੁਖਬੀਰ ਸਿੰਘ ਬਾਦਲ ਨੇ ਮਜੀਠੀਆ ਦੀ ਔਖੇ ਸਮੇਂ ਡਟ ਕੇ ਪਿੱਠ ਮਜ਼ਬੂਤ ਕੀਤੀ, ਪਰ ਅੱਜ ਅਕਾਲੀ ਦਲ ਤੇ ਸੁਖਬੀਰ ਸਿੰਘ ਬਾਦਲ ਉੱਪਰ ਆਏ ਔਖੇ ਸਮੇਂ ਬਿਕਰਮ ਸਿੰਘ ਮਜੀਠੀਆ ਨੇ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਮੈਂ ਫਿਰ ਬਿਕਰਮ ਸਿੰਘ ਮਜੀਠੀਆ ਦੇ ਇਸ ਕਦਮ ਨੂੰ ਗ਼ਲਤ ਕਰਾਰ ਦਿੰਦਾ ਹੋਇਆ ਸਲਾਹ ਦਿੰਦਾ ਹਾਂ ਕਿ ਵਿਰੋਧੀਆਂ ਦੀ ਸਾਜ਼ਿਸ਼ ਦਾ ਹਿੱਸਾ ਬਣਨ ਦੀ ਥਾਂ ਆਓ ਰਲਕੇ ਇਨ੍ਹਾਂ ਸਾਜ਼ਿਸ਼ਾਂ ਦਾ ਮੁਕਾਬਲਾ ਕਰੀਏ। ਭੂੰਦੜ ਨੇ ਸਪਸ਼ਟ ਕੀਤਾ ਕਿ ਪਾਰਟੀ ਦੇ ਅੰਦਰ ਹਰ ਇਕ ਆਗੂ ਤੇ ਵਰਕਰ ਨੂੰ ਆਪਣੇ ਵਿਚਾਰ ਰੱਖਣ ਦਾ ਪੂਰਾ ਅਧਿਕਾਰ ਹੈ।

## ਅਕਾਲ ਪੁਰਖ ਨੇ ਜਿੰਨੀ ਸੇਵਾ ਲਈ ਹੈ, ਉਹ ਪ੍ਰਵਾਨ ਕਰਨ



*ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰੀ ਤੋਂ ਸੇਵਾ ਮੁਕਤ ਹੋਏ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਅਕਾਲ ਪੁਰਖ ਨੇ ਜਿੰਨੀ ਸੇਵਾ ਲਈ ਹੈ, ਉਹ ਪ੍ਰਵਾਨ ਕਰਨ, ਉਨ੍ਹਾਂ ਜਿੰਨੀ ਸੇਵਾ ਕੀਤੀ ਉਸ ਤੋਂ ਸੰਤੁਸ਼ਟ ਹਨ।*

*ਸੇਵਾ ਮੁਕਤ ਹੋਣ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਪਹੁੰਚੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੇਵਾ ਦੌਰਾਨ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ ਲਈ ਵਾਹਿਗੁਰੂ ਪਾਸੋਂ ਮਾਫੀ ਮੰਗਦਾ ਹਾਂ।*

*ਦੱਸਣਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੱਜੋਂ ਸੇਵਾ ਪਹਿਲਾਂ ਦੀ ਤਰ੍ਹਾਂ ਹੀ ਨਿਭਾਉਣਗੇ।*

## ਪਟਿਆਲਾ ਦੇ ਦਰਜਨਾਂ ਯੂਥ ਅਕਾਲੀ ਦਲ ਦੇ ਆਗੂਆਂ ਨੇ ਦਿੱਤੇ ਅਸਤੀਫ਼ੇ



**ਪਟਿਆਲਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਹਿਬਾਨ ਨੂੰ ਹਟਾਏ ਜਾਣ ਦੇ ਰੋਸ ਵਜੋਂ ਅੱਜ ਪਟਿਆਲਾ ਜ਼ਿਲ੍ਹੇ ਵਿਚ ਯੂਥ ਅਕਾਲੀ ਦਲ ਦੇ ਆਗੂਆਂ ਵੱਲੋਂ ਵੱਡੀ ਸੰਖਿਆ ਵਿਚ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਗਏ ਹਨ। ਜਿਹੜੇ ਆਗੂਆਂ ਨੇ ਅਸਤੀਫੇ ਦਿੱਤੇ ਹਨ, ਉਨ੍ਹਾਂ 'ਚ ਪਟਿਆਲਾ ਦਿਹਾਤੀ ਦੇ ਪ੍ਰਧਾਨ ਧਰਮਿੰਦਰ ਸਿੰਘ ਭੋਜੋਮਾਜਰੀ, ਯੂਥ ਅਕਾਲੀ ਦਲ ਦੇ ਕੋਰ ਕਮੇਟੀ ਦੇ ਮੈਂਬਰ ਸਤਨਾਮ ਸਿੰਘ ਸੱਤਾ, ਇੰਦਰਜੀਤ ਸਿੰਘ ਰੱਖੜਾ ਮੈਂਬਰ ਕੋਰ ਕਮੇਟੀ ਯੂਥ ਵਿੰਗ ਪੰਜਾਬ, ਜਤਿੰਦਰ ਸਿੰਘ ਪਹਾੜੀਪੁਰ ਮੈਂਬਰ ਕੌਰ ਕਮੇਟੀ ਯੂਥ ਵਿੰਗ ਪੰਜਾਬ, ਜਸਪਿੰਦਰ ਸਿੰਘ ਰੰਧਾਵਾ ਜਨਰਲ ਸਕੱਤਰ ਯੂਥ ਵਿੰਗ ਪੰਜਾਬ, ਅਕਾਸ਼ਦੀਪ ਸਿੰਘ ਨੌਰੰਗਵਾਲ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ, ਫੱਤਾ ਨੰਦਗੜ੍ਹ ਸੀਨੀਅਰ ਮੀਤ ਪ੍ਰਧਾਨ ਪੰਜਾਬ, ਗੁਰਬੀਰ ਸਿੰਘ ਪੂਨੀਆ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ, ਰਵੀ ਪੂਨੀਆ ਜਨਰਲ ਸਕੱਤਰ ਯੂਥ ਵਿੰਗ ਪੰਜਾਬ, ਤਰਲੋਕ ਸਿੰਘ ਹਾਜੀਪੁਰ ਸੀਨੀਅਰ ਮੀਤ ਪ੍ਰਧਾਨ ਯੂਥ ਵਿੰਗ ਪੰਜਾਬ, ਹਰਪਿੰਦਰ ਐਚ.ਪੀ ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ, ਤਰਲੋਕ ਸਿੰਘ ਹਾਜੀਪੁਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ, ਹਰਚੰਦ ਸਿੰਘ ਭੁਨਰਹੇੜੀ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ, ਦੀਦਾਰ ਸਿੰਘ ਬੋਸਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ।

## ਇਨ੍ਹਾਂ ਦੇ ਘਰ ਦਾ ਨਹੀਂ, ਛੇਵੇਂ ਗੁਰੂ ਦਾ ਸਾਜਿਆ ਤਖ਼ਤ ਹੈ: ਮੁੱਖ ਮੰਤਰੀ



**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਹਟਾਉਣ ਨੂੰ ਲੈ ਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ 'ਨਾ ਘਸੁੰਨ ਮਾਰਦਾ, ਨਾ ਲੱਤ ਮਾਰਦਾ, ਰੱਬ ਜਦੋਂ ਮਾਰਦਾ ਤਾਂ ਮਤ ਮਾਰਦਾ'।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਨ੍ਹਾਂ ਦੇ ਘਰ ਦਾ ਨਹੀਂ ਬਲਕਿ ਛੇਵੇਂ ਗੁਰੂ ਦਾ ਤਖ਼ਤ ਹੈ ਅਤੇ ਇਹ ਕੋਈ ਛੋਟਾ-ਮੋਟਾ ਤਖ਼ਤ ਨਹੀਂ ਹੈ, ਜਿਸ ਦੇ ਜਥੇਦਾਰਾਂ ਨੂੰ ਇਹ ਆਪਣੀ ਜੇਬਾਂ ਵਿਚ ਲਈ ਘੁੰਮਦੇ ਹਨ। ਜਥੇਦਾਰਾਂ ਨੂੰ ਹਟਾਉਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਬਾਦਲ ਦਾ ਨਾਂ ਲਏ ਬਿਨਾਂ ਸੀਐੱਮ ਮਾਨ ਨੇ ਕਿਹਾ ਕਿ ਹੋਣਾ ਤਾਂ ਇਹ ਚਾਹੀਦਾ ਸੀ ਕਿ ਸਿਆਸਤ ਧਰਮ ਤੋਂ ਸਿੱਖਿਆ ਲੈਂਦੀ ਪਰ ਹੁਣ ਇਹ ਲੱਗਾ ਹੈ ਕਿ ਸਿਆਸਤ ਧਰਮ ਨੂੰ ਸਿੱਖਿਆ ਦੇਣ ਲੱਗੀ ਹੈ ਅਤੇ ਜਦੋਂ ਤੋਂ ਅਜਿਹਾ ਹੋਇਆ ਹੈ, ਉਦੋਂ ਤੋਂ ਇਨ੍ਹਾਂ ਦਾ ਇਹ ਹਾਲ ਹੋ ਗਿਆ ਹੈ। ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਨਾ ਹੋਣ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਐੱਸਜੀਪੀਸੀ ਦੀ ਜਿਸ ਅੰਤਰਿੰਗ ਕਮੇਟੀ ਨੇ ਜਥੇਦਾਰਾਂ ਨੂੰ ਹਟਾਉਣ ਦਾ ਫ਼ੈਸਲਾ ਲਿਆ ਹੈ, ਉਹ ਖ਼ੁਦ ਤਾਂ ਵੈਲਿਡ ਹੋ ਜਾਵੇ।

## ਭਾਰਤ ਨੇ ਟੋਟਾ ਚੌਲਾਂ 'ਤੇ ਬਰਾਮਦ ਦੀ ਪਾਬੰਦੀ ਹਟਾਈ



**ਨਵੀਂ ਦਿੱਲੀ:** ਸਰਕਾਰ ਨੇ ਸ਼ਿਪਮੈਂਟ ਨੂੰ ਉਤਸ਼ਾਹਿਤ ਕਰਨ ਲਈ ਟੁਕੜਾ ਚੌਲਾਂ 'ਤੇ ਬਰਾਮਦ ਪਾਬੰਦੀ ਹਟਾ ਦਿੱਤੀ ਹੈ। ਇਹ ਪਾਬੰਦੀ ਸਤੰਬਰ 2022 'ਚ ਲਗਾਈ ਗਈ ਸੀ। ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਨੇ ਇਕ ਅਧਿਕਾਰਤ ਨੋਟੀਫਿਕੇਸ਼ਨ 'ਚ ਇਸ ਦੀ ਜਾਣਕਾਰੀ ਦਿੱਤੀ। ਕਾਰੋਬਾਰੀਆਂ ਨੇ ਪਹਿਲਾਂ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਵਸਤੂਆਂ 'ਚ ਵਾਧੇ ਕਾਰਨ ਸ਼ਿਪਮੈਂਟ ਦੀ ਆਗਿਆ ਦਿੱਤੀ ਜਾਵੇ। ਪਿਛਲੇ ਸਾਲ ਸਰਕਾਰ ਨੇ ਗੈਰ-ਬਾਸਮਤੀ ਚਿੱਟੇ ਚੌਲਾਂ ਦੀ ਵਿਦੇਸ਼ੀ ਸ਼ਿਪਮੈਂਟ 'ਤੇ ਪ੍ਰਤੀ ਟਨ 490 ਅਮਰੀਕੀ ਡਾਲਰ ਦੀ ਘੱਟੋ-ਘੱਟ ਬਰਾਮਦ ਕੀਮਤ (ਐਮ.ਈ.ਪੀ.) ਹਟਾ ਦਿੱਤੀ ਸੀ ਤੇ ਇਸ ਕਿਸਮ ਦੀ ਸ਼ਿਪਮੈਂਟ 'ਤੇ ਪੂਰੀ ਪਾਬੰਦੀ ਵਾਪਸ ਲੈ ਲਈ ਸੀ। ਇਹ ਉਪਾਅ ਉਸ ਸਮੇਂ ਆਏ ਜਦੋਂ ਦੇਸ਼ ਦੇ ਸਰਕਾਰੀ ਗੋਦਾਮਾਂ 'ਚ ਚੌਲਾਂ ਦਾ ਕਾਫ਼ੀ ਭੰਡਾਰ ਹੈ ਅਤੇ ਪ੍ਰਚੂਨ ਕੀਮਤਾਂ ਵੀ ਨਿਯੰਤਰਣ 'ਚ ਹਨ।

## ਪਾਰਲੀਮੈਂਟਰੀ ਬੋਰਡ ਅਤੇ ਚੋਣ ਅਬਜ਼ਰਵਰ ਦੀ ਮੀਟਿੰਗ 17 ਨੂੰ: ਡਾ. ਚੀਮਾ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਮੁੱਖ ਦਫਤਰ ਚੰਡੀਗੜ੍ਹ ਵਿਚ ਹੋਣ ਵਾਲੀ ਪਾਰਲੀਮੈਂਟਰੀ ਬੋਰਡ ਅਤੇ ਚੋਣ ਅਬਜਰਵਰ ਦੀ ਮੀਟਿੰਗ ਨੂੰ 17 ਮਾਰਚ ਨੂੰ ਦੁਪਹਿਰ 12 ਵਜੇ ਨੀਅਤ ਕਰ ਦਿੱਤਾ ਹੈ। ਇਸ ਬਾਰੇ ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਮੀਟਿੰਗ ਹੋਲੇ ਮਹੱਲੇ ਤੋਂ ਬਾਅਦ 17 ਮਾਰਚ ਨੂੰ ਦੁਪਿਹਰ 12 ਪਾਰਟੀ ਦੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਹੋਵੇਗੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਦਸਤਾਰਬੰਦੀ ਨੂੰ 'ਖਾਲਸਾ ਪੰਥ' ਪ੍ਰਵਾਨ ਨਹੀਂ ਕਰਦਾ: ਬਾਬਾ ਬਲਬੀਰ ਸਿੰਘ

**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਨਵ-ਨਿਯੁਕਤ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਦਸਤਾਰਬੰਦੀ ਨੂੰ ਪੰਥ ਕਦੇ ਵੀ ਪ੍ਰਵਾਨ ਨਹੀਂ ਕਰਦਾ ਨਾ ਕਰੇਗਾ। ਜਥੇਦਾਰ ਨੇ ਕਿਹਾ ਕਿ ਤਖ਼ਤ ਸਾਹਿਬਾਨ 'ਤੇ ਲਗਾਏ ਜਾਂਦੇ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਤੋਂ ਬਾਅਦ ਪੰਥਕ ਦਸਤਾਰਬੰਦੀ ਹਮੇਸ਼ਾ ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਦਲ ਪੰਥ ਜਥੇਬੰਦੀਆਂ, ਪੰਥਕ ਸਖਸ਼ੀਅਤਾਂ, ਸਭਾ ਸੁਸਾਇਟੀਆਂ, ਸਿੰਘ ਸਭਾਵਾਂ ਅਤੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਦਸਤਾਰ ਸਿਰੋਪਾਓ ਭੇਟ ਕੀਤੀ ਜਾਂਦੀ ਹੈ ਪਰ ਇਸ ਵਾਰ ਮਰਿਆਦਾ ਦੀ ਉਲੰਘਣਾ ਕਰ ਕੇ ਗੁਪਤ ਤਰੀਕੇ ਨਾਲ ਇੱਕ ਦੋ ਮੁਲਾਜ਼ਮਾਂ ਵੱਲੋਂ ਦਸਤਾਰ ਭੇਟ ਕੀਤੀ ਗਈ ਹੈ, ਜਿਸ ਨੂੰ 'ਪੰਥਕ ਦਸਤਾਰਬੰਦੀ' ਦੇ ਤੌਰ 'ਤੇ ਨਹੀਂ ਵੇਖਿਆ ਜਾ ਸਕਦਾ ਤੇ ਨਾ ਇਸ ਨੂੰ ਖਾਲਸਾ ਪੰਥ ਪ੍ਰਵਾਨ ਕਰਦਾ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਵੱਲੋਂ ਜਾਰੀ ਇੱਕ ਲਿਖਤੀ ਪ੍ਰੈੱਸ ਬਿਆਨ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਸਮੇਤ ਬਾਬਾ ਬਿਧੀਚੰਦ ਸਾਹਿਬ ਤਰਨਾ ਦਲ ਸੁਰ ਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਦੀਪ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਤਰਨਾ ਦਲ ਹਰੀਆਂ ਬੇਲਾਂ ਵੱਲੋਂ ਬਾਬਾ ਨਾਗਰ ਸਿੰਘ, ਦਸਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ, ਬਾਬਾ ਰਾਜਾਰਾਜ ਸਿੰਘ ਅਰਬਾਂ ਖਰਬਾਂ, ਬਾਬਾ ,ਕੁਲਵਿੰਦਰ ਸਿੰਘ ਚੌਤਾਂ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਬਲਵਿੰਦਰ ਸਿੰਘ ਉਡਣਾ ਦਲ ਮੋਇਆਂ ਦੀ ਮੰਡੀ, ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ ਮਹਿਤਾ ਚੌਕ, ਬਾਬਾ ਗੁਰਪਿੰਦਰ ਸਿੰਘ ਵਡਾਲਾ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਨੇ ਇਕ ਸੁਰ ਹੋ ਕੇ ਗੁਰਮਤਾ ਕਰ ਕੇ ਨਵ-ਨਿਯੁਕਤ ਜਥੇਦਾਰ ਦੀ ਨਿਯੁਕਤੀ ਦਾ ਵਿਰੋਧ ਕਰਦਿਆ ਦਸਤਾਰਬੰਦੀ ਰੋਕਣ ਦਾ ਅਲਟੀਮੇਟਮ ਦਿੱਤਾ ਸੀ ਪਰ ਪੰਥਕ ਪ੍ਰੰਪਰਾਵਾਂ ਦਾ ਘਾਣ ਕਰ ਕੇ ਜੋ ਕੁਝ ਵੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਸਤਾਰਬੰਦੀ ਕੀਤੀ ਗਈ ਹੈ ਉਹ ਬਰਦਾਸ਼ਤਯੋਗ ਨਹੀਂ ਹੈ।



## ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ...

*(ਪਹਿਲੇ ਸਫ਼ੇ ਦੀ ਬਾਕੀ)*

ਹੋਣ ਦਿੱਤੀ ਜਾਵੇਗੀ। ਵਿਰੋਧ ਦੇ ਡਰੋਂ ਜਥੇਦਾਰ ਨੂੰ ਅੱਧੀ ਰਾਤ ਨੂੰ ਸੇਵਾ ਸੌਂਪੀ। ਇਸੇ ਵਿਵਾਦ ਦੇ ਚੱਲਦਿਆਂ ਸੋਮਵਾਰ ਤੜਕੇ 2.50 ਵਜੇ ਕੁਲਦੀਪ ਸਿੰਘ ਗੜਗੱਜ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਸੇਵਾ ਸੰਭਾਲ ਦਿਤੀ ਗਈ। ਇਹ ਪਹਿਲੀ ਵਾਰ ਸੀ ਕਿ ਕਿਸੇ ਜਥੇਦਾਰ ਨੂੰ ਸੇਵਾ ਸੌਂਪਣ ਦੀ ਰਸਮ ਤਖ਼ਤ ਸਾਹਿਬ 'ਤੇ ਨਾ ਹੋ ਕੇ ਤਖ਼ਤ ਸਾਹਿਬ ਦੇ ਥੱਲੇ ਚੱਲ ਰਹੇ ਅਖੰਡ ਪਾਠ ਸਾਹਿਬ ਦੌਰਾਨ ਗੁਰੂ ਸਾਹਿਬ ਦੀ ਹਾਜ਼ਰੀ 'ਚ ਹੋਈ। ਪੰਜਾ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਦਸਤਾਰ ਤੇ ਸਿਰੋਪਾਓ ਭੇਟ ਕੀਤਾ।



ਇਸ ਤੋਂ ਬਾਅਦ ਉਨ੍ਹਾਂ ਤਖ਼ਤ ਸਾਹਿਬ 'ਤੇ ਜਾ ਕੇ ਮੱਥਾ ਟੇਕਿਆ। ਰਵਾਇਤ ਮੁਤਾਬਕ ਸੇਵ ਸੰਭਾਲ ਤੋਂ ਪਹਿਲਾਂ ਇਕ ਵੱਡਾ ਸਮਾਗਮ ਕਰਵਾਇਆ ਜਾਂਦਾ ਹੈ ਜਿਸ 'ਚ ਨਿਹੰਗ ਜਥੇਬੰਦੀਆਂ, ਟਕਸਾਲੀ ਜਥੇਬੰਦੀਆਂ, ਸੰਤ ਸਮਾਜ ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਸਿੱਖ ਜਥੇਬੰਦੀਆਂ ਇਸ ਸਮਾਗਮ 'ਚ ਸ਼ਮੂਹਲੀਅਤ ਕਰਦੀਆਂ ਹਨ ਤੇ ਬਾਕਾਇਦਾ ਕੀਰਤਨ ਸਮਾਗਮ ਹੁੰਦੇ ਹਨ। ਉਸ ਤੋਂ ਬਾਅਦ ਜਥੇਦਾਰ ਨੂੰ ਸੇਵਾ ਸੌਂਪੀ ਜਾਂਦੀ ਹੈ। ਇਸ 'ਚ ਹਾਜ਼ਰ ਜਥੇਬੰਦੀਆਂ ਵੱਲੋਂ ਸਿੰਘ ਸਾਹਿਬ ਨੂੰ ਦਸਤਾਰਾਂ ਭੇਟ ਕੀਤੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਅਕਾਲੀ ਆਗੂ ਸੁੱਚਾ ਸਿੰਘ ਲੰਗਾਹ, ਸ਼ੇਰ ਸਿਘ ਮੰਡ ਜਨਰਲ ਸਕੱਤਰ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ, ਐਗਜੈਕਟਿਵ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਆਦਿ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਰਚ ਰਹੀਆਂ ਹਨ ਜਿਨ੍ਹਾਂ ਨੂੰ ਸਮਝਣ ਤੇ ਉਸ ਤੋਂ ਬਚਣ ਦੀ ਲੋੜ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਵੇਰੇ 10 ਵਜੇ ਦਾ ਸਮਾ ਦੇ ਕੇ ਤੁਸੀਂ ਤੜਕਸਾਰ 2.50 ਵਜੇ ਸੇਵਾ ਕਿਉਂ ਸੌਂਪੀ ਤਾਂ ਉਹ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇ ਸਕੇ। ਉਨ੍ਹਾਂ ਕਿਹਾ ਕਿ ਹੋਲੇ ਮਹੱਲੇ ਮੌਕੇ ਦਿਨ ਸਮੇ ਸੰਗਤ ਦਾ ਰਸ਼ ਹੁੰਦਾ ਹੈ ਜਿਸ ਕਰਕੇ ਤੜਕਸਾਰ ਇਹ ਸੇਵਾ ਸੌਂਪੀ ਗਈ। ਇਸ ਮੌਕੇ ਨਿਹੰਗ ਸਿੰਘਾਂ ਜਾਂ ਹੋਰ ਸਿੱਖ ਜਥੇਬੰਦੀਆਂ ਦੀ ਗ਼ੈਰਹਾਜ਼ਰੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਬਸ ਏਨਾ ਹੀ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਪੰਜ ਪਿਆਰਿਆਂ ਨੇ ਇਹ ਸੇਵਾ ਸੌਂਪੀ ਹੈ। ਇਸ ਨਿਯੁਕਤੀ ਦਾ ਵਿਰੋਧ ਕੀਤੇ ਜਾਣ ਸਬੰਧੀ ਸਵਾਲ ਦੇ ਜਵਾਬ 'ਚ ਉਨ੍ਹਾਂ 'ਸਾਰੀਆਂ ਜਥੇਬੰਦੀਆਂ ਤੇ ਮੀਡੀਆ ਨੂੰ ਸਾਡੇ ਨਾਲ ਸਹਿਯੋਗ ਕਰੋ ਕਹਿ ਕੇ ਟਾਲ ਦਿੱਤਾ। ਜਦੋਂ ਉਨ੍ਹਾਂ ਨੂੰ ਨੂੰ ਪੁੱਛਿਆ ਗਿਆ ਕਿ ਹੋਰ ਤਾਂ ਹੋਰ ਬਿਕਰਮ ਸਿੰਘ ਮਜੀਠਿਆ ਨੇ ਵੀ ਇਸ ਤਰਾਂ ਨਿਯੁਕਤੀ ਦਾ ਵਿਰੋਧ ਕੀਤਾ ਹੈ ਤਾਂ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਪਹਿਲਾਂ ਵੀ ਅਕਾਲੀ ਦਲ ਵਿਚ ਬਗਾਵਤਾਂ ਹੁੰਦੀਆਂ ਰਹੀਆਂ ਹਨ ਪਰ ਬਾਅਦ ਵਿਚ ਸਾਰੇ ਆਪੇ ਵਾਪਸ ਆ ਜਾਂਦੇ ਹਨ। ਆਗੂਆਂ ਨੇ ਕਿ ਕਿ ਕਈ ਵਾਰ ਸਮੇਂ ਦੇ ਹਾਲਾਤ ਅਜਿਹੇ ਹੁੰਦੇ ਹਨ ਕਿ ਅਜਿਹੇ ਫ਼ੈਸਲੇ ਲੈਣੇ ਪੈਂਦੇ ਹਨ,ਅਸੀਂ ਜਿੰਮੇਵਾਰੀ ਨਾਲ ਸੇਵਾ ਨਿਭਾ ਰਹੇ ਹਾਂ। ਕਾਰਜਕਾਰੀ ਕਾਰਜਭਾਰ ਸੰਭਾਲਣ ਤੋਂ ਬਾਅਦ ਮਰਿਆਦਾ ਮੁਤਾਬਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਵੀ ਨਤਮਸਤਕ ਹੋਏ। ਇਸ ਤੋਂ ਇਲਾਵਾ ਉਹ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਪੁੱਜੇ ਜਿੱਥੇ ਉਨ੍ਹਾਂ ਨੇ ਬਰਤਨ ਧੋਣ ਦੀ ਸੇਵਾ ਕੀਤੀ। ਇਸ ਤਰ੍ਹਾਂ 14 ਘੰਟੇ ਦੇ ਅੰਦਰ ਦੋਹਾਂ ਤਖਤਾਂ 'ਤੇ ਬਿਨਾਂ ਸਮਾਗਮ ਕੀਤੇ ਜਥੇਦਾਰ ਨੂੰ ਸੇਵਾ ਸੌਂਪੀ ਗਈ ਜੋ ਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ।

## 'ਜਦੋਂ ਪੰਥ ਵਿਹਲਾ ਹੁੰਦਾ ਹੈ ਤਾਂ ਆਪਸ 'ਚ ਲੜ ਲੈਂਦੈ'

ਕੁਝ ਸਿੱਖ ਜਥੇਬੰਦੀਆਂ ਵੱਲੋਂ ਨਿਯੁਕਤੀ ਦਾ ਵਿਰੋਧ ਕੀਤੇ ਜਾਣ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਾਡਾ ਪੰਥ ਇਕ ਹੈ ਤੇ ਪੰਥ ਹਮੇਸ਼ਾ ਹੀ ਵਿਰੋਧੀਆਂ ਦਾ ਡਟ ਕੇ ਮੁਕਾਬਲਾ ਕਰਦਾ ਹੈ। ਜਦੋਂ ਪੰਥ ਵਿਹਲਾ ਹੁੰਦਾ ਹੈ ਤਾਂ ਉਦੋਂ ਆਪਸ 'ਚ ਲੜ ਲੈਂਦਾ ਹੈ। ਨਿਹੰਗ ਸਿੰਘ ਜਥੇਬੰਦੀਆਂ ਦੇ ਵਿਰੋਧ ਸਬੰਧੀ ਉਨ੍ਹਾਂ ਕਿਹਾ ਕਿ ਇਹ ਦਲ-ਪੰਥ ਜਥੇਬੰਦੀਆਂ ਸਾਡੀਆਂ ਆਪਣੀਆਂ ਪਰੰਪਰਾਵਾਂ ਹਨ ਤੇ ਇਨ੍ਹਾਂ ਦਾ ਸਤਿਕਾਰ ਹਮੇਸ਼ਾ ਹੀ ਰਿਹਾ ਹੈ।

## ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਮਿਲੇ: ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਕਾਰਜਭਾਰ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਦੀ ਕੇਂਦਰ ਸਰਕਾਰ ਅੱਗੇ ਪਹਿਲੀ ਮੰਗ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਨਗਰੀ ਨੂੰ ਜਿੱਥੇ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ, ਉੱਥੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਦਾ ਦਰਜਾ ਮਿਲਣਾ ਚਾਹੀਦਾ ਹੈ।

## ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ

ਬਾਬਾ ਬਲਬੀਰ ਸਿੰਘ ਨੇ ਦਸਤਾਰਬੰਦੀ ਦਾ ਮੁਕੰਮਲ ਬਾਈਕਾਟ ਕੀਤੇ ਜਾਣ ਦੀ ਗੱਲ ਕਹਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਪੰਥਕ ਮਰਿਆਦਾਵਾਂ ਦੀ ਅਣਦੇਖੀ ਤੋਂ ਬਾਅਦ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ ਅਤੇ ਧਾਰਮਕ ਸਮਾਗਮਾਂ ਵਿਚ ਸੱਦਾ ਪੱਤਰ ਨਾ ਦਿੱਤੇ ਜਾਣ ਤੇ ਜਿਥੇ ਕਿਤੇ ਵੀ ਕੁਲਦੀਪ ਸਿੰਘ ਗੜਗੱਜ ਜਾਂਦੇ ਹਨ ਉਨ੍ਹਾਂ ਦਾ ਖਾਲਸਾ ਪੰਥ ਅਤੇ ਸੰਗਤਾਂ ਤਿੱਖਾ ਵਿਰੋਧ ਕਰਨ।

(ਪਹਿਲੇ ਸਫ਼ੇ ਦਾ ਬਾਕੀ)

## ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਹੋਵੇਗਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਵਪਾਰ ਯੁੱਧ' ਅਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਉਨ੍ਹਾਂ ਦੇ ਬਿਆਨ ਤੋਂ ਕੈਨੇਡਾ ਦੇ ਲੋਕਾਂ ਵਿਚ ਬਹੁਤ ਗੁੱਸਾ ਹੈ। ਕਾਰਨੀ ਨੇ ਟਰੰਪ ਦੀ 'ਅਣਉਚਿਤ ਟੈਰਿਫ' ਲਈ ਆਲੋਚਨਾ ਕੀਤੀ ਅਤੇ ਕਿਹਾ ਕਿ ਅਮਰੀਕੀਆਂ ਨੂੰ ਇਸ ਭਰਮ ਵਿਚ ਨਹੀਂ ਰਹਿਣਾ ਚਾਹੀਦਾ ਕਿ ਕੈਨੇਡਾ ਵਪਾਰ ਯੁੱਧ ਉਸੇ ਤਰ੍ਹਾਂ ਜਿੱਤੇਗਾ ਜਿਵੇਂ ਉਹ ਹਾਕੀ ਵਿਚ ਜਿੱਤਦਾ ਹੈ। ਕਾਰਨੀ ਨੇ ਕਿਹਾ, 'ਅਮਰੀਕੀ ਸਾਡੇ ਸਰੋਤ, ਸਾਡਾ ਪਾਣੀ, ਸਾਡੀ ਜ਼ਮੀਨ, ਸਾਡਾ ਦੇਸ਼ ਖੋਹਣਾ ਚਾਹੁੰਦੇ ਹਨ। ਸਾਨੂੰ ਇਸ ਬਾਰੇ ਸੋਚਣ ਦੀ ਲੋੜ ਹੈ। ਜੇਕਰ ਉਹ ਸਫਲ ਹੋ ਜਾਂਦੇ ਹਨ, ਤਾਂ ਉਹ ਸਾਡੇ ਜੀਵਨ ਢੰਗ ਨੂੰ ਤਬਾਹ ਕਰ ਦੇਣਗੇ। ਅਮਰੀਕਾ, ਕੈਨੇਡਾ ਨਹੀਂ ਹੈ ਅਤੇ ਕੈਨੇਡਾ ਕਦੇ ਵੀ ਕਿਸੇ ਵੀ ਤਰੀਕੇ, ਸ਼ਕਲ ਜਾਂ ਰੂਪ ਵਿਚ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ।

# ਯੂਰਪੀਨ ਸਿੱਖ ਆਗੂਆਂ ਨੇ ਫ਼ੈਸਲੇ ਨੂੰ ਨਕਾਰਿਆ

**ਜਥੇਦਾਰਾਂ ਦੀ ਨਿਯੁਕਤੀ ਅਤੇ ਹਟਾਉਣ ਲਈ ਪਾਰਦਰਸ਼ੀ ਪ੍ਰਕਿਰਿਆ ਬਣਾਉਣ ਦੀ ਅਪੀਲ**

**ਅੰਮ੍ਰਿਤਸਰ:** ਯੂਰਪ ਦੇ ਗੁਰਦੁਆਰਿਆਂ ਦੇ ਆਗੂਆਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਹਟਾਉਣ 'ਤੇ ਸਖਤ ਨਿੰਦਾ ਕੀਤੀ ਹੈ। ਯੂਰਪ ਗੁਰਦੁਆਰਾ ਸਾਹਿਬ ਦੇ ਬੁਲਾਰੇ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਯੂਰਪ ਦੇ ਗੁਰਦੁਆਰਿਆਂ ਦੇ ਪ੍ਰਤਿਨਿਧੀਆਂ ਨੇ ਗੁਰਦੁਆਰਿਆਂ ਵਿਚ ਬੈਠਕਾਂ ਕਰਕੇ ਇਕ ਜੁਟ ਹੋ ਕੇ ਫੈਸਲੇ ਦੀ ਨਿੰਦਾ ਕੀਤੀ ਅਤੇ ਦੋਨੋਂ ਜਥੇਦਾਰਾਂ ਨੂੰ ਹਟਾਉਂਣ ਦੇ ਫੈਸਲੇ ਨੂੰ ਅਸਵੀਕਾਰ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਉਹ ਜਥੇਦਾਰਾਂ ਨੂੰ ਵਾਪਸ ਨਿਯੁਕਤ ਕਰੇ। ਉਨ੍ਹਾਂ ਅਪੀਲ ਕੀਤੀ ਕਿ ਜਥੇਦਾਰਾਂ ਦੀ ਨਿਯੁਕਤੀ ਅਤੇ ਹਟਾਉਣ ਲਈ ਇਕ ਪਾਰਦਰਸ਼ੀ ਪ੍ਰਕਿਰਿਆ ਬਣਾਈ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 'ਪੰਜਾਬ ਅਤੇ ਪਰਵਾਸ' ਵਿਸ਼ੇ ਉੱਤੇ ਸੈਮੀਨਾਰ







**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼ ਵਿਭਾਗ ਵਲੋਂ ਉਪ-ਕੁਲਪਤੀ ਮਾਣਯੋਗ ਪ੍ਰੋ. ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ 'ਪੰਜਾਬ ਅਤੇ ਪਰਵਾ' ਵਿਸ਼ੇ ਉੱਪਰ ਸੈਮੀਨਾਰ ਕੀਤਾ ਗਿਆ।

6 ਮਾਰਚ ਨੂੰ ਕੀਤੇ ਗਏ ਇਸ ਸੈਮੀਨਾਰ ਨੇ ਵਿਦਵਾਨਾਂ, ਨੀਤੀ-ਘਾੜਿਆਂ ਅਤੇ ਪ੍ਰਵਾਸ ਦੇ ਖੇਤਰ ਦੇ ਮਾਹਰਾਂ ਲਈ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕੀਤਾ, ਜਿਸ ਵਿੱਚ ਪੰਜਾਬ ਤੋਂ ਪ੍ਰਵਾਸ ਦੇ ਕਈ ਪਹਿਲੂਆਂ, ਉਸਦੇ ਸਮਾਜਿਕ ਤੇ ਆਰਥਿਕ ਕਾਰਨਾਂ ਅਤੇ ਨਿਰੰਤਰ ਬਦਲ ਰਹੇ ਪਰਵਾਸ ਦੇ ਰੁਝਾਨਾਂ'ਤੇ ਚਰਚਾ ਕੀਤੀ ਗਈ। ਇਸ ਸੈਮੀਨਾਰ ਦਾ ਆਗਾਜ਼ ਅਤੇ ਮੇਜ਼ਬਾਨੀ ਡਾ. ਜੀ.ਐੱਸ ਬਾਜਵਾ ਅਤੇ ਡਾ. ਜੀਨੀ ਸ਼ਰਮਾ ਨੇ ਕੀਤੀ।

ਸੈਮੀਨਾਰ ਦੀ ਸੁਰੂਆਤ ਅਗਿਆਨਤਾ ਦੂਰ ਕਰਨ ਅਤੇ ਗਿਆਨ ਦੀ ਪ੍ਰਕਾਸ਼ਤਾ ਦੇ ਪ੍ਰਤੀਕ ਵਜੋਂ ਇੱਕ ਦੀਪ ਪ੍ਰਜਵਲਨ ਸਮਾਰੋਹ ਨਾ਼ਲ ਹੋਈ। ਜਿਸ ਵਿੱਚ ਉਪ-ਕੁਲਪਤੀ ਡਾ. ਕਰਮਜੀਤ ਸਿੰਘ, ਪ੍ਰੋ. ਅੰਜਲੀ ਮਹਿਰਾ (ਸੈਮੀਨਾਰ ਦੀ ਨਿਰਦੇਸ਼ਕ), ਪ੍ਰੋ. ਬੀ.ਐੱਸ. ਘੁੰਮਣ (ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ), ਡਾ. ਗਿਆਨ ਸਿੰਘ (ਸਾਬਕਾ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਤੇ ਡਾ ਜੀ.ਐੱਸ ਬਾਜਵਾ ਨੇ ਪਰੰਪਰਾਗਤ ਤਰੀਕੇ ਨਾਲ ਦੀਪ ਪ੍ਰਜਵਲਿਤ ਕਰਕੇ ਇਸ ਸਮਾਰੋਹ ਵਿੱਚ ਭਾਗ ਲਿਆ। ਇਸ ਪ੍ਰਤੀਕਾਤਮਕ ਕਾਰਜ ਨੇ ਪਰਵਾਸ ਦੇ ਪ੍ਰਮੁੱਖ ਮੁੱਦੇ 'ਤੇ ਪ੍ਰਤੀਬਿੰਬਤ ਵਿਚਾਰ-ਵਟਾਂਦਰੇ ਲਈ ਅਨੁਕੂਲ ਮਾਹੌਲ ਸਿਰਜਿਆ।

ਇਸ ਉਪਰੰਤ ਪ੍ਰੋ. ਅੰਜਲੀ ਮਹਿਰਾ ਨੇ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਉਦਘਾਟਨ ਸੈਸ਼ਨ ਦੌਰਾਨ, ਕਈ ਪ੍ਰਭਾਵਸ਼ਾਲੀ ਭਾਸ਼ਣ ਹੋਏ, ਜਿਸ ਵਿੱਚ ਮੁੱਖ ਭਾਸ਼ਣ ਡਾ. ਗਿਆਨ ਸਿੰਘ ਨੇ ਦਿੱਤਾ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਉਪ-ਕੁਲਪਤੀ ਰਹੇ ਅਤੇ ਜਿਨ੍ਹਾਂ ਨੇ ਪ੍ਰਵਾਸ ਦੇ ਸਮਾਜਿਕ-ਆਰਥਿਕ ਪ੍ਰਭਾਵਾਂ'ਤੇ ਵਿਸ਼ੇਸ਼ ਅਤੇ ਵਿਆਪਕ ਅਧਿਐਨ ਕੀਤਾ ਹੈ। ਪ੍ਰੋ. ਬੀ.ਐੱਸ. ਘੁੰਮਣ ਅਤੇ ਡਾ. ਕਰਮਜੀਤ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਪੰਜਾਬ ਨੂੰ ਪ੍ਰਵਾਸ ਨਾ਼ਲ ਸੰਬੰਧਿਤ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਅਕਾਦਮਿਕ ਚਰਚਾ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸੈਸ਼ਨ ਦਾ ਅੰਤ ਸੈਮੀਨਾਰ ਦੇ ਆਯੋਜਕ ਸਕੱਤਰ ਡਾ. ਜੀ.ਐਸ. ਬਾਜਵਾ ਨੇ ਧੰਨਵਾਦ ਕਰਦੇ ਹੋਏ ਕੀਤਾ।



ਉਪ-ਕੁਲਪਤੀ ਡਾ. ਕਰਮਜੀਤ ਸਿੰਘ ਨੇ ਆਪਣੇ ਭਾਸ਼ਣ ਵਿੱਚ ਸਾਰੇ ਵਿਦਿਆਰਥੀਆਂ ਅਤੇ ਸ੍ਰੋਤਿਆਂ ਦੇ ਸਾਹਮਣੇ ਇੱਕ ਸੋਚਣਯੋਗ ਸਵਾਲ ਖੜਾ ਕੀਤਾ: "ਕੀ ਪ੍ਰਵਾਸ ਇੱਕ ਚੋਣ ਹੈ ਜਾਂ ਮਜਬੂਰੀ?" ਉਨ੍ਹਾਂ ਨੇ ਇਸ ਸਵਾਲ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨ ਦੀ ਮਹੱਤਤਾ ਉਜਾਗਰ ਕੀਤੀ, ਤਾਂ ਜੋ ਪ੍ਰਵਾਸ ਦੇ ਮੂਲ ਕਾਰਣਾਂ ਅਤੇ ਇਸਦੇ ਸਮਾਜਿਕ-ਆਰਥਿਕ ਪ੍ਰਭਾਵਾਂ ਨੂੰ ਸਮਝਿਆ ਜਾ ਸਕੇ। ਡਾ. ਸਿੰਘ ਨੇ ਵਿਦੇਸ਼ਾਂ ਵਿੱਚ ਜ਼ਿੰਦਗੀ ਬਤੀਤ ਕਰਨ ਦੇ ਹਕੀਕੀ ਹਾਲਾਤਾਂ ਦਾ ਜ਼ਿਕਰ ਕੀਤਾ, ਜੋ ਕਿ ਸੋਸ਼ਲ ਮੀਡੀਆ ਰਾਹੀਂ, ਬੜੇ ਹੀ ਬਨਾਵਟੀ ਅਤੇ ਦਿਲ-ਖਿੱਚਵੇਂ ਤਰੀਕੇ ਨਾ਼ਲ ਪੇਸ਼ ਕੀਤੀ ਜਾ ਰਹੀ ਹੈ ਜੋ ਨੌਜਵਾਨ ਪੀੜੀ ਨੂੰ ਉੱਥੇ ਪ੍ਰਵਾਸ ਕਰਨ ਲਈ ਉਤਸੁਕ ਕਰ ਰਹੀ ਹੈ।

ਡਾ. ਗਿਆਨ ਸਿੰਘ ਨੇ ਪੰਜਾਬ ਦੇ ਪੇਂਡੂ ਖੇਤਰਾਂ ਦਾ ਜ਼ਿਕਰ ਕਰਦੇ ਹੋਏ ਮਾਝੇ, ਮਾਲਵੇ ਅਤੇ ਦੁਆਬੇ ਵਿੱਚ ਪ੍ਰਵਾਸ ਦੇ ਰੁਝਾਨ ਬਾਰੇ ਆਪਣੀ ਖੋਜ'ਤੇ ਆਧਾਰਿਤ 207 ਪਰਿਵਾਰਾਂ ਦੇ 296 ਪ੍ਰਵਾਸੀਆਂ ਦੇ ਅੰਕੜੇ ਪੇਸ਼ ਕੀਤੇ। ਜਿਸ ਵਿੱਚ ਉਹਨਾਂ ਨੇ ਪ੍ਰਵਾਸ ਦੇ ਮੁੱਖ ਕਾਰਨ- ਬੇਰੁਜਗਾਰੀ, ਸਮੂਹ ਦਬਾਓ (ਪੀਅਰ ਪਰੈਸ਼ਰ), ਆਰਥਿਕ ਇੱਛਾਵਾਂ ਉੱਤੇ ਚਾਨਣਾ ਪਾਇਆ। ਹੋਰ ਜਾਣਕਾਰੀ ਦਿੰਦੇ ਹੋਏ ਉਹਨਾਂ ਨੇ ਦੱਸਿਆ ਕਿ 2014 ਤੋਂ ਬਾਅਦ ਪ੍ਰਵਾਸ ਵਿੱਚ ਵਾਧਾ ਹੋਇਆ, ਜਿਸ ਵਿੱਚ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਅਤੇ ਇਟਲੀ ਮੁੱਖ ਟਿਕਾਣੇ ਹਨ।

ਇਸ ਸ਼ੈਸ਼ਨ ਨੇ ਪ੍ਰਵਾਸ ਦਾ ਸੰਪੂਰਨ ਵਿਸ਼ਲੇਸ਼ਣ ਪ੍ਰਦਾਨ ਕੀਤਾ, ਜਿਸ ਵਿਚ ਇਸਦੇ ਰਾਜ ਅਤੇ ਲੋਕਾਂ 'ਤੇ ਪੈਦਾ ਹੋਣ ਵਾਲੇ ਪ੍ਰਭਾਵਾਂ 'ਤੇ ਧਿਆਨ ਦਿੱਤਾ ਗਿਆ।

ਪ੍ਰੋ. ਬੀ.ਐੱਸ. ਘੁੰਮਣ ਨੇ ਇੱਕ ਸੰਤੁਲਿਤ ਦ੍ਰਿਸ਼ਟਿਕੋਣ ਪ੍ਰਦਾਨ ਕੀਤਾ, ਜਿਸ ਵਿੱਚ ਪ੍ਰਵਾਸੀਆਂ ਦੁਆਰਾ ਸਾਹਮਣੇ ਆਉਂਦੀਆਂ ਮੁਸ਼ਕਲਾਂ ਅਤੇ ਪੰਜਾਬ ਦੇ ਅੰਦਰੂਨੀ ਮੁੱਦਿਆਂ'ਤੇ ਚਰਚਾ ਕੀਤੀ, ਜੋ ਪ੍ਰਵਾਸ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਨੇ ਪੁਸ਼ ਫੈਕਟਰਾਂ ਜਿਵੇਂ ਕਿ ਬੇਰੁਜ਼ਗਾਰੀ, ਸਿੱਖਿਆ-ਨੌਕਰੀ ਅਨੁਸਾਰਤਾ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਜ਼ਿਕਰ ਕੀਤਾ, ਨਾਲ ਹੀ ਪੁੱਲ ਫੈਕਟਰਾਂ ਜਿਵੇਂ ਕਿ ਵਿਦੇਸ਼ਾਂ ਵਿੱਚ ਬਿਹਤਰ ਨੌਕਰੀ ਦੇ ਮੌਕੇ ਅਤੇ ਸਮਾਜਿਕ ਸੁਰੱਖਿਆ ਨੂੰ ਵੀ ਰੋਸ਼ਨ ਕੀਤਾ। ਉਨ੍ਹਾਂ ਨੇ ਸਿੱਖਿਆ ਨੂੰ ਉਦਯੋਗ ਦੀਆਂ ਲੋੜਾਂ ਨਾ਼ਲ ਜੋੜਨ ਅਤੇ ਸਥਾਨਕ ਰੁਜ਼ਗਾਰ ਦੇ ਮੌਕੇ ਸਿਰਜਣ ਲਈ ਨੀਤੀ ਸੁਧਾਰਾਂ ਦੀ ਮੰਗ ਕੀਤੀ।

ਸੈਮੀਨਾਰ ਵਿੱਚ ਇੱਕ ਅਕਾਦਮਿਕ ਸੈਸ਼ਨ ਸ਼ਾਮਿਲ ਸੀ, ਜਿਸ ਦੀ ਮੇਜ਼ਦਾਰੀ ਅਧਿਆਪਕ ਡਾ. ਜਗਰੂਪ ਸਿੰਘ ਸੇਖੋਂ ਨੇ ਕੀਤੀ। ਜਿੱਥੇ ਵਿਦਵਾਨਾਂ ਨੇ ਪ੍ਰਵਾਸ ਦੇ ਇਤਿਹਾਸਕ, ਸਮਾਜਿਕ ਅਤੇ ਮਨੋਵਿਗਿਆਨਿਕ ਪਹਲੂਆਂ'ਤੇ ਵਿਚਾਰ ਗੋਸ਼ਟੀ ਕੀਤੀ। ਇੱਕ ਪੈਨਲ ਚਰਚਾ, ਜਿਸ ਦੀ ਮੇਜ਼ਬਾਨੀ ਡਾ. ਜਗਰੂਪ ਸਿੰਘ ਸੇਖੋਂ ਨੇ ਕੀਤੀ ਦੇ ਦੌਰਾਨ ਕਾਨੂੰਨੀ ਅਤੇ ਆਧੁਨਿਕ ਪ੍ਰਵਾਸ ਰੁਝਾਨਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ।

ਦੁਪਿਹਰ ਦੇ ਖਾਣੇ ਉਪਰੰਤ, "ਪੰਜਾਬ ਤੋਂ ਪ੍ਰਵਾਸ: ਇੱਕ ਹਕੀਕੀ ਜਾਂਚ" ਸਿਰਲੇਖ ਤਹਿਤ ਇੱਕ ਹੋਰ ਪੈਨਲ ਚਰਚਾ ਕੀਤੀ ਗਈ, ਜਿਸ ਦੀ ਮੇਜ਼ਬਾਨੀ ਵੀ ਡਾ. ਸ਼ਰਨਜੀਤ ਸਿੰਘ ਢਿੱਲੋਂ ਨੇ ਕੀਤੀ। ਜਿਸ ਵਿੱਚ ਪ੍ਰਧਾਨਗੀ ਮੰਡਲ ਵਿੱਚ ਡਾ. ਅਮਰਜੀਤ ਸਿੰਘ ਸਿੱਧੂ , ਡਾ. ਲਖਵਿੰਦਰ ਸਿੰਘ ਜੌਹਲ, ਵਕੀਲ ਅਨੂਪ ਅਗਰਵਾਲ ਅਤੇ ਮਿਸਟਰ ਨਿਸ਼ਾਂਤ ਖੰਨਾ ਸ਼ਾਮਿਲ ਸਨ, ਜਿਨ੍ਹਾਂ ਨੇ ਆਧੁਨਿਕ ਪ੍ਰਵਾਸ ਰੁਝਾਨਾਂ ਅਤੇ ਇਮੀਗ੍ਰੇਸ਼ਨ ਨਾਲ ਜੁੜੀਆਂ ਕਾਨੂੰਨੀ ਮੁਸ਼ਕਲਾਂ'ਤੇ ਚਰਚਾ ਕੀਤੀ।

ਇਸ ਸ਼ੈਸ਼ਨ ਨੇ ਪ੍ਰਵਾਸ ਦਾ ਸੰਪੂਰਨ ਵਿਸ਼ਲੇਸ਼ਣ ਪ੍ਰਦਾਨ ਕੀਤਾ, ਜਿਸ ਵਿੱਚ ਇਸਦੇ ਰਾਜ ਅਤੇ ਲੋਕਾਂ 'ਤੇ ਪੈਦਾ ਹੋਣ ਵਾਲੇ ਪ੍ਰਭਾਵਾਂ 'ਤੇ ਧਿਆਨ ਦਿੱਤਾ ਗਿਆ।

ਇਸ ਸਮਾਰੋਹ ਦਾ ਅੰਤ ਪ੍ਰੋ. ਬੀ.ਐੱਸ. ਘੁੰਮਣ ਦੇ ਪ੍ਰਮਾਣਿਕ ਭਾਸ਼ਣ ਅਤੇ ਪ੍ਰੋ. ਅੰਜਲੀ ਮਹਿਰਾ ਵੱਲੋਂ ਧੰਨਵਾਦ ਨਾ਼ਲ ਹੋਇਆ। ਸੈਮੀਨਾਰ ਨੇ ਪੰਜਾਬ ਦੇ ਪ੍ਰਵਾਸ ਸੰਕਟ ਨੂੰ ਸਥਿਰ ਸਥਾਨਕ ਮੌਕਿਆਂ ਅਤੇ ਨੀਤੀ ਹਸਤਖੇਪਾਂ ਰਾਹੀਂ ਹੱਲ ਕਰਨ ਦੀ ਤਾਤਕਾਲਿਕਤਾ 'ਤੇ ਜ਼ੋਰ ਦਿੱਤਾ।

ਸੈਮੀਨਾਰ ਨੇ ਪ੍ਰਵਾਸ ਅਤੇ ਇਸਦੇ ਪੰਜਾਬ ਦੇ ਭਵਿੱਖ 'ਤੇ ਪੈਦਾ ਹੋਣ ਵਾਲੇ ਪ੍ਰਭਾਵਾਂ 'ਤੇ ਅਕਾਦਮਿਕ ਚਰਚਾ ਲਈ ਇੱਕ ਮਹੱਤਵਪੂਰਨ ਮੰਚ ਦੇ ਤੌਰ 'ਤੇ ਕੰਮ ਕੀਤਾ। ਇਸਨੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਕਦਮ ਚੁੱਕਣ ਵਾਲੀਆਂ ਨੀਤੀ ਹਸਤਖੇਪਾਂ ਅਤੇ ਹੱਲਾਂ ਦੀ ਜ਼ਰੂਰਤ'ਤੇ ਜ਼ੋਰ ਦਿੱਤਾ, ਜੋ ਰਾਜ ਦੇ ਸਮਾਜਿਕ-ਆਰਥਿਕ ਦ੍ਰਿਸ਼ਟੀਕੋਣ ਨੂੰ ਆਕਾਰ ਦੇ ਰਹੀਆਂ ਹਨ। ਚਰਚਾਵਾਂ ਨੇ ਇਹ ਵੀ ਉਜਾਗਰ ਕੀਤਾ ਕਿ ਰਣਨੀਤੀਆਂ ਵਿਕਸਿਤ ਕਰਨ ਦੀ ਲੋੜ ਹੈ ਜੋ ਨਾ ਸਿਰਫ ਪ੍ਰਵਾਸ ਨੂੰ ਪ੍ਰਬੰਧਿਤ ਕਰਨ, ਬਲਕਿ ਪੰਜਾਬ ਵਿੱਚ ਸਥਿਰ ਮੌਕੇ ਬਣਾਉਣ, ਜਿਸ ਨਾਲ ਵਿਦੇਸ਼ੀ ਪ੍ਰਵਾਸ 'ਤੇ ਨਿਰਭਰਤਾ ਘਟਾਈ ਜਾ ਸਕੇ।

# ਪਾਲ ਕੌਰ ਸਮੇਤ 23 ਲੇਖਕਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਪ੍ਰਦਾਨ



**ਨਵੀਂ ਦਿੱਲੀ:** ਪੰਜਾਬੀ 'ਚ ਪਾਲ ਕੌਰ ਅਤੇ ਹਿੰਦੀ 'ਚ ਗਗਨ ਗਿੱਲ ਸਮੇਤ 23 ਪੁਰਸਕਾਰ ਜੇਤੂ ਲੇਖਕਾਂ ਨੂੰ ਇੱਕ ਸਨਮਾਨ ਚਿੰਨ੍ਹ, ਇਕ ਸ਼ਾਲ ਤੇ 1 ਲੱਖ ਰੁਪਏ ਨਾਲ ਕੀਤਾ ਸਨਮਾਨਿਤ ਕੀਤਾ ਗਿਆ। ਵੱਖ ਵੱਖ ਭਾਸ਼ਾਵਾਂ ਦੇ ਲੇਖਕਾਂ ਦੀ ਨਾਵਲ, ਮਿੰਨੀ ਕਹਾਣੀਆਂ, ਕਵਿਤਾ, ਨਾਟਕ ਅਤੇ ਲੇਖ ਆਦਿ ਦੇ ਖੇਤਰਾਂ 'ਚ ਸਾਹਿਤ ਅਕਾਦਮੀ ਪੁਰਸਕਾਰ 2024 ਲਈ ਦਸੰਬਰ 'ਚ ਚੋਣ ਕੀਤੀ ਗਈ ਸੀ। ਪੰਜਾਬੀ ਲੇਖਿਕਾ ਪਾਲ ਕੌਰ ਨੂੰ ਉਨ੍ਹਾਂ ਦੀ ਕਾਵਿ ਪੁਸਤਕ 'ਸੁਣ ਗੁਣਵੰਤਾ ਸੁਣ ਬੁਧਿਵੰਤਾ' ਇਤਿਹਾਸਨਾਮਾ ਪੰਜਾਬ ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ ਹੈ ਜਦਕਿ ਹਿੰਦੀ 'ਚ ਗਗਨ ਗਿੱਲ ਨੂੰ ਉਨ੍ਹਾਂ ਦੀ ਕਾਵਿ ਪੁਸਤਕ 'ਮੈਂ ਜਬ ਤਕ ਆਈ ਬਹਾਰ' ਅਤੇ ਅੰਗਰੇਜ਼ੀ 'ਚ ਈਸਟਰੀਨ ਕੀਰ ਨੂੰ ਨਾਵਲ 'ਸਪਿਰਿਟ ਨਾਈਟ' ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ। ਹਰੇਕ ਪੁਰਸਕਾਰ ਜੇਤੂ ਨੂੰ ਇੱਕ ਤਖ਼ਤੀ, ਇੱਕ ਸ਼ਾਲ ਅਤੇ 1 ਲੱਖ ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਉੱਘੇ ਨਾਟਕਕਾਰ ਮਹੇਸ਼ ਦੱਤਾਨੀ ਨੇ ਸੰਬੋਧਨ ਕੀਤਾ।

# 'ਤੁਰ ਗਿਆਂ ਦੀ ਖੋਹ' ਲੋਕ ਅਰਪਣ

**ਬਰਨਾਲਾ:** ਸਾਹਿਤ ਸਰਵਰ ਬਰਨਾਲਾ ਵੱਲੋਂ ਪੰਜਾਬੀ ਦੇ ਬਹੁ-ਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕੈਡਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਦੀ ਨਾਮਵਰ ਲੇਖਕਾਂ ਬਾਰੇ ਲਿਖੀ ਪੁਸਤਕ ਪ੍ਰਸਿੱਧ ਨਾਵਲਕਾਰ ਅਤੇ ਸ੍ਰੋਮਣੀ ਸਾਹਿਤਕਾਰ ਪਰਗਟ ਸਿੰਘ ਸਿੱਧੂ ਨੇ ਚਿੰਟੂ ਪਾਰਕ ਬਰਨਾਲਾ ਵਿਖੇ ਰਿਲੀਜ਼ ਕੀਤੀ। ਇਹ ਰਸਮ ਅਦਾ ਕਰਨ ਉਪਰੰਤ ਉਨ੍ਹਾਂ ਕਿਹਾ ਕਿ ਬੂਟਾ ਸਿੰਘ ਚੌਹਾਨ ਬਹੁ-ਪੱਖੀ ਲੇਖਕ ਹੈ। ਉਹਨੇ ਸਾਹਿਤ ਦੇ ਕਿਸੇ ਇਕ ਪੱਖ 'ਤੇ ਕਲਮ ਨਹੀਂ ਚਲਾਈ, ਸਗੋਂ ਸਾਰਿਆਂ ਪੱਖਾਂ 'ਤੇ ਕਲਮ ਚਲਾ ਕੇ ਬਹੁਤ ਹੀ ਪਾਏਦਾਰ ਲਿਖਿਆ ਹੈ। ਉਸਦੀਆਂ ਰਚਨਾਵਾਂ ਪਾਠਕਾਂ ਵਿਚ ਹਰਮਨ ਪਿਆਰੀਆਂ ਹਨ।



ਉਹ ਨਿਰੰਤਰ ਲਿਖਣ ਵਾਲਾ ਲੇਖਕ ਹੈ। ਮੈਨੂੰ ਮਾਣ ਹੈ ਕਿ ਪ੍ਰਸਿੱਧ ਲੇਖਕਾਂ ਬਾਰੇ ਲਿਖੀ ਉਸਦੀ ਇਹ ਪੁਸਤਕ ਗੰਭੀਰ ਪਾਠਕਾਂ ਵਿਚ ਸਤਿਕਾਰੀ ਜਾਵੇਗੀ। ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਇਹ ਪੁਸਤਕ ਉਨ੍ਹਾਂ ਨੇ ਪਿਛਲੇ ਅੱਠ ਸਾਲਾਂ ਵਿਚ ਲਿਖੀ ਹੈ ਅਤੇ ਇਸ ਵਿਚਲੇ ਸੀਰਤਨਾਮੇ ਪੰਜਾਬੀ ਦੇ ਇਕ ਅਖ਼ਬਾਰ ਅਤੇ ਪ੍ਰਸਿੱਧ ਮੈਗਜ਼ੀਨਾਂ ਵਿਚ ਛਪ ਚੁੱਕੇ ਹਨ। ਪੁਸਤਕ ਵਿਚ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਦਲੀਪ ਕੌਰ ਟਿਵਾਣਾ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਦਰਸ਼ਨ ਸਿੰਘ ਅਵਾਰਾ, ਡਾ ਜਗਤਾਰ,ਸੁਰਜੀਤ ਪਾਤਰ, ਇੰਦਰਜੀਤ ਸਿੰਘ ਹਸਨਪੁਰੀ,ਕਰਨੈਲ ਸਿੰਘ ਪਾਰਸ, ਦੇਵਿੰਦਰ ਸਤਿਆਰਥੀ, ਭੂਰਾ ਸਿੰਘ ਕਲੇਰ ਅਤੇ ਮਹਿੰਦਰ ਸਾਥੀ ਦੇ ਸੀਰਤਨਾਮੇ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਨ੍ਹਾਂ ਲੇਖਕਾਂ ਦੇ ਸੰਪਰਕ ਵਿਚ ਰਹਿਣ ਦਾ ਮਾਣ ਹਾਸਿਲ ਹੈ। ਇਹ ਪੁਸਤਕ ਪੀਪਲਜ਼ ਫੋਰਮ, ਬਰਗਾੜੀ ਨੇ ਪ੍ਰਕਾਸ਼ਤ ਕੀਤੀ ਹੈ।




ਇਸ ਮੌਕੇ ਭੋਲਾ ਸਿੰਘ ਸੰਘੇੜਾ, ਤੇਜਾ ਸਿੰਘ ਤਿਲਕ, ਸ਼ਾਇਰ ਤਰਸੇਮ,ਡਾ ਰਾਮਪਾਲ ਸ਼ਾਹਪੁਰੀ, ਡਾ ਸੁਰਿਦਰ ਸਿੰਘ ਭੱਠਲ, ਡਾ ਭੁਪਿੰਦਰ ਸਿੰਘ ਬੇਦੀ, ਰਾਮ ਸਰੂਪ ਸ਼ਰਮਾ, ਮਾਲਵਿੰਦਰ ਸ਼ਾਇਰ, ਮੇਜਰ ਸਿੰਘ ਗਿੱਲ, ਅੰਜਨਾ ਕੁਮਾਰੀ ਮੈਨਿਨ, ਜਸਪ੍ਰੀਤ ਕੌਰ ਬੱਬੂ, ਅਕ੍ਰਿਤੀ ਕੌਸ਼ਿਕ, ਰਾਜਿੰਦਰ ਸ਼ੌਂਕੀ, ਰਘਵੀਰ ਗਿੱਲ ਕੱਟੂ, ਅਮਰਜੀਤ ਸਿੰਘ ਭੁੱਲਰ, ਹੀਰਾ ਲਾਲ ਅਤੇ ਜਸਵਿੰਦਰ ਸਿੰਘ ਸਿੱਧੂ ਵੀ ਹਾਜ਼ਰ ਸਨ।

## ਡਰੱਗ ਮਾਮਲੇ 'ਚ ਮਜੀਠੀਆ ਪੁੱਛਗਿੱਛ ਲਈ ਤਲਬ



**ਪਟਿਆਲਾ:** ਡਰੱਗਜ਼ ਮਾਮਲੇ 'ਚ ਸਪੈਸ਼ਲ ਜਾਂਚ ਟੀਮ (ਐੱਸਆਈਟੀ) ਨੇ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਹੈ। ਐੱਸਆਈਟੀ ਮੁਖੀ ਡੀਆਈਜੀ ਰੇਂਜ ਰੂਪਨਗਰ ਵੱਲੋਂ ਜਾਰੀ ਨੋਟਿਸ 'ਚ ਬਿਕਰਮ ਸਿੰਘ ਮਜੀਠੀਆ ਨੂੰ 17 ਮਾਰਚ ਸਵੇਰੇ 11 ਵਜੇ ਡੀਆਈਜੀ ਦਫ਼ਤਰ ਪਟਿਆਲਾ ਪੁੱਜਣ ਦਾ ਹੁਕਮ ਦਿੱਤਾ ਗਿਆ ਹੈ। ਐੱਸਆਈਟੀ ਮੁਖੀ ਡੀਆਈਜੀ ਰੂਪਨਗਰ ਹਰਚਰਨ ਸਿੰਘ ਭੁੱਲਰ ਵੱਲੋਂ ਜਾਰੀ ਅਨੁਸਾਰ ਐੱਸਏਐੱਸ ਨਗਰ ਮੋਹਾਲੀ ਦੇ ਪੰਜਾਬ ਸਟੇਟ ਕਰਾਈਮ ਥਾਣੇ 'ਚ ਦਸੰਬਰ 2021 'ਚ ਦਰਜ ਹੋਏ ਐਨਡੀਪੀਐੱਸ ਐਕਟ ਮਾਮਲੇ ਦੀ ਜਾਂਚ ਐੱਸਆਈਟੀ ਵੱਲੋਂ ਕੀਤੀ ਜਾ ਰਹੀ ਹੈ। ਮਾਮਲੇ ਸਬੰਧੀ ਸੁਪਰੀਮ ਕੋਰਟ 'ਚ ਸਾਲ 2023 ਦੌਰਾਨ ਦਾਖ਼ਲ ਕੀਤੀ ਗਈ 'ਸਪੈਸ਼ਲ ਲੀਵ ਪਟੀਸ਼ਨ' ਦੀ ਸੁਣਵਾਈ ਚਾਰ ਮਾਰਚ 2025 ਨੂੰ ਹੋਈ ਸੀ।

## ਭਾਰਤ ਨੇ ਸੰਭਾਲੀ ਯੂ.ਐੱਨ. ਦੇ 68ਵੇਂ ਕੌਮੀ ਕਮਿਸ਼ਨ ਦੀ ਕਮਾਨ



**ਵਿਆਨਾ:** ਭਾਰਤ ਨੇ ਸੰਯੁਕਤ ਰਾਸ਼ਟਰ ਦੇ ਨਾਰਕੋਟਿਕ ਡਰੱਗਜ਼ ਕਮਿਸ਼ਨ ਦੇ 68ਵੇਂ ਸੈਸ਼ਨ ਦੀ ਪ੍ਰਧਾਨਗੀ ਸੰਭਾਲੀ ਹੈ। ਇਹ ਆਲਮੀ ਡਰੱਗ-ਸਬੰਧੀ ਮਾਮਲਿਆਂ ਲਈ ਮੁੱਢਲੀ ਨੀਤੀ-ਨਿਰਮਾਣ ਬਾਡੀ ਹੈ। ਵਿਆਨਾ 'ਚ ਯੂਐੱਨ 'ਚ ਭਾਰਤ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਸ਼ੰਭੂ ਐੱਸ ਕੁਮਾਰਨ ਸੈਸ਼ਨ ਦੀ ਪ੍ਰਧਾਨਗੀ ਕਰਨਗੇ। 10 ਮਾਰਚ ਨੂੰ ਕਰਵਾਏ ਸੈਸ਼ਨ 'ਚ 150 ਤੋਂ ਵੱਧ ਦੇਸ਼ਾਂ 2000 ਪ੍ਰਤੀਨਿਧਾਂ ਨੇ ਹਿੱਸਾ ਲਿਆ। ਇਨ੍ਹਾਂ 'ਚ ਬੋਲੀਵੀਆ ਦੇ ਉਪ ਰਾਸ਼ਟਰਪਤੀ, ਇਕਵਾਡੋਰ, ਕੋਲੰਬੀਆ, ਤੁਰਕਮੇਨਿਸਤਾਨ ਦੇ ਵਿਦੇਸ਼ ਮੰਤਰੀ ਤੇ ਫਿਲਪੀਨਜ਼, ਇਟਲੀ, ਉਰੂਗਵੇ ਤੇ ਮਾਲਟਾ ਦੇ ਸੀਨੀਅਰ ਅਧਿਕਾਰੀਆਂ ਦੀ ਜ਼ਿਕਰਯੋਗ ਹਿੱਸੇਦਾਰੀ ਸੀ। ਭਾਰਤ ਦੇ ਅੰਤਰ ਮੰਤਰਾਲੇ ਪ੍ਰਤੀਨਿਧੀ ਮੰਡਲ 'ਚ ਨਾਰਕੋਟਿਕਸ ਕੰਟਰੋਲ ਬਿਊਰੋ, ਮਾਲੀਆ ਵਿਭਾਗ, ਕੇਂਦਰੀ ਨਾਰਕੋਟਿਕਸ ਬਿਊਰੋ, ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ, ਮਾਲੀਆ ਖ਼ੁਫੀਆ ਡਾਇਰੈਕਟੋਰੇਟ ਦੇ ਪ੍ਰਤੀਨਿਧੀ ਸ਼ਾਮਲ ਹਨ।

## ਗਿਆਨੀ ਹਰਪ੍ਰੀਤ ਸਿੰਘ ਵਲੋਂ ਬਾਦਲ ਪਰਿਵਾਰ ਵਿਰੁੱਧ ਇਕੱਠੇ ਹੋਣ ਦਾ ਸੱਦਾ



**ਰਾਹੋਂ:** ਪਿੰਡ ਹੁਸੈਨਪੁਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਕੀਤੀ ਗਈ ਕਾਨਫਰੰਸ ਵਿਚ ਵੱਖ-ਵੱਖ ਪੰਥਕ ਜਥੇਬੰਦੀਆਂ, ਸਮਾਜਸੇਵੀ ਜਥੇਬੰਦੀਆਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਬਾਦਲ ਪਰਿਵਾਰ ਦਾ ਪਿਛਲੇ ਲੰਮੇ ਸਮੇਂ ਤੋਂ ਕਬਜ਼ਾ ਰਿਹਾ ਹੈ, ਜੋ ਵੀ ਉਨ੍ਹਾਂ ਦੇ ਖ਼ਿਲਾਫ਼ ਬੋਲਦਾ ਸੀ, ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਂਦਾ ਸੀ। ਹੁਣ ਸਮਾਂ ਆ ਗਿਆ ਹੈ ਇਨ੍ਹਾਂ ਦੀ ਧੱਕੇਸ਼ਾਹੀ ਵਿਰੁੱਧ ਇੱਕ ਆਵਾਜ਼ ਬੁਲੰਦ ਕਰੀਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੰਮਾ ਸਮਾਂ ਬੜੀ ਇਮਾਨਦਾਰੀ ਨਾਲ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਸੇਵਾ ਨਿਭਾਈ ਹੈ।ਬਾਦਲ ਪਰਿਵਾਰ ਨੇ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਆਪਣੀ ਜਗੀਰ ਸਮਝ ਲਿਆ ਹੈ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਹੁੰਦੇ ਹੋਏ ਬਹੁਤ ਸਾਰੇ ਪੰਥ ਵਿਰੋਧੀ ਕੰਮ ਕੀਤੇ।

ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਤੇ ਬਾਦਲ ਪਰਿਵਾਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਕਤ ਕਰਾਉਣ ਲਈ ਸਾਰਿਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਸਾਬਕਾ ਐੱਮ.ਪੀ.ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ, ਸਰਵਣ ਸਿੰਘ ਫਿਲੌਰ, ਕੁਲਦੀਪ ਸਿੰਘ ਵਜੀਦਪੁਰ, ਮੋਹਨ ਲਾਲ ਬੰਗਾ, ਚਰਨਜੀਤ ਸਿੰਘ ਬਰਾੜ, ਤਰਲੋਚਨ ਸਿੰਘ ਦੁਪਾਲਪੁਰ, ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਸੁਖਵਿੰਦਰ ਸਿੰਘ ਥਾਂਦੀ, ਓਂਕਾਰ ਸਿੰਘ ਰਠੌਰ, ਅਮਰਜੀਤ ਸਿੰਘ ਸੰਧੂ, ਦਵਿੰਦਰ ਸਿੰਘ ਸਰਪੰਚ ਸਹਿਬਾਜਪੁਰ, ਲਾਲ ਚੰਦ ਸਰਪੰਚ ਤਾਜਪੁਰ, ਜਥੇਦਾਰ ਬਾਬਾ ਨੰਦ ਸਿੰਘ ਗੁਰਦੁਆਰਾ ਮੰਜੀ ਸਾਹਿਬ ਤਰਨਾ ਦਲ, ਅਖੰਡ ਕੀਰਤਨੀ ਜਥਾ ਕਲਗੀਧਰ ਸੇਵਕ ਜਥਾ, ਬਲਵੀਰ ਸਿੰਘ ਚੰਗਿਆੜਾ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਕੈਨੇਡਾ, ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਨਵਾਂਸ਼ਹਿਰ, ਗੁਰਦੀਪ ਸਿੰਘ ਉੜਾਪੜ ਢਾਡੀ ਜਥਾ, ਗੁਰਮੀਤ ਸਿੰਘ ਕਲੇਰ, ਦਵਿੰਦਰ ਸਿੰਘ, ਜਥੇਦਾਰ ਮੰਗਲ ਸਿੰਘ, ਦੀਦਾਰ ਸਿੰਘ, ਸੁਰਜੀਤ ਸਿੰਘ, ਪਰਵਿੰਦਰ ਸਿੰਘ ਕਿਤਣਾ, ਜਸਪਾਲ ਸਿੰਘ ਸਰਪੰਚ ਬੀਰੋਵਾਲ, ਸਨੀ ਸਿੰਘ ਆਦਿ ਹਾਜ਼ਰ ਸਨ।

## ਕਰਨੈਲ ਸਿੰਘ ਪੀਰ ਮੁਹੰਮਦ ਨੇ ਗਿਆਨੀ ਰਘਬੀਰ ਸਿੰਘ ਨਾਲ ਕੀਤੀ ਮੁਲਾਕਾਤ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਤਿੰਨੇ ਸਿੱਖ ਸੰਸਥਾਵਾਂ ਨੂੰ ਇਕ ਥਾਂ 'ਤੇ ਮਿਲ ਬੈਠ ਕੇ ਵਿਚਾਰ ਕਰਕੇ ਮੌਜੂਦਾ ਮਸਲੇ ਦਾ ਕੋਈ ਸਾਰਥਿਕ ਹੱਲ ਕੱਢ ਲਈ ਅਪੀਲ ਕੀਤੀ ਹੈ। ਮੁਲਾਕਾਤ ਮਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਉਂ ਦੱਸਿਆ ਕਿ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਤਿੰਨ ਸੰਸਥਾਵਾਂ ਨੂੰ ਇੱਕਜੁੱਟ ਹੋ ਕੇ ਇਕੱਠੇ ਹੋ ਕੇ ਚੱਲਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਸਿਆਸੀ ਪਾਰਟੀ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਲੈ ਕੇ ਵੱਡੇ ਫੈਸਲੇ ਸੁਣਾ ਰਹੀ ਹੈ, ਇਸ ਨੂੰ ਲੈ ਕੇ ਵੀ ਉਨ੍ਹਾਂ ਨੂੰ ਜ਼ਰੂਰ ਚਿੰਤਾ ਹੈ। ਸਾਨੂੰ ਸਾਰਿਆਂ ਨੂੰ ਮਿਲਕੇ ਇੱਕਜੁੱਟ ਹੋ ਕੇ ਇਸ 'ਤੇ ਵਿਚਾਰ ਕਰਕੇ ਕੋਈ ਨਾ ਕੋਈ ਸਾਰਥਕ ਹੱਲ ਕੱਢਣਾ ਚਾਹੀਦਾ ਹੈ ਤਾਂ ਜੋ ਕੌਮ ਵਿਚ ਪਈ ਦੁਵਿਧਾ ਨੂੰ ਦੂਰ ਕੀਤਾ ਜਾ ਸਕੇ।

## ਹਰ ਵੋਟ ਅਹਿਮ: ਸੁਪਰੀਮ ਕੋਰਟ

**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ 'ਚ ਚੋਣ ਲੋਕਤੰਤਰੀ ਪ੍ਰਣਾਲੀ 'ਚ ਵੋਟਿੰਗ ਤੇ ਹਰੇਕ ਵੋਟ ਦੀ ਅਹਿਮੀਅਤ ਦੱਸਦਿਆਂ ਕਿਹਾ ਕਿ ਹਰ ਵੋਟ ਦਾ ਆਪਣਾ ਮਹੱਤਵ । ਹੈ, ਬੇਸ਼ੱਕ ਚੋਣਾਂ ਦੇ ਆਖ਼ਰੀ ਨਤੀਜੇ 'ਤੇ ਉਸ ਦਾ ਕੋਈ ਵੀ ਅਸਰ ਹੋਵੇ। ਇਸ ਦੀ ਪਵਿੱਤਰਤਾ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਦੀ ਤਹਿਸੀਲ ਹੰਢੀਆ ਦੇ ਚੱਕ ਸਾਹਿਬਾਦ 'ਚ ਸਰਪੰਚ ਦੀ ਚੋਣ 'ਚ ਹੋਈਆਂ ਖਾਮੀਆਂ ਉਜਾਗਰ ਕਰਦੇ ਹੋਏ ਦੋਬਾਰਾ ਵੋਟਿੰਗ ਕਰਵਾਉਣ ਦਾ ਹੁਕਮ ਦਿੱਤਾ ਹੈ।ਕੋਰਟ ਨੇ ਕਿਹਾ ਹੈ ਕਿ ਅਦਾਲਤ ਇਸ ਗੱਲ ਤੋਂ ਚਿੰਤਤ ਨਹੀਂ ਕਿ ਸੱਤਾ 'ਚ ਕੌਣ ਹੈ, ਬਲਕਿ ਇਸ ਤੋਂ ਹੈ ਕਿ ਸੱਤਾ 'ਚ ਕਿਵੇਂ ਆਇਆ ਹੈ? ਇਹ ਪ੍ਰਕਿਰਿਆ ਸੰਵਿਧਾਨਕ ਸਿਧਾਂਤਾਂ ਤੇ ਸਥਾਪਤ ਪੈਮਾਨਿਆਂ ਮੁਤਾਬਕ ਹੋਣੀ ਚਾਹੀਦੀ ਹੈ। ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਉਸ ਵਿਅਕਤੀ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਣਾ ਚਾਹੀਦਾ ਹੈ ਤੇ ਲੋਕਾਂ ਵੱਲੋਂ ਫ਼ੈਸਲਾ ਲੈਣ ਦੀ ਪ੍ਰਕਿਰਿਆ ਇਕ ਵਾਰ ਮੁੜ ਸ਼ੁਰੂ ਹੋਣੀ ਚਾਹੀਦੀ ਹੈ।

ਇਹ ਅਹਿਮ ਫ਼ੈਸਲਾ ਜਸਟਿਸ ਸੰਜੇ ਕਰੋਲ ਤੇ ਜਸਟਿਸ ਐੱਨਕੇ ਸਿੰਘ ਦੇ ਬੈਂਚ ਨੇ ਵਿਜੇ ਬਹਾਦੁਰ ਬਨਾਮ ਸੁਨੀਲ ਕੁਮਾਰ ਦੇ ਮਾਮਲੇ 'ਚ ਦਿੱਤਾ ਹੈ। ਫ਼ੈਸਲੇ 'ਚ ਚੋਣ ਲੋਕਤੰਤਰੀ ਪ੍ਰਣਾਲੀ 'ਚ ਲੋਕਾਂ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਜਸਟਿਸ ਕਰੋਲ ਨੇ ਫ਼ੈਸਲੇ ਦੀ ਸ਼ੁਰੂਆਤ 31 ਅਕਤੂਬਰ 1944 ਦੇ ਵਿੰਸਟਨ ਚਰਚਿਲ ਦੇ ਕੋਲ ਤੋਂ ਕੀਤੀ ਹੈ ਜਿਸ 'ਚ ਕਿਹਾ ਗਿਆ ਸੀ ਕਿ ਲੋਕਤੰਤਰ ਨੂੰ ਦਿੱਤੇ ਜਾਣ ਵਾਲੇ ਸਾਰੇ ਸਨਮਾਨਾਂ ਦੇ ਮੂਲ 'ਚ ਉਹ ਛੋਟਾ ਆਦਮੀ ਹੈ, ਜਿਹੜਾ ਇਕ ਛੋਟੀ ਜਿਹੀ ਪੈਂਸਲ ਨਾਲ ਛੋਟੇ ਤੋਂ ਛੋਟੇ ਬੂਥ 'ਚ ਦਾਖ਼ਲ ਹੁੰਦਾ ਹੈ, ਕਾਗਜ਼ ਦੇ ਇਕ ਛੋਟੇ ਜਿਹੇ ਟੁਕੜੇ 'ਤੇ ਇਕ ਛੋਟਾ ਜਿਹਾ ਕ੍ਰਾਸ ਬਣਾਉਂਦਾ ਹੈ। ਕੋਈ ਵੀ ਬਿਆਨਬਾਜ਼ੀ ਜਾਂ ਵੱਡੀ 5 ਚਰਚਾ ਸੰਭਵ ਹੈ ਉਸ ਦੇ ਅੰਤ ਆਧੁਨਿਕ ਮਹੱਤਵ ਨੂੰ ਘੱਟ ਨਹੀਂ ਕਰ ਸਕਦੀ। ਇਸ ਤੋਂ ਬਾਅਦ ਫ਼ੈਸਲੇ 'ਚ ਨਵੰਬਰ 1863 ਦਾ ਅਬਰਾਹਮ ਲਿੰਕਨ ਦਾ ਕੋਟ ਦਿੱਤਾ ਹੈ ਜਿਸ 'ਚ ਕਿਹਾ ਗਿਆ ਸੀ, ਜਨਤਾ ਦੀ, ਜਨਤਾ ਵੱਲੋਂ, ਜਨਤਾ ਲਈ ਹਰ ਵੋਟ ਅਹਿਮ ਹੈ। ਬੈਂਚ ਨੇ ਫ਼ੈਸਲੇ 'ਚ ਕਿਹਾ ਕਿ ਬੇਸ਼ੱਕ ਇਸ ਸਿਧਾਂਤ ਦੇ ਕੇਂਦਰ 'ਚ ਜਨਤਾ ਹੈ। ਭਾਰਤੀ ਸੰਵਿਧਾਨਕ ਨਜ਼ਰੀਆ ਇਸ ਸਥਿਤੀ ਦੀ ਮਿਸਾਲ ਹੈ, ਜਿਸ 'ਚ ਲੋਕਤੰਤਰੀ ਸ਼ਾਸਨ ਦੀ ਸ਼ੁਰੂਆਤ ਤੋਂ ਹੀ ਸਾਡੀ ਸ਼ਾਸਨ ਪ੍ਰਣਾਲੀ 'ਚ ਬਾਲਗ ਵੋਟ ਦਾ ਅਧਿਕਾਰ ਅਪਣਾਇਆ ਗਿਆ ਹੈ। ਹਰੇਕ ਚੋਣ 'ਚ ਲੋਕਾਂ ਦੀ ਭਾਈਵਾਲੀ, ਬਰਾਬਰੀ ਤੇ ਵੋਟ ਦੀ ਅਖੰਡਤਾ ਦੀਆਂ ਕਦਰਾਂ ਕੀਮਤਾਂ ਨੂੰ ਬਣਾਈ ਰੱਖਣਾ ਸੰਵਿਧਾਨ ਨਿਰਮਾਤਾਵਾਂ ਦੀ ਸੋਚ ਦਾ ਸਬੂਤ ਹੈ। ਕੋਰਟ ਨੇ ਕਿਹਾ ਕਿ ਸੰਸਦੀ ਪ੍ਰਣਾਲੀ 'ਚ ਲੋਕ ਨੁਮਾਇੰਦਿਆਂ ਨੂੰ ਚੁਣਨ ਦੀ ਗੱਲ ਕੀਤੀ ਜਾਵੇ ਤਾਂ ਹਰੇਕ ਨਾਗਰਿਕ ਬਰਾਬਰ ਹੈ। ਜਦਕਿ



ਹੋਰ ਹਾਲਾਤ 'ਚ ਹੋ ਸਕਦਾ ਹੈ ਕਿ ਉਹ ਬਰਾਬਰ ਨਾ ਹੋਣ, ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਵਰਗ ਤੇ ਜਾਤੀ ਵੰਡ ਜੋ ਵੀ ਅਜੇ ਵੀ ਡੂੰਘੀ ਤਰ੍ਹਾਂ ਜੜ੍ਹਾਂ ਜਮਾਈ ਬੈਠਾ ਹੈ, ਲਿੰਗਕ ਗ਼ੈਰ ਬਰਾਬਰੀ, ਜਾਗਰੂਕਤਾ ਦੀ ਕਮੀ ਤੇ ਦਿਵਿਆਂਗ ਵਿਅਕਤੀਆਂ ਲਈ ਮੌਕਿਆਂ ਦੀ ਕਮੀ ਆਦਿ। ਕੋਰਟ ਨੇ ਲੋਕ ਨੁਮਾਇੰਦਿਆਂ ਨੂੰ ਚੁਣਨ 'ਚ ਸਾਰੇ ਨਾਗਰਿਕਾਂ ਦੀ ਬਰਾਬਰੀ ਦੀ ਗੱਲ ਕਰਦੇ ਹੋਏ ਕਿਹਾ ਕਿ ਥੋੜ੍ਹ ਚਿਰੀ ਬਰਾਬਰੀ ਹੋਰ ਵੀ ਅਹਿਮ ਹੋ ਜਾਂਦੀ ਹੈ ਕਿਉਂਕਿ ਇਹ ਸੰਵਿਧਾਨਕ ਤੰਤਰ ਰਾਹੀਂ ਸਾਰਿਆਂ ਲਈ ਬਰਾਬਰੀ ਦੀ ਖ਼ਾਹਸ਼ ਹਾਸਲ ਕਰਨ ਨੂੰ ਦਰਸਾਉਂਦੀ ਹੈ। ਕੋਰਟ ਨੇ ਮੌਜੂਦਾ ਮਾਮਲੇ 'ਚ ਕਿਹਾ ਕਿ ਇਹ ਚਹੁਕੋਣੀ ਮੁਕਾਬਲਾ ਸੀ। ਸਰਪੰਚ ਦੇ ਅਹੁਦੇ ਲਈ ਚਾਰ ਲੋਕ ਚੋਣ ਲੜ ਰਹੇ ਸਨ। ਚਾਰ 'ਚੋਂ ਤਿੰਨ ਵਿਅਕਤੀਆਂ ਨੇ ਹਲਫ਼ਨਾਮੇ ਜ਼ਰੀਏ ਚੋਣ ਦੀ ਪਵਿੱਤਰਤਾ 'ਤੇ ਸ਼ੱਕ ਪ੍ਰਗਟਾਇਆ ਤੇ ਵੋਟਾਂ ਦੀ ਮੁੜ ਗਿਣਤੀ ਦਾ ਸਮਰਥਨ ਕੀਤਾ ਹੈ। ਇਹ ਵੀ ਰਿਕਾਰਡ 'ਚ ਆਇਆ ਹੈ ਕਿ ਆਖ਼ਰੀ ਜੇਤੂ ਨੂੰ ਲਾਭ ਪਹੁੰਚਾਉਣ ਲਈ ਜਾਣਬੁੱਝ ਕੇ ਯਤਨ ਕੀਤੇ ਗਏ ਜਿਵੇਂ ਕਿ ਅਪੀਲ ਕਰਤਾ ਨੂੰ ਵੋਟਿੰਗ ਖੇਤ ਦੇ ਆਲੇ ਦੁਆਲੇ ਤੋਂ ਹਟਾਉਣ ਲਈ ਪੁਲਿਸ ਬਲ ਦਾ ਇਸਤੇਮਾਲ ਕਰਨਾ। ਬੈਂਚ ਨੇ ਕਿਹਾ ਕਿ ਵੋਟਿੰਗ ਕੇਂਦਰਾ ਦੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਦੀ ਡਾਇਰੀ, ਜਿਹੜੀ ਮਤਦਾਨ ਦਾ ਰਿਕਾਰਡ ਰੱਖਣ ਵਾਲਾ ਇਕ ਜ਼ਰੂਰੀ ਦਸਤਾਵੇਜ਼ ਹੈ, ਕਾਫ਼ੀ ਯਤਨਾਂ ਦੇ ਬਾਵਜੂਦ ਨਹੀਂ ਮਿਲ ਸਕੀ। ਚੋਣ ਉਮੀਦਵਾਰ ਸਾਰਾ ਦਿਨ ਵੋਟਿੰਗ ਕੇਂਦਰਾਂ 'ਤੇ ਨਜ਼ਰ ਰੱਖਣਾ ਚਾਹੁੰਦਾ ਹੈ ਤੇ ਉਸ ਦੇ ਰਿਕਾਰਡ ਦੀ ਜਾਂਚ ਚਾਹੁੰਦਾ ਹੈ, ਜਿਸ ਤੋਂ ਉਨ੍ਹਾਂ ਨੂੰ ਇਨਕਾਰ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ ਕਿ ਜੇਕਰ ਪ੍ਰਜ਼ਾਈਡਿੰਗ ਅਧਿਕਾਰੀਆਂ ਦੇ ਰਿਕਾਰਡ ਗਾਇਬ ਹਨ ਤੇ ਉਨ੍ਹਾਂ ਨੂੰ ਤਸਦੀਕ ਨਹੀਂ ਕੀਤਾ ਜਾ ਸਕਦਾ ਤਾਂ ਇਹ ਸਥਾਪਿਤ ਮੰਨਿਆ ਜਾ ਸਕਤਾ ਹੈ ਕਿ ਆਖ਼ਰੀ ਨਤੀਜਾ ਸ਼ੱਕੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਚੋਣਾਂ ਨਾਲ ਸਬੰਧਤ ਹਰੇਕ ਦਸਤਾਵੇਜ਼ ਅਹਿਮ ਹੈ ਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਸਾਰੇ ਯਤਨ ਕੀਤੇ ਜਾਣੇ ਚਾਹੀਦੇ ਹਨ। ਕੋਰਟ ਨੇ ਕਿਹਾ ਕਿ ਮੌਜੂਦਾ ਚੋਣ 2021 'ਚ ਹੋਈ ਸੀ ਤੇ ਚਾਰ ਸਾਲ ਬਾਅਦ ਇਸ ਫ਼ੈਸਲੇ ਰਾਹੀਂ ਕਾਨੂੰਨੀ ਪ੍ਰਕਿਰਿਆ ਦੀ ਸਮਾਪਤੀ ਹੋਈ ਹੈ। ਚਾਰ 'ਚੋਂ ਤਿੰਨ ਉਮੀਦਵਾਰਾਂ ਨੇ ਚੋਣ ਦੀ ਸੱਚਾਈ ਤੇ ਉਸ ਨੂੰ ਚਲਾਉਣ ਦੇ ਤਰੀਕੇ 'ਤੇ ਸਵਾਲ ਉਠਾਏ ਹਨ। ਚੋਣਾਂ ਨਾਲ ਸਬੰਧਤ ਅਹਿਮ ਦਸਤਾਵੇਜ਼ ਗਾਇਬ ਹਨ ਤੇ ਗਾਇਬ ਹੋਣ ਦਾ ਕੋਈ ਸਪਸ਼ਟੀਕਰਨ ਨਹੀਂ ਹੈ। ਮੌਜੂਦਾ ਤੱਥਾਂ ਨੂੰ ਦੇਖਦਿਆਂ ਮੁੜ ਗਿਣਤੀ ਹੀ ਇਨਸਾਫ਼ ਹੋਵੇਗੀ। ਸੁਪਰੀਮ ਕੋਰਟ ਨੇ ਜੇਤੂ ਵਿਜੇ ਬਹਾਦੁਰ ਦੀ ਅਪੀਲ ਸਵੀਕਾਰ ਕਰਦੇ ਹੋਏ ਹਾਈ ਕੋਰਟ ਦਾ ਫ਼ੈਸਲਾ ਰੱਦ ਕਰ ਦਿੱਤਾ ਹੈ ਤੇ ਮੁੜ ਵੋਟਿੰਗ ਦਾ ਐੱਸ.ਡੀ.ਐੱਮ. ਦਾ ਹੁਕਮ ਬਹਾਲ ਕਰ ਦਿੱਤਾ ਹੈ।

## ਡੀਐੱਮਕੇ ਨੇ ਤਾਮਿਲਨਾਡੂ ਦੇ ਹੱਕਾਂ ਦੀ ਰਾਖੀ ਲਈ ਲਿਆ ਅਹਿਦ



**ਚੇਨਈ:** ਡੀਐੱਮਕੇ ਸੰਸਦ ਮੈਂਬਰਾਂ ਨੇ ਐਤਵਾਰ ਨੂੰ ਲੋਕ ਸਭਾ ਸੀਟਾਂ ਦੀ ਹੱਦਬੰਦੀ ਕੀਤੇ ਜਾਣ ਦੇ ਮੁੱਦੇ 'ਤੇ ਤਾਮਿਲਨਾਡੂ ਦੇ ਹੱਕਾਂ ਦੀ ਰਾਖੀ ਲਈ ਸੰਸਦ ਵਿਚ ਆਵਾਜ਼ ਬੁਲੰਦ ਕਰਨ ਦਾ ਪ੍ਰਣ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਬਾਦੀ ਅਧਾਰਤ ਇਹ ਅਮਲ ਨਾ-ਸਿਰਫ਼ ਦੱਖਣ ਭਾਰਤੀ ਸੂਬਿਆਂ ਬਲਕਿ ਓਡੀਸ਼ਾ ਤੇ ਬੰਗਾਲ ਨੂੰ ਵੀ ਪ੍ਰਭਾਵਤ ਕਰੇਗਾ।

ਡੀਐੱਮਕੇ ਦੀ ਮੀਟਿੰਗ ਪਾਰਟੀ ਪ੍ਰਧਾਨ ਤੇ ਮੁੱਖ ਮੰਤਰੀ ਐੱਮਕੇ ਸਟਾਲਿਨ ਦੀ ਅਗਵਾਈ ਵਿਚ ਹੋਈ। ਮੀਟਿੰਗ ਵਿਚ ਮਤਾ ਪਾਇਆ ਗਿਆ ਕਿ ਸੰਸਦ ਵਿਚ ਇਸ ਮੁੱਦੇ ਨੂੰ ਸੰਜੀਦਗੀ ਨਾਲ ਉਭਾਰਿਆ ਜਾਵੇਗਾ।

## ਮੀਡੀਆ ਦੀ ਨਿਗਰਾਨੀ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਨਹੀਂ: ਸਰਕਾਰ



**ਮੁੰਬਈ:**ਮਹਾਂਰਾਸ਼ਟਰ ਸਰਕਾਰ ਨੇ ਐਤਵਾਰ ਨੂੰ ਮੁੰਬਈ ਪ੍ਰੈੱਸ ਕਲੱਬ ਵੱਲੋਂ ਮੀਡੀਆ ਨਿਗਰਾਨੀ ਕਰਨ ਨੂੰ ਪ੍ਰੈੱਸ ਦੀ ਸੁਤੰਤਰਤਾ 'ਤੇ ਹਮਲਾ ਦੱਸੇ ਜਾਣ ਨੂੰ ਸਪੱਸ਼ਟ ਤੌਰ 'ਤੇ ਖਾਰਜ ਕੀਤਾ ਹੈ। ਮੁੰਬਈ ਪ੍ਰੈੱਸ ਕਲੱਬ ਦੇ ਬਿਆਨ 'ਤੇ ਆਪਣੀ ਪ੍ਰਤੀਕਿਰਿਆ ਵਿਚ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਸ ਪਹਿਲ ਦਾ ਉਦੇਸ਼ ਨਾ ਤਾਂ ਪੱਤਰਕਾਰਾਂ ਦੀ ਨਿਗਰਾਨੀ ਕਰਨਾ ਹੈ ਨਾ ਹੀ ਨੁਕਤਾਚੀਨੀ ਨੂੰ ਦਬਾਉਣਾ ਹੈ ਬਲਕਿ ਇਸ ਦਾ ਉਦੇਸ਼ ਲੋਕਾਂ ਦੀ ਸਮਝ ਨੂੰ ਕਮਜ਼ੋਰ ਕਰਨ ਵਾਲੀਆਂ ਗ਼ਲਤ ਸੂਚਨਾਵਾਂ ਦੀ ਸ਼ਨਾਖ਼ਤ ਕਰਨਾ ਤੇ ਫਿਰ ਸਹੀ ਕਰਨਾ ਹੈ। ਸਰਕਾਰ ਨੇ ਕਿਹਾ ਹੈ ਕਿ ਮੀਡੀਆ ਨਿਗਰਾਨੀ ਕੇਂਦਰ ਵਿਚ ਪੱਤਰਕਾਰਾਂ ਦਾ ਨਹੀਂ ਬਲਕਿ ਖ਼ਬਰ ਸਮੱਗਰੀ ਦਾ ਵਿਸ਼ਲੇਸ਼ਣ ਕੀਤਾ ਜਾਣਾ ਹੈ।

# ਬੋਫਰਜ਼ ਬਾਰੇ ਖੋਜੀ ਕਿਤਾਬ ਦੀ ਲੇਖਿਕਾ ਸਟੈਂਡ 'ਤੇ ਕਾਇਮ

**ਨਵੀਂ ਦਿੱਲੀ:** ਪੱਤਰਕਾਰ ਤੇ ਲੇਖਿਕਾ ਚਿੱਤਰਾ ਸੁਬਰਾਮਨੀਅਮ ਨੇ ਸੀਬੀਆਈ ਤੋਂ ਪੁੱਛਿਆ ਹੈ ਕਿ ਬੋਫੋਰਸ ਤੋਪ ਦਲਾਲੀ ਕਾਂਡ ਵਿਚ ਸਵਿਟਜ਼ਰਲੈਂਡ ਤੋਂ ਆਏ ਸਬੂਤਾਂ ਦੇ ਬਕਸਿਆਂ ਨੂੰ ਹੁਣ ਤੱਕ ਉਜਾਗਰ ਕਿਉਂ ਨਹੀਂ ਕੀਤਾ ਗਿਆ।



'ਬੋਫੋਰਸਗੇਟ ਏ ਜਰਨਲਿਸਟ ਤੇ ਪਰਸੁਏਟ ਆਫ ਟਰੁੱਥ' ਦੀ ਲੇਖਿਕਾ ਚਿੱਤਰਾ ਸੁਬਰਾਮਨੀਅਮ ਨੇ ਇਕ ਇੰਟਰਵਿਊ ਵਿਚ ਦਾਅਵਾ ਕੀਤਾ ਹੈ ਕਿ ਆਖਰ ਕਿਸ ਨੇ ਸਬੂਤਾਂ ਦੇ ਬਕਸੇ ਖੋਲ੍ਹੇ ਸਨ ਤੇ ਉਨ੍ਹਾਂ ਬਕਸਿਆਂ ਵਿਚ ਆਖਰ ਕੀ ਸੀ? ਲੇਖਿਕਾ ਚਿੱਤਰਾ ਨੇ ਹੈਰਾਨੀ ਜ਼ਾਹਰ ਕਰਦੇ ਹੋਏ ਪੁੱਛਿਆ ਹੈ ਕਿ ਜੇ 18 ਫ਼ੀਸਦ ਦਲਾਲੀ ਲਈ ਸੀ ਤਾਂ ਉਸ ਸਮੇਂ ਕੇਂਦਰ ਸਰਕਾਰ ਨੂੰ ਸਵੀਡਿਸ਼ ਫਰਮ ਦੀ ਬੋਫੋਰਸ ਤੋਪਾਂ ਦੀ ਦਲਾਲੀ ਦਾ ਕੀ ਹੋਇਆ ਸੀ? ਚਿੱਤਰਾ ਨੇ ਕਿਹਾ ਕਿ ਉਸ ਸਮੇਂ ਦੇ ਰੱਖਿਆ ਮੰਤਰੀ ਜਾਰਜ ਫਰਨਾਂਡੀਸ ਨੇ ਵਰ੍ਹਾ 1999 ਦੇ ਅੰਤ ਵਿਚ ਉਦੋਂ ਉਨ੍ਹਾਂ ਨੂੰ ਕਿਹਾ ਸੀ ਕਿ ਬਰਜੇਸ਼ ਮਿਸ਼ਰਾ ਨੇ ਉਨ੍ਹਾਂ ਬਕਸਿਆਂ ਨੂੰ ਖੋਲ੍ਹਣ ਲਈ ਕਿਉਂ ਨਾਂਹ ਕੀਤੀ ਸੀ? ਚਿੱਤਰਾ ਨੇ ਕਿਹਾ ਹੈ ਕਿ ਸੀਬੀਆਈ ਕਹਿ ਰਹੀ ਹੈ ਕਿ ਉਸ ਨੇ ਜੋ ਵੀ ਕਹਿਣਾ ਸੀ, ਕਹਿ ਦਿੱਤਾ ਹੈ ਪਰ ਮੈਂ ਜੋ ਕਹਿਣਾ ਸੀ, ਮੈਂ ਵੀ ਕਹਿ ਦਿੱਤਾ ਹੈ ਕਿ ਸਟੈਂਡ 'ਤੇ ਕਾਇਮ ਹਾਂ।

# ਵਾਤਾਵਰਣ 'ਚ ਤਬਦੀਲੀ ਦੀ ਸਮੱਸਿਆ ਗੰਭੀਰ: ਵਿਗਿਆਨੀ

**ਨਵੀਂ ਦਿੱਲੀ:** ਜਲਵਾਯੂ ਤਬਦੀਲੀ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਵੱਧਦੇ ਤਾਪਮਾਨ ਦੀ ਵਜ੍ਹਾ ਨਾਲ ਭਵਿੱਖ ਵਿਚ ਲਾ ਨੀਨਾ ਸ਼ਾਇਦ ਹੀ ਅਸਰ ਦਿਖਾ ਸਕਿਆ ਕਰੇਗਾ। ਮੁਲਕ ਵਿਚ ਵੱਧ ਰਹੇ ਤਾਪਮਾਨ ਦਾ ਮੁਲੰਕਣ ਕਰਦੇ ਹੋਏ ਜਲਵਾਯੂ ਵਿਗਿਆਨੀਆਂ ਨੇ ਆਗਾਹ ਕੀਤਾ ਹੈ। ਅਲ ਨੀਨੋ ਤੇ ਲਾ ਨੀਨਾ ਮੌਸਮ ਦੇ ਗੁੰਝਲਦਾਰ ਪੈਟਰਨ ਹਨ। ਦੱਖਣੀ ਅਮਰੀਕਾ ਲਾਗੇ ਪ੍ਰਸ਼ਾਂਤ ਮਹਾਂਸਾਗਰ ਵਿਚ ਪਾਣੀ ਗਰਮ ਹੋਣ ਦੀ ਘਟਨਾ ਨੂੰ 'ਅਲ ਨੀਨੋ' ਜਦਕਿ ਪ੍ਰਸ਼ਾਂਤ ਮਹਾਂਸਾਗਰ ਵਿਚ ਪਾਣੀ ਦੇ ਠੰਢੇ ਹੋਣ ਦੀ ਘਟਨਾ ਨੂੰ ਲਾ ਨੀਨਾ ਕਹਿੰਦੇ ਹਨ।




ਮੌਸਮ ਵਿਗਿਆਨ ਵਿਭਾਗ ਨੇ ਇਸ ਵਰ੍ਹੇ ਸਮੇਂ ਤੋਂ ਪਹਿਲਾਂ ਗਰਮੀ ਪੈਣ, ਆਮ ਨਾਲੋਂ ਵੱਧ ਤਾਪਮਾਨ ਅਤੇ ਤੀਬਰ ਤੇ ਲੰਮੇ ਸੇਂ ਤੱਕ ਲੂ ਵਗਣ ਬਾਰੇ ਪੇਸ਼ੀਨਗੋਈ ਕੀਤੀ ਹੈ। ਮੁਲਕ ਵਿਚ 1901 ਤੋਂ ਬਾਅਦ ਤੋਂ ਇਸ ਸਾਲ ਸਭ ਤੋਂ ਵੱਧ ਗਰਮ ਫਰਵਰੀ ਦਾ ਮਹੀਨਾ ਦਰਜ ਕੀਤਾ ਗਿਆ ਹੈ। ਭਾਰਤ ਵਿਚ 2024 ਦੀਆਂ ਗਰਮੀਆਂ ਦੌਰਾਨ ਲੂ ਵਾਲੇ ਦਿਨਾਂ ਦੀ ਗਿਣਤੀ 14 ਸਾਲਾਂ ਵਿਚ ਸਭ ਤੋਂ ਵੱਧ ਰਹੀ। ਉੱਤਰ-ਪੱਛਮੀ ਖੇਤਰ ਵਿਚ 1091 ਤੋਂ ਬਾਅਦ ਤੋਂ ਸਭ ਤੋਂ ਗਰਮ ਜੂਨ ਮਹੀਨਾ ਦਰਜ ਕੀਤਾ ਗਿਆ ਹੈ।

ਭਾਰਤੀ ਤਕਨੀਕੀ ਸੰਸਥਾਨ (ਆਈਆਈਟੀ) ਬੰਬੇ ਦੇ ਜਲਵਾਯੂ ਅਧਿਐਨ ਕੇਂਦਰ ਦੀ ਐਸੋਸੀਏਟ ਪ੍ਰੋ. ਅਰਪਿਤਾ ਮੰਡਲ ਨੇ ਦੱਸਿਆ ਕਿ ਮੌਸਮ ਵਿਭਾਗ ਦੀ ਜਾਣਕਾਰੀ ਤੋਂ ਪਤਾ ਚੱਲਦਾ ਹੈ। ਕਿ ਇਸ ਵਰ੍ਹੇ ਗ਼ੈਰ-ਸਧਾਰਨ ਤੌਰ 'ਤੇ ਖ਼ੁਸ਼ਕ ਸਰਦੀ ਪਈ। ਸਰਦੀਆਂ ਵਿਚ ਮੀਂਹ ਨਾ ਦੇ ਬਰਾਬਰ ਪਏ ਹਨ। ਬਾਰਸ਼ ਕੁਦਰਤ ਦੀ ਠੰਢੀ ਕਰਨ ਦੀ ਪ੍ਰਕਿਰਿਆ ਹੁੰਦੀ ਹੈ ਜੋ ਕਿ ਤਾਪਮਾਨ ਘੱਟ ਕਰਨ ਵਿਚ ਮਦਦ ਕਰਦੀ ਹੈ।

ਆਈ.ਆਈ.ਟੀ. ਗਾਂਧੀ ਨਗਰ ਵਿਚ ਸਿਵਲ ਇੰਜੀਨੀਰਿੰਗ ਦੇ ਚੇਅਰ ਪ੍ਰੋਫੈਸਰ ਵਿਮਲ ਮਿਸ਼ਰਾ ਨੇ ਕਿਹਾ ਕਿ ਅਲ ਨੀਨੋ ਤੇ ਲਾ ਨੀਨਾ ਕਾਰਨ ਤਾਪਮਾਨ 'ਤੇ ਅਸਰ ਪੈਂਦਾ ਹੈ। ਅਲ ਨੀਨੋ ਜਿਹੇ ਹਾਲਾਤ ਵਿਚ ਸਰਦੀਆਂ ਤੋਂ ਤੁਰੰਤ ਬਾਅਦ ਗਰਮ ਬਸੰਤ ਜਾਂ ਗਰਮ ਤਾਪਮਾਨ ਦੇਖਣ ਨੂੰ ਮਿਲਿਆ ਹੈ। ਮੌਸਮ ਵਿਚ ਹੋ ਰਹੀ ਇਹ ਤਬਦੀਲੀ ਕੁਦਰਤੀ ਚੱਕਰ ਨੂੰ ਪ੍ਰਭਾਵਤ ਕਰ ਰਹੀ ਹੈ।'

# ਮਹਾਂਕੁੰਭ 'ਚ ਇਸ਼ਨਾਨ ਲਈ ਮੁਹੱਈਆ ਪਾਣੀ ਨਹੀਂ ਸੀ ਪਲੀਤ-ਰਿਪੋਰਟ 'ਚ ਦਾਅਵਾ

**ਨਵੀਂ ਦਿੱਲੀ:** ਪ੍ਰਯਾਗਰਾਜ ਵਿਚ ਹਾਲ ਹੀ ਵਿਚ ਸੰਪਨ ਹੋਏ ਮਹਾਂਕੁੰਭ ਦੌਰਾਨ ਗੰਗਾ ਨਦੀ ਦੇ ਪਾਣੀ ਦੀ ਗੁਣਵੰਤਾ ਨੂੰ ਲੈ ਕੇ ਉੱਠਣ ਵਾਲੇ ਸਵਾਲਾਂ ਅਤੇ ਅਟਕਲਾਂ 'ਤੇ ਰੋਕ ਲਾਉਂਦੇ ਹੋਏ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਨੇ ਆਪਣੀ ਤਾਜ਼ਾ ਰਿਪੋਰਟ ਵਿਚ ਕਿਹਾ ਹੈ ਕਿ ਪਾਣੀ ਦਾ ਮਿਆਰ ਇਸ਼ਨਾਨ ਲਈ ਬਿਲਕੁਲ ਢੁਕਵਾਂ ਸੀ। ਕੌਮੀ ਹਰਿਆਲੀ ਅਥਾਰਟੀ (ਐਨਜੀਟੀ) ਨੂੰ ਸੌਂਪੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਣੀ ਦੀ ਗੁਣਵੰਤਾ ਪਰਖਣ ਲਈ ਵੱਖ-ਵੱਖ ਤਰੀਕਾਂ 'ਤੇ ਇੱਕ ਸਥਾਨ ਤੋਂ ਅਤੇ ਇੱਕੋ ਦਿਨ ਵੱਖ-ਵੱਖ ਥਾਵਾਂ ਤੋਂ ਇਕੱਠੇ ਕੀਤੇ ਗਏ ਜਲ ਦੇ ਨਮੂਨਿਆਂ ਵਿਚ 'ਡਾਟਾ ਵਿਚ ਭਿੰਨਤਾ' ਦੇਖੀ ਗਈ ਹੈ।




28 ਫਰਵਰੀ ਵਾਲੀ ਇਸ ਰਿਪੋਰਟ ਨੂੰ ਸੱਤ ਮਾਰਚ ਨੂੰ ਐਨਜੀਟੀ ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਗਿਆ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗਿਣਤੀ ਪੱਖੋਂ ਵਿਸ਼ਲੇਸ਼ਣ ਮੁਤਾਬਕ ਪ੍ਰਯਾਗਰਾਜ ਵਿਚ ਗੰਗਾ ਯਮੁਨਾ ਨਦੀ ਦੀ ਨਿਗਰਾਨੀ ਵਾਲੀਆਂ ਥਾਵਾਂ ਮਹਾਂਕੁੰਭ ਦੌਰਾਨ ਇਸ਼ਨਾਨ ਕਰਨ ਦੇ ਨਜ਼ਰੀਏ ਨਾਲ ਜਲ ਦੀ ਗੁਣਵੱਤਾ ਮੁਢਲੇ ਜਲ ਗੁਣਵੱਤਾ ਮਾਪਦੰਡ ਮੁਤਾਬਕ ਬਿਲਕੁਲ ਫ਼ਾਇਦੇਮੰਦ ਸੀ।

ਇਸ ਕਾਰਜ ਦੇ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਗੰਗਾ ਲਾਗੇ ਪੰਜ ਥਾਵਾਂ ਤੋਂ ਅਤੇ 12 ਜਨਵਰੀ ਤੋਂ ਹਫ਼ਤੇ ਵਿਚ ਦੋ ਵਾਰ ਜਲ ਦੀ ਨਿਗਰਾਨੀ ਕੀਤੀ। ਇਸ ਵਿਚ ਸ਼ੁਭਇਸ਼ਨਾਨ ਵਾਲੇ ਦਿਨ ਵੀ ਸ਼ਾਮਲ ਸਨ। ਰਿਪੋਰਟ ਵਿਚ ਇਹ ਪ੍ਰਵਾਨ ਕੀਤਾ ਗਿਆ ਹੈ ਕਿ ਪਾਣੀ ਦੀ ਗੁਣਵੱਤਾ ਦੇ ਡਾਟਾ ਵਿਚ ਇਹ ਫ਼ਰਕ ਕਈ ਕਾਰਨਾਂ ਕਰ ਕੇ ਪਾਇਆ ਗਿਆ। ਇਸ ਵਿਚ ਸੀਵੇਜ ਨਾਲਿਆਂ, ਸਹਾਇਕ ਨਦੀਆਂ ਦੇ ਪ੍ਰਵਾਹ ਤੇ ਮੌਸਮ ਦੀ ਸਥਿਤੀ ਦਾ ਅਸਰ ਸ਼ਾਮਲ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਔਸਤ ਫੇਕਲ ਕੋਲੀਫਾਰਮ (ਐੱਫਸੀ) ਦਾ ਪੱਧਰ 1400 ਐਮਪੀਐਨ/100 ਮਿ.ਲੀ. ਸੀ, ਜੋ ਕਿ 25,00 ਐੱਮਪੀਐੱਨ/100 ਮਿ.ਲੀ. ਸੀ। ਘੁਲੀ ਆਕਸੀਜਨ (ਡੀਓ) 8.7 ਮਿਲੀਗ੍ਰਾਮ/ਲੀਟਰ ਦਰਜ ਕੀਤੀ ਗਈ ਜੋ ਕਿ ਜ਼ਰੂਰੀ ਘੱਟੋ ਘੱਟ ਪੰਜ ਮਿਲੀਗ੍ਰਾਮ/ਲੀਟਰ ਤੋਂ ਵੱਧ ਸੀ। ਜਦਕਿ ਜੈਵ ਰਸਾਇਣਕ ਆਕਸੀਜਨ (ਬੀਓਡੀ) ਦੀ ਮੰਗ 2.56 ਮਿਲੀਗ੍ਰਾਮ/ਲੀਟਰ ਸੀ ਜੋ ਕਿ ਤਿੰਨ ਮਿਲੀਗ੍ਰਾਮ/ਲੀਟਰ ਦੀ ਮੰਨਣਯੋਗ ਹੱਦ ਦੇ ਅੰਦਰ-ਅੰਦਰ ਸੀ।

# ਨਸ਼ਾ ਸਮੱਗਲਰ ਦੀ 3.50 ਕਰੋੜ ਦੀ ਜਾਇਦਾਦ ਜ਼ਬਤ

**ਜੰਮੂ:** ਜੰਮੂ-ਕਸ਼ਮੀਰ ਪੁਲਿਸ ਨੇ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਬਡਗਾਮ ਜ਼ਿਲ੍ਹੇ ਵਿਚ ਨਸ਼ਾ ਤਸਕਰ ਦੀ 3.50 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਹ ਅਚੱਲ ਜਾਇਦਾਦ ਸੋਈਬੁਗ ਇਲਾਕੇ ਵਿਚ ਹੈ। ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜ਼ਬਤ ਕੀਤੀਆਂ ਜਾਇਦਾਦਾਂ ਵਿਚ



40 ਦੁਕਾਨਾਂ ਵਾਲਾ ਚਾਰ-ਮੰਜ਼ਿਲਾ ਕੰਪਲੈਕਸ ਤੇ ਕਰੀਬ ਛੇ ਕਨਾਲ ਜ਼ਮੀਨ ਸ਼ਾਮਲ ਹੈ। ਇਹ ਜਾਇਦਾਦਾਂ ਗੁਲਾਮ ਅਹਿਮਦ ਡਾਰ ਉਰਫ਼ ਗੁਲ ਸਾਕਾ ਦੀਆਂ ਹਨ।

# ਅਮਰੀਕਾ 'ਚ ਮੰਦਰ ਨੂੰ ਮੁੜ ਬਣਾਇਆ ਨਿਸ਼ਾਨਾ

**ਨਿਊਯਾਰਕ:** ਅਮਰੀਕਾ ਵਿਚ ਇਕ ਵਾਰ ਮੁੜ ਮੰਦਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਲਾਸ ਏਂਜਲਸ ਵਿਚ ਖ਼ਾਲਿਸਤਾਨੀ ਰਿਫਰੈਂਡਮ ਤੋਂ ਕੁਝ ਦਿਨ ਪਹਿਲਾਂ ਕੈਲੀਫੋਰਨੀਆ ਦੇ ਚਿਨੋ ਹਿਲਜ਼ ਸਥਿਤ ਸਵਾਮੀ ਨਾਰਾਇਣ ਮੰਦਰ 'ਤੇ ਇਤਰਾਜ਼ਯੋਗ ਸੰਦੇਸ਼ ਲਿਖ ਕੇ ਇਸਨੂੰ ਨੁਕਸਾਨ ਪਹੁੰਚਾਇਆ ਗਿਆ। ਭਾਰਤ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਅਤੇ ਘਟਨਾ ਵਿਚ ਸ਼ਾਮਲ ਲੋਕਾਂ




ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ (ਬੀਏਪੀਐੱਸ) ਨੇ ਕਿਹਾ ਕਿ ਸੈਨ ਬਰਨਾਡਿਰਨੋ ਕਾਉਂਟੀ ਦੇ ਚੀਨੋ ਹਿਲਜ਼ ਸ਼ਹਿਰ ਵਿਚ ਸਥਿਤ ਉਸ ਦੇ ਸ੍ਰੀ ਸਵਾਮੀਨਾਰਾਇਣ ਮੰਦਰ ਨੂੰ ਅਪਵਿੱਤਰ ਕੀਤਾ ਗਿਆ। ਚੀਨੋ ਹਿਲਜ਼ ਲਾਸ ਏਂਜਲਸ ਕਾਉਂਟੀ ਦੀ ਹੱਦ 'ਤੇ ਹੈ। ਬੀਏਪੀਐੱਸ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ਇਕ ਹੋਰ ਮੰਦਰ ਅਪਵਿੱਤਰ ਕੀਤਾ ਗਿਆ। ਇਸ ਵਾਰ ਇਹ ਘਟਨਾ ਕੈਲੀਫੋਰਨੀਆ ਵਿਚ ਚੀਨੋ ਹਿਲਜ਼ ਵਿਚ ਹੋਈ। ਹਿੰਦੂ ਭਾਈਚਾਰਾ ਨਫ਼ਰਤ ਦੇ ਖ਼ਿਲਾਫ਼ ਦ੍ਰਿੜਤਾ ਨਾਲ ਖੜ੍ਹਾ ਹੈ। ਚੀਨੋ ਹਿਲਜ਼ ਦੱਖਣੀ ਕੈਲੀਫੋਰਨੀਆ ਵਿਚ ਭਾਈਚਾਰਾ ਇਕੱਠਿਆਂ ਹੈ ਅਤੇ ਅਸੀਂ ਕਦੀ ਨਫਰਤ ਨੂੰ ਜੜ੍ਹਾਂ ਨਹੀਂ ਲਾਉਣ ਦੇਵਾਂਗੇ। ਪੋਸਟ ਵਿਚ ਘਟਨਾ ਦਾ ਬਿਓਰਾ ਦਿੱਤੇ ਬਿਨਾਂ ਕਿਹਾ ਗਿਆ ਹੈ ਕਿ ਸਾਡੀ ਸਾਂਝੀ ਮਨੁੱਖਤਾ ਤੇ ਆਸਥਾ ਇਹ ਯਕੀਨੀ ਕਰੇਗੀ ਕਿ ਸ਼ਾਂਤੀ ਤੇ ਕਰੁਣਾ ਕਾਇਮ ਰਹੇ। ਭਾਰਤ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਅਤੇ ਘਟਨਾ ਦੇ ਮੱਦੇਨਜ਼ਰ ਪੂਜਾ ਵਾਲੀਆਂ ਥਾਵਾਂ ਦੀ ਲੋੜੀਂਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੱਦਾ ਦਿੱਤਾ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਸੀਂ ਕੈਲੀਫੋਰਨੀਆ ਦੇ ਚਿਨੋ ਹਿਲਜ਼ ਵਿਚ ਮੰਦਰ ਨੂੰ ਨੁਕਸਾਨ ਪਹੁੰਚਾਉਣ ਬਾਰੇ ਰਿਪੋਰਟ ਦੇਖੀ ਹੈ। ਇਸ ਤਰ੍ਹਾਂ ਦੇ ਨਫ਼ਰਤੀ ਕਾਰਿਆਂ ਦੀ ਸਖ਼ਤ ਨਿਖੇਧੀ ਕਰਦੇ ਹਾਂ। ਅਸੀਂ ਸਥਾਨਕ ਪ੍ਰਸ਼ਾਸਨ ਨੂੰ ਇਨ੍ਹਾਂ ਕਾਰਿਆਂ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਪੂਜਾ ਵਾਲੀਆਂ ਥਾਵਾਂ ਦੀ ਲੋੜੀਂਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੱਦਾ ਦਿੰਦੇ ਹਾਂ। ਗ਼ੈਰ-ਲਾਭਕਾਰੀ ਸੰਗਠਨ 'ਹਿੰਦੂ ਅਮਰੀਕਨ ਫਾਉਂਡੇਸ਼ਨ' ਨੇ ਕਿਹਾ ਕਿ ਕੈਲੀਫੋਰਨੀਆ ਦੇ ਸਭ ਤੋਂ ਵੱਡੇ ਹਿੰਦੂ ਮੰਦਰ ਨੂੰ ਅਪਵਿੱਤਰ ਕਰਨ ਦੀ ਇਹ ਘਟਨਾ ਸ਼ਨਿਚਰਵਾਰ ਨੂੰ ਹੋਈ। ਉਨ੍ਹਾਂ ਐੱਫਬੀਆਈ ਅਤੇ ਉਸ ਦੇ ਡਾਇਰੈਕਟਰ ਕਾਸ਼ ਪਟੇਲ ਤੋਂ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ।

# ਐੱਨ.ਆਰ.ਆਈ. ਨੇ ਕਈ ਕਿਲੋਮੀਟਰ ਤੱਕ ਘੜੀਸਿਆ ਬਾਈਕ ਸਵਾਰ

**ਗੁਰਾਇਆ:** ਵੀਰਵਾਰ ਦੇਰ ਰਾਤ ਵਾਪਰੇ ਹਾਦਸੇ 'ਚ ਐਨ.ਆਰ.ਆਈ. ਆਪਣੀ ਗੱਡੀ ਹੇਠਾਂ ਮੋਟਰਸਾਈਕਲ ਨੂੰ ਕਈ ਕਿਲੋਮੀਟਰ ਤੱਕ ਘੜੀਸਦਾ ਲੈ ਗਿਆ। ਇਸ ਨਾਲ ਜਿੱਥੇ ਦੋ ਵਿਅਕਤੀ ਜ਼ਖ਼ਮੀ ਹੋਏ ਉੱਥੇ ਹੀ ਮੋਟਰਸਾਈਕਲ ਵੀ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ। ਜ਼ਖ਼ਮੀਆਂ ਦੀ ਪਛਾਣ ਸੁਰਿੰਦਰ ਸਿੰਘ ਤੇ ਸੰਦੀਪ ਸਿੰਘ ਦੋਨੋਂ ਵਾਸੀ ਗੁਰਾਇਆ ਵਜੋਂ ਹੋਈ ਹੈ।ਜਾਣਕਾਰੀ ਮੁਤਾਬਕ ਐੱਸ.ਐੱਸ.ਐੱਫ. ਦੀ ਟੀਮ ਨੇ ਲੋਕਾਂ ਦੀ ਮਦਦ ਨਾਲ ਜ਼ਖ਼ਮੀਆ ਨੂੰ ਸਿਵਲ ਹਸਪਤਾਲ ਫਿਲੌਰ 'ਚ ਦਾਖ਼ਲ ਕਰਵਾਇਆ ਗਿਆ। ਇਸ ਸਬੰਧੀ ਐੱਸ.ਐੱਸ.ਐੱਫ. ਦੇ ਇੰਚਾਰਜ ਏ.ਐੱਸ.ਆਈ. ਸਰਬਜੀਤ ਸਿੰਘ ਨੇ ਦੱਸਿਆ ਕਿ ਰਾਹਗੀਰਾਂ ਤੋਂ ਮਿਲੀ ਸੂਚਨਾ ਅਨੁਸਾਰ ਐੱਸ.ਐੱਸ.ਐੱਫ. ਟੀਮ ਨੇ ਹਾਦਸੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਦੇਖਿਆ ਕਿ ਮੋਟਰਸਾਈਕਲ ਸਵਾਰ ਹੋਟਲ ਸਟੈਲਾ ਦੇ ਸਾਹਮਣੇ ਗੰਭੀਰ ਰੂਪ 'ਚ ਜ਼ਖਮੀ ਹਾਲਤ 'ਚ ਮਿਲੇ ਜਿਨ੍ਹਾਂ ਦਾ ਨਾਮ ਸੁਰਿੰਦਰ ਸਿੰਘ ਤੇ ਸੰਦੀਪ ਸਿੰਘ ਹੈ, ਜੋ ਗੁਰਾਇਆ ਤੋਂ ਆ ਰਹੇ ਸਨ। ਏਐੱਸਆਈ ਨੇ ਦੱਸਿਆ ਕਿ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਨੂੰ ਅਜੈਬ ਸਿੰਘ ਵਾਸੀ ਫਗਵਾੜਾ ਚਲਾ ਰਿਹਾ ਸੀ, ਜੋ ਇੰਗਲੈਂਡ ਤੋਂ ਆਇਆ



ਹੋਇਆ ਹੈ। ਤੇ ਨਸ਼ੇ ਦਾ ਸੇਵਨ ਕੀਤਾ ਹੋਇਆ ਸੀ। ਇਹ ਜ਼ਖਮੀ ਹਾਲਤ 'ਚ ਡਿੱਗ ਹੋਏ ਸਨ। ਗੱਡੀ 'ਚ ਦੂਸਰਾ ਵਿਅਕਤੀ ਤੀਰਥ ਸਿੰਘ ਪੁੱਤਰ ਪਾਖਰ ਸਿੰਘ ਪਿੰਡ ਚਚਰਾੜੀ ਵੀ ਸਵਾਰ ਸੀ। ਟੀਮ ਨੇ ਮੌਕੇ 'ਤੇ ਲੋਕਾਂ ਦੀ ਸਹਾਇਤਾ ਨਾਲ ਸਰਕਾਰੀ ਗੱਡੀ ਰਾਹੀਂ ਦੋਨੋਂ ਜ਼ਖ਼ਮੀ ਵਿਅਕਤੀਆਂ ਨੂੰ ਸਿਵਲ ਹਸਪਤਾਲ ਫਿਲੌਰ ਦਾਖਲ ਕਰਵਾਇਆ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਫੋਨ ਰਾਹੀਂ ਸੂਚਿਤ ਕੀਤਾ ਗਿਆ। ਅਗਲੀ ਕਾਰਵਾਈ ਲਈ ਥਾਣਾ ਗੁਰਾਇਆ ਤੋਂ ਏਐੱਸਆਈ ਬਾਵਾ ਸਿੰਘ ਤਫਤੀਸ਼ ਕਰ ਰਹੇ ਹਨ।

## ਹਾਦਸੇ ਦੀ ਵੀਡੀਓ ਆਈ ਸਾਹਮਣੇ

ਇਸ ਸਾਰੇ ਹਾਦਸੇ ਦੀ ਰਾਹਗੀਰ ਵੱਲੋਂ ਵੀਡੀਓ ਵੀ ਬਣਾਈ ਗਈ ਹੈ। ਇਸ 'ਚ ਸਾਫ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਗੁਰਾਇਆ ਦੇ ਹੋਟਲ ਸਟੈਲਾ ਤੋਂ ਪਿੱਛੇ ਹੀ ਇੰਡੀਕਾ ਗੱਡੀ ਕਾਰ ਸਵਾਰ ਐਨ.ਆਰ.ਆਈ. ਜੋ ਮੋਟਰਸਾਈਕਲ ਨੂੰ ਸੜਕ 'ਤੇ ਆਪਣੀ ਗੱਡੀ ਦੇ ਅੱਗੇ ਘੜੀਸਦਾ ਹੋਇਆ ਗੁਰਾਇਆ ਮੁੱਖ ਚੌਕ ਤੱਕ ਲੈ ਕੇ ਆ ਰਿਹਾ ਸੀ। ਸੜਕ ਤੇ ਚੰਗਿਆੜੇ ਵੀ ਨਿਕਲ ਰਹੇ ਹਨ ਪਰ ਐਨਆਰਆਈ ਵੱਲੋਂ ਕਾਰ ਨਹੀਂ ਰੋਕੀ ਜਾ ਰਹੀ। ਇਸ ਤੋਂ ਬਾਅਦ ਗੁਰਾਇਆ 'ਚ ਰਾਹਗੀਰਾਂ ਨੇ ਪੁਲਿਸ ਦੀ ਮਦਦ ਨਾਲ ਗੱਡੀ ਨੂੰ ਰੋਕਿਆ ਤੇ ਕਾਰ ਹੇਠਾਂ ਤੋਂ ਮੋਟਰਸਾਈਕਲ ਨੂੰ ਬਾਹਰ ਕੱਢਿਆ ਪਰ ਮੋਟਰਸਾਈਕਲ ਸਵਾਰ ਪਿੱਛੇ ਹੀ ਜ਼ਖ਼ਮੀ ਹਾਲਤ 'ਚ ਡਿੱਗੇ ਹੋਏ ਸਨ।

ਪੰਜਾਬ ਟਾਈਮਜ਼

15 ਮਾਰਚ, ਸ਼ਨਿਚਰਵਾਰ

# ਤਾਲੋਂ ਖੁੱਥੀ ਡੂਮਣੀ...

ਪੰਜਾਬੀ ਦੀ ਮਸ਼ਹੂਰ ਕਹਾਵਤ ਹੈ-"ਤਾਲੋਂ ਖੁੱਥੀ ਡੂਮਣੀ ਗਾਵੇ ਆਲ ਪਤਾਲ" ਅੱਜ-ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਇਸ ਕਹਾਵਤ ਵਰਗੀ ਹੀ ਹੈ।

ਪੰਥਕ ਸਫ਼ਾਂ ਵਿਚੋਂ ਉਠ ਰਹੇ ਵੱਡੇ ਵਿਰੋਧ ਦੇ ਬਾਵਜੂਦ ਦੋ ਦਸੰਬਰ ਦੇ ਹੁਕਮਨਾਮੇ ਤੋਂ ਬੇਮੁੱਖ ਹੋ ਕੇ ਨਵੀਂ ਮੈਂਬਰਸ਼ਿਪ ਦੀ ਭਰਤੀ ਕਰਨਾ, ਜਥੇਦਾਰ ਸਾਹਿਬਾਨ ਨੂੰ ਹਟਾਉਣਾ ਅਤੇ ਸਿੱਖ ਰਵਾਇਤ, ਪਰੰਪਰਾ ਅਤੇ ਮਰਯਾਦਾ ਤੋਂ ਬੇਪਰਵਾਹ ਹੋ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਿੱਤੇ ਗਏ ਸਮੇਂ ਤੋਂ ਲਗਭਗ ਸੱਤ ਘੰਟੇ ਪਹਿਲਾਂ ਹੀ ਨਵੇਂ ਸਿੰਘ ਸਾਹਿਬ ਦੀ ਤਾਜਪੋਸ਼ੀ ਕਰਨਾ, ਪੰਥਕ ਸਿਆਸਤ ਨੂੰ ਹੋਰ ਡੂੰਘੇ ਸੰਕਟ ਵਿਚ ਧਕੇਲਦਾ ਦਿਸਦਾ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਵਲੋਂ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਅਹੁਦਾ ਸੰਭਾਲ ਲਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਪਿਛਲੇ ਦਿਨੀਂ ਇਕ ਵੱਡਾ ਫੈਸਲਾ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦਿਆਂ ਤੋਂ ਫਾਰਗ ਕਰ ਦਿੱਤਾ ਗਿਆ ਸੀ। ਇਸ ਐਲਾਨ ਉਪਰੰਤ ਬਿਕਰਮ ਸਿੰਘ ਮਜੀਠੀਆ ਅਤੇ ਸਾਥੀਆਂ ਸਮੇਤ, ਬਹੁਤ ਸਾਰੇ ਹੋਰ ਪੰਥਕ ਅਤੇ ਸੁਧਾਰ ਲਹਿਰ ਦੇ ਆਗੂਆਂ ਵਲੋਂ ਵਿਰੋਧ ਜਤਾਉਣ ਨਾਲ ਅਕਾਲੀ ਦਲ ਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ। ਇਸ ਸਮੇਂ ਚਾਹੇ ਪੰਜਾਬ ਦੀ ਸਿਆਸਤ ਵਿਚ ਅਕਾਲੀ ਦਲ (ਬ) ਹੀ ਨਹੀਂ ਵਿਚਰ ਰਿਹਾ ਸਗੋਂ ਹੋਰ ਵੀ ਵੱਖਰੇ ਦਰਜਨ ਭਰ ਅਕਾਲੀ ਦਲ ਆਪੋ-ਆਪਣੇ ਪੱਧਰ 'ਤੇ ਸਰਗਰਮ ਹਨ, ਪਰ ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਦਲ (ਬ) ਦੇ ਸਿੱਖ ਪੰਥ ਵਿਚ ਵਧੇਰੇ ਭਾਰੂ ਰਹਿਣ ਕਰਕੇ ਇਸ ਦਾ ਨਾਂਅ ਪਹਿਲੇ ਨੰਬਰ 'ਤੇ ਆਉਂਦਾ ਹੈ। ਸਮੇਂ-ਸਮੇਂ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਕਈ ਹੋਰ ਆਗੂਆਂ ਨੇ ਆਪੋ-ਆਪਣੀਆਂ ਪਾਰਟੀਆਂ ਬਣਾ ਕੇ ਵਿਚਰਨ ਦਾ ਯਤਨ ਕੀਤਾ ਸੀ, ਪਰ ਅਖੀਰ ਇਸ ਮੁੱਖ ਵੱਡੇ ਦਲ ਵਿਚ ਹੀ ਬਹੁਤਿਆਂ ਦਾ ਰਲੇਵਾਂ ਹੁੰਦਾ ਰਿਹਾ। ਪਰ ਇਸ ਦੇ ਬਾਵਜੂਦ ਇਸ ਵਿਚ ਲਗਾਤਾਰ ਵਿਰੋਧ ਦੀਆਂ ਸੁਰਾਂ ਵੀ ਉਭਰਦੀਆਂ ਰਹੀਆਂ ਹਨ।

ਸੌ ਸਾਲ ਤੋਂ ਵੀ ਵਧੇਰੇ ਪੁਰਾਣੀ ਇਸ ਪਾਰਟੀ ਦੀ ਸਥਾਪਨਾ 1920 ਵਿਚ ਹੋਈ ਸੀ। ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਸੀ। ਬਾਅਦ ਵਿਚ ਬਣਿਆ ਅਕਾਲੀ ਦਲ ਇਸ ਲਹਿਰ ਦਾ ਹਰਾਵਲ ਦਸਤਾ ਸੀ, ਜੋ ਸਮੇਂ ਦੇ ਬੀਤਣ ਨਾਲ ਪ੍ਰੌੜ੍ਹ ਹੁੰਦਾ ਗਿਆ। ਅਕਾਲੀ ਦਲ ਨੇ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਸੰਤ ਫ਼ਤਿਹ ਸਿੰਘ, ਸੰਤ ਹਰਚਰਨ ਸਿੰਘ ਲੌਂਗੋਵਾਲ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਵੱਡੇ ਆਗੂਆਂ ਦਾ ਉਭਾਰ ਵੀ ਦੇਖਿਆ। ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਸਿਆਸਤ ਵਿਚ ਅਕਾਲੀ ਦਲ ਦਾ ਵੱਡਾ ਪ੍ਰਭਾਵ ਬਣਿਆ ਰਿਹਾ, ਜੋ ਸਾਲ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੋਰ ਵੀ ਵਧ ਗਿਆ। ਪੰਜਾਬ ਵਿਚ ਲਗਭਗ ਸੱਤ ਵਾਰ ਇਸ ਦੀਆਂ ਸਰਕਾਰਾਂ ਬਣੀਆਂ। ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਬਣੇ।

ਸਮੇਂ ਦੇ ਬੀਤਣ ਨਾਲ ਅਕਾਲੀ ਦਲ ਦੇ ਖਾਸੇ ਵਿਚ ਵੀ ਤਬਦੀਲੀ ਆਉਂਦੀ ਗਈ। ਇਸ ਨੂੰ ਇਕ ਭਾਈਚਾਰੇ ਦੀ ਪਾਰਟੀ ਤੋਂ ਅੱਗੇ ਪੰਜਾਬੀਅਤ ਨੂੰ ਪ੍ਰਣਾਏ ਲੋਕਾਂ ਦੀ ਪਾਰਟੀ ਵਿਚ ਬਦਲ ਦਿੱਤਾ ਗਿਆ। ਇਸ ਤੋਂ ਹਮੇਸ਼ਾ ਇਹ ਆਸ ਰੱਖੀ ਜਾਂਦੀ ਰਹੀ ਕਿ ਇਹ ਪਾਰਟੀ ਪੰਜਾਬ ਦੇ ਹੱਕਾਂ ਤੇ ਹਿਤਾਂ ਦੀ ਡਟ ਕੇ ਪਹਿਰੇਦਾਰੀ ਕਰੇਗੀ ਅਤੇ ਕੇਂਦਰੀ ਸਰਕਾਰਾਂ ਸਾਹਮਣੇ ਪੰਜਾਬ ਦਾ ਪੱਖ ਪ੍ਰੌੜ੍ਹਤਾ ਅਤੇ ਧੜੱਲੇ ਨਾਲ ਰੱਖਦੀ ਰਹੇਗੀ। ਲੰਮੇ ਸਮੇਂ ਤਕ ਪ੍ਰਸ਼ਾਸਨਿਕ ਵਾਗਡੋਰ ਸੰਭਾਲਦਿਆਂ ਤਤਕਾਲੀ ਸਰਕਾਰਾਂ ਅਤੇ ਇਨ੍ਹਾਂ ਨੂੰ ਚਲਾਉਣ ਵਾਲੇ ਸਿਆਸੀ ਦਲਾਂ ਦੇ ਕੰਮਕਾਜ ਵਿਚ ਅਨੇਕਾਂ ਊਣਤਾਈਆਂ ਵੀ ਆ ਜਾਂਦੀਆਂ ਹਨ। ਅਜਿਹਾ ਕਰਦਿਆਂ ਉਹ ਕਈ ਵਾਰ ਆਪਣੀ ਪਹਿਰੇਦਾਰੀ ਤੋਂ ਵੀ ਖੁੰਝ ਜਾਂਦੀਆਂ ਹਨ।

ਅਕਾਲੀ-ਭਾਜਪਾ ਸਰਕਾਰਾਂ ਸਮੇਂ ਵੀ ਕਈ ਵਾਰ ਅਜਿਹਾ ਕੁਝ ਵਾਪਰਿਆ। ਖ਼ਾਸ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਮਾਮਲਿਆਂ ਨੂੰ ਤਰਜੀਹੀ ਆਧਾਰ 'ਤੇ ਨਿਪਟਾਉਣ ਦੀ, ਜੋ ਆਸ ਸਰਕਾਰ ਤੋਂ ਰੱਖੀ ਜਾਂਦੀ ਸੀ ਉਹ ਪੂਰੀ ਨਾ ਹੋ ਸਕੀ। ਇਕ ਡੇਰੇ ਦੇ ਮੁਖੀ ਨੂੰ ਸਿੰਘ ਸਾਹਿਬਾਨ ਰਾਹੀਂ ਮੁਆਫ਼ੀ ਦੁਆਉਣ ਨਾਲ ਵੀ ਮਾਮਲਾ ਉਲਝਿਆ। ਇਸ ਨੇ ਖ਼ਾਸ ਤੌਰ 'ਤੇ ਸਿੱਖ ਮਨਾਂ ਵਿਚ ਵੱਡੀ ਨਿਰਾਸ਼ਾ ਪੈਦਾ ਕੀਤੀ। ਪੰਜਾਬ ਸਾਹਮਣੇ ਅਨੇਕਾਂ ਮਸਲੇ ਅਜਿਹੇ ਉੱਠਦੇ ਰਹੇ, ਜਿਨ੍ਹਾਂ ਦੇ ਹੱਲ ਦੀ ਆਸ ਪਾਰਟੀ ਤੋਂ ਕੀਤੀ ਜਾਂਦੀ ਸੀ, ਜੋ ਪੂਰੀ ਨਾ ਹੋ ਸਕੀ। ਸੂਬੇ ਦੀ ਸਿਆਸਤ ਵਿਚ ਆਈਆਂ ਵੱਡੀਆਂ ਤਬਦੀਲੀਆਂ ਕਰਕੇ ਅਤੇ ਅਨੇਕਾਂ ਅੰਦਰੂਨੀ ਕਾਰਨਾਂ ਕਰਕੇ ਪਾਰਟੀ ਹੌਲੀ- ਹੌਲੀ ਖੁਰਦੀ ਰਹੀ, ਜਿਸ ਦੀ ਕਾਰਜ ਸ਼ੈਲੀ ਵਿਚ ਹਰ ਪੱਖ ਤੋਂ ਵੱਡੀਆਂ ਤਬਦੀਲੀਆਂ ਲਿਆਉਣ ਦੀ ਲੋੜ ਮਹਿਸੂਸ ਹੋਣ ਲੱਗੀ। ਜਿੰਨੀ ਇਨ੍ਹਾਂ ਤਬਦੀਲੀਆਂ ਦੀ ਲਗਾਤਾਰ ਮੰਗ ਉੱਠਦੀ ਰਹੀ, ਓਨਾ ਹੀ ਅਕਾਲੀ ਦਲ ਦਾ ਸੰਕਟ ਹੋਰ ਡੂੰਘਾ ਹੁੰਦਾ ਗਿਆ। ਬਾਗ਼ੀ ਹੋਏ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਕੀਤੀ ਜਿਸ ਨਾਲ ਮਾਮਲਾ ਸੁਲਝਣ ਦੀ ਬਜਾਏ ਸਗੋਂ ਹੋਰ ਉਲਝ ਗਿਆ। ਅੱਜ ਜਿਥੇ ਗੱਲ ਆ ਖੜ੍ਹੀ ਹੋਈ ਹੈ, ਉਸ ਨੇ ਚਿਰਾਂ ਤੋਂ ਸਥਾਪਿਤ ਪੰਥ ਦੀਆਂ ਧਾਰਮਿਕ ਸੰਸਥਾਵਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਕਾਰਨ ਸਿਆਸੀ ਖੇਤਰ ਤੋਂ ਬਾਅਦ ਧਾਰਮਿਕ ਖੇਤਰ ਵਿਚ ਵੀ ਸੰਕਟ ਹੋਰ ਵਧੇਰੇ ਡੂੰਘਾ ਹੋ ਗਿਆ ਹੈ। ਅੱਜ ਦੀ ਸਥਿਤੀ ਇਹ ਮੰਗ ਕਰਦੀ ਹੈ ਕਿ ਵੱਖ-ਵੱਖ ਧੜਿਆਂ ਵਿਚ ਵਿਚਰ ਰਹੇ ਅਕਾਲੀ ਆਗੂ ਸੌੜੀ ਸਿਆਸਤ ਤੋਂ ਉੱਪਰ ਉੱਠ ਕੇ ਕੁਰਬਾਨੀ ਤੇ ਤਿਆਗ ਦਾ ਸਬੂਤ ਦੇਣ। ਪੰਥ ਤੇ ਪੰਜਾਬ ਦੇ ਭਲੇ ਲਈ ਆਪਣੀਆਂ ਸਫ਼ਾਂ ਵਿਚ ਏਕਤਾ ਕਰਨ। ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥ ਦੀਆਂ ਹੋਰ ਸਿਰਮੌਰ ਸੰਸਥਾਵਾਂ ਦਾ ਪਹਿਲਾਂ ਵਾਲਾ ਰੁਤਬਾ ਮੁੜ ਬਹਾਲ ਕੀਤਾ ਜਾਏ ਵਰਨਾ ਇਤਿਹਾਸ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ।

ਸਮਰਪਣ ਦੀ ਭਾਵਨਾ ਨਾਲ ਹੀ ਅਜਿਹਾ ਕੁੱਝ ਸੰਭਵ ਹੋ ਸਕਦਾ ਹੈ। ਜਾਤੀ ਹਿੱਤਾਂ ਤੋਂ ਉੱਪਰ ਉੱਠ ਕੇ ਜਮਾਤੀ ਹਿੱਤਾਂ ਦਾ ਫ਼ਿਕਰ ਹੀ, ਇਸ ਮਸਲੇ ਨੂੰ ਸੁਲਝਾਉਣ ਦੇ ਸਮਰੱਥ ਹੋਵੇਗਾ। ਅਜਿਹੀ ਹੀ ਆਸ ਅੱਜ ਵੀ ਅਕਾਲੀ ਆਗੂਆਂ ਤੋਂ ਕੀਤੀ ਜਾ ਰਹੀ ਹੈ। ਭਾਰੂ ਲੀਡਰਸ਼ਿਪ ਨੂੰ ਅੱਕੀਂ ਪਲਾਹੀਂ ਹੱਥ ਮਾਰਨ ਦੀ ਬਜਾਏ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਥ ਕਚੀਚੀਆਂ ਵੱਟਦਾ!

ਜਿਹੜਾ ਹਉਮੈਂ ਹੰਕਾਰ ਦੇ ਰਾਹ ਪੈ ਜਏ, ਸਮਝੋ ਕਬਰ ਉਹ ਆਪਣੀ ਪੱਟਦਾ ਏ।
ਘਾਣ ਹੋ ਰਿਹਾ 'ਵਿਰਸੇ ਵਿਰਾਸਤਾਂ' ਦਾ ਸੁਣ ਸੁਣ ਸਿੱਖਾਂ ਦਾ ਕਾਲਜਾ ਫੱਟਦਾ ਏ।
ਅੱਖਾਂ ਪੱਕੀਆਂ 'ਅੰਤ' ਨੂੰ ਦੇਖਣੇ ਲਈ 'ਮੱਥਾ ਲਾਉਣ ਤੋਂ' ਕਦੋਂ ਕੁ ਹੱਟਦਾ ਏ।
ਚਮਚੇ ਕੜਛੀਆਂ ਕੁਝ ਕੁ ਨਾਲ ਰਹਿੰਦੇ ਕਰਦੇ 'ਕੰਮ' ਜੋ ਮੋਹਰੇ ਹੋ 'ਭੱਟ' ਦਾ ਏ।
ਸੋਸ਼ਲ ਮੀਡੀਆ ਗੁੱਸੇ ਦੇ ਨਾਲ ਭਰਿਆ ਨਿੱਤ ਲੱਖਾਂ ਹੀ 'ਲਾਹਣਤਾਂ' ਖੱਟਦਾ ਏ।
ਚੰਮ ਦੀਆਂ ਚਲਾਉਂਦਾ 'ਭਰਦਾਨ' ਦੇਖੋ ਰੋਹ ਵਿਚ ਪੰਥ 'ਕਚੀਚੀਆਂ' ਵੱਟਦਾ ਏ।

# ਇਤਿਹਾਸ ਦੇ ਅੰਤ ਤੋਂ ਮਨੁੱਖਤਾ ਦੇ ਅੰਤ ਦੀ ਪੇਸ਼ੀਨਗੋਈ ਤੱਕ

ਸੰਨ 1989 'ਚ ਗਰਮੀ ਦੀ ਰੁੱਤ ਵਿਚ ਅਮਰੀਕਾ ਦੇ ਪ੍ਰਸਿੱਧ ਰਸਾਲੇ 'ਦਿ ਨੈਸ਼ਨਲ ਇੰਟਰਸਟ' ਨੇ ਇੱਕ ਅਹਿਮ ਲੇਖ ਛਾਪ ਕੇ ਸਿਆਸੀ ਚਿੰਤਨ ਦੇ ਖੇਮਿਆਂ ਵਿਚ ਹਲਚਲ ਮਚਾ ਦਿੱਤੀ। ਇਸ ਲੇਖ ਦਾ ਸਿਰਲੇਖ 'ਦਿ ਐਂਡ ਆਫ ਹਿਸਟਰੀ' (ਇਤਿਹਾਸ ਦਾ ਅੰਤ) ਸੀ, ਜੋ ਆਪਣੀਆਂ ਤਿੱਖੀਆਂ ਵਿਚਾਰਧਾਰਕ ਦਲੀਲਾਂ ਅਤੇ ਤਤਕਾਲੀ ਹਾਲਾਤ 'ਤੇ ਟਿੱਪਣੀਆਂ ਕਾਰਨ ਇਕਦਮ ਚਰਚਾ ਦਾ ਵਿਸ਼ਾ ਬਣ ਗਿਆ। ਇਸ ਲੇਖ ਦੇ ਲੇਖਕ ਫਰਾਂਸਿਸ ਫੁਕੂਯਾਮਾ ਮੁਤਾਬਿਕ ਕਮਿਊਨਿਜ਼ਮ ਅਤੇ ਫਾਸ਼ੀਵਾਦ ਦੋਵੇਂ ਵਿਚਾਰਧਾਰਾਵਾਂ ਦੁਨੀਆ ਭਰ ਵਿਚ ਅਸਫਲਤਾ ਦਾ ਸ਼ਿਕਾਰ ਹੋ ਚੁੱਕੀਆਂ ਹਨ, ਹੁਣ ਸਿਰਫ਼ ਉਦਾਰਵਾਦੀ ਜਮਹੂਰੀਅਤ ਅਤੇ ਮੰਡੀ ਆਧਾਰਿਤ ਆਰਥਿਕਤਾ ਹੀ ਇੱਕੋ-ਇੱਕ ਉਮੀਦ ਰਹਿ ਗਈ ਹੈ। ਸਾਲ 1992 ਵਿਚ ਛਪੀ ਆਪਣੀ ਕਿਤਾਬ 'ਦਿ ਐਂਡ

ਕੁਲਦੀਪ ਕੌਰ

ਆਫ ਹਿਸਟਰੀ ਐਂਡ ਦਿ ਲਾਸਟ ਮੈਨ' ਵਿਚ ਉਹ ਆਪਣੇ ਵਿਚਾਰਾਂ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਦਿੰਦਾ ਹੈ। ਉਸ ਅਨੁਸਾਰ ਹੁਣ ਵਿਚਾਰਧਾਰਕ ਜੰਗਾਂ ਦਾ ਸਮਾਂ ਬੀਤ ਚੁੱਕਿਆ ਹੈ ਅਤੇ ਨਵੇਂ ਸੰਸਾਰ ਵਿਚ ਇਤਿਹਾਸਕ ਸਚਾਈਆਂ ਦੀ ਕੋਈ ਅਹਿਮੀਅਤ ਨਹੀਂ ਰਹੀ। ਉਸ ਅਨੁਸਾਰ ਵਿਚਾਰਾਂ ਦੇ ਇਰਦ-ਗਿਰਦ ਬੁਣੇ ਸਿਆਸੀ-ਆਰਥਿਕ ਢਾਂਚੇ ਹੁਣ ਵੇਲਾ ਵਿਹਾਅ ਚੁੱਕੇ ਹਨ ਅਤੇ ਉਦਾਰਵਾਦੀ ਜਮਹੂਰੀਅਤ ਮਨੁੱਖੀ ਸੱਭਿਅਤਾ ਨੂੰ ਦਰਪੇਸ਼ ਹਰ ਆਮੀ ਤੇ ਨਿੱਜੀ ਮਸਲੇ ਦਾ ਹੱਲ ਕਰਨ ਦੇ ਸਮਰੱਥ ਹੈ। ਇਸ ਦੇ ਨਾਲ ਹੀ ਉਸ ਨੇ ਸਪੱਸ਼ਟ ਕਰ ਦਿੱਤਾ ਕਿ ਹੁਣ ਕੌਮਾਂਤਰੀ ਹਿੰਸਾਤਮਕ ਟਕਰਾਅ ਵੀ ਖ਼ਤਮ ਹੋ ਜਾਣਗੇ ਕਿਉਂਕਿ ਵੱਖ-ਵੱਖ ਮੁਲਕ ਹੁਣ ਸਿਰਫ਼ ਆਰਥਿਕ ਮਸਲਿਆਂ 'ਤੇ ਗੱਲਬਾਤ ਕਰਨਗੇ ਤੇ ਉਨ੍ਹਾਂ ਕੋਲ ਸਿਆਸੀ ਟਕਰਾਅ ਦੇ ਕੋਈ ਕਾਰਨ ਨਹੀਂ ਹੋਣਗੇ ਜਿਸ ਕਾਰਨ ਹਿੰਸਾ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ। ਆਪਣੀ ਕਿਤਾਬ ਦੀਆਂ ਅੰਤਿਮ ਸਤਰਾਂ ਵਿਚ ਉਹ ਲਿਖਦਾ ਹੈ ਕਿ 'ਇਤਿਹਾਸ ਦਾ ਅੰਤ' ਹੋਣ ਨਾਲ ਦੁਨੀਆ ਬੇਫ਼ਿਕਰ ਹੋ ਸਕਦੀ ਹੈ।

ਬਹਰਹਾਲ, ਉਸ ਦੀ 'ਇਤਿਹਾਸ ਦੇ ਅੰਤ' ਦੇ ਸਿਧਾਂਤ ਵਿਚ ਪਹਿਲਾ ਧਮਾਕਾ ਸਾਲ 2001 ਵਿਚ ਗਿਆਰਾਂ ਸਤੰਬਰ ਨੂੰ ਅਮਰੀਕਾ ਦੇ ਜੌੜੇ ਟਾਵਰਾਂ ਦੇ ਨੇਸਤੋ-ਨਾਬੂਦ ਹੋਣ ਨਾਲ ਹੋਇਆ। ਇਸ ਤੋਂ ਬਾਅਦ ਸਾਲ 2008 ਵਿਚ ਸਾਰੇ ਵਿਸ਼ਵ ਵਿਚ ਮੰਦਵਾੜੇ ਕਾਰਨ ਬੈਂਕਾਂ ਦੀਆਂ ਨਿਲਾਮੀਆਂ ਹੋਣ ਲੱਗੀਆਂ ਤਾਂ ਇਹ ਸਾਬਿਤ ਹੋ ਗਿਆ ਕਿ ਆਰਥਿਕ ਅਸਥਿਰਤਾ ਆਲਮੀ ਸਿਆਸਤ ਅਤੇ ਵਿਚਾਰਕ ਆਦਾਨ-ਪ੍ਰਦਾਨ ਨਾਲ ਬਹੁਤ ਗਹਿਰੀ ਜੁੜੀ ਹੁੰਦੀ ਹੈ। ਉਸ ਤੋਂ ਬਾਅਦ 'ਔਕਿਊਪਾਈ ਵਾਲ ਸਟਰੀਟ' ਅਤੇ 'ਅਰਬ ਸਪਰਿੰਗ' ਅੰਦੋਲਨਾਂ ਨੇ ਸਥਾਨਕ ਸੱਭਿਆਚਾਰਕ ਪਛਾਣਾਂ ਅਤੇ ਹੋਂਦਾਂ ਦੀ ਸ਼ਾਨਦਾਰ ਵਿਰਾਸਤ ਅਤੇ ਪੂੰਜੀ ਦੇ ਬੇਮੁਹਾਰੇਪਣ ਨੂੰ ਨੱਥ ਪਾਉਣ ਲਈ ਲੋਕ-ਪੱਖੀ ਸਿਆਸਤ ਦੀ ਰਵਾਇਤ ਦੇ ਸੁਰਜੀਤ ਹੋਣ ਦਾ ਐਲਾਨ ਕਰ ਦਿੱਤਾ। ਇਸ ਸਥਿਤੀ 'ਤੇ ਅਹਿਮ ਟਿੱਪਣੀ ਕਰਦਿਆਂ ਪ੍ਰਸਿੱਧ ਦਾਰਸ਼ਨਿਕ ਆਲਾ ਬਾਦਿਊ ਆਪਣੇ ਸ਼ਾਨਦਾਰ ਲੇਖ 'ਦਿ ਰੀਬਰਥ ਆਫ ਹਿਸਟਰੀ' ਵਿਚ ਲਿਖਦਾ ਹੈ, 'ਆਖ਼ਰ ਇਹ ਹੋ ਕੀ ਰਿਹਾ ਹੈ? ਉਹੀ ਪੁਰਾਣੀ ਲੁੱਟੀ-ਪੁੱਟੀ ਦੁਨੀਆ ਜਿਹੜੀ ਹਰ ਹੀਲੇ ਸਾਰੇ ਹਾਲਾਤ ਦੇ ਬਾਵਜੂਦ ਲਗਾਤਾਰ ਫੈਲ ਰਹੀ ਹੈ? ਇਹ ਦੁਨੀਆ ਦਾ ਅੰਤ ਹੈ ਜਾਂ ਫਿਰ ਇੱਕ ਨਵੀਂ ਦੁਨੀਆ ਦਾ ਮੁਹਾਂਦਰਾ ਘੜਿਆ ਜਾ ਰਿਹਾ ਹੈ?'' ਇਸੇ ਦਾਰਸ਼ਨਿਕ ਦਾ ਇੱਕ ਸਮਕਾਲੀ ਆਪਣੀ ਕਿਤਾਬ ਵਿਚ ਕੁਝ ਉਦਾਹਰਨਾਂ ਦੇ ਕੇ ਉਪਰੋਕਤ ਟਿੱਪਣੀ ਦੀ ਵਿਆਖਿਆ ਕਰਦਾ ਹੈ। ਉਸ ਅਨੁਸਾਰ ਅਮਰੀਕਾ ਦੀ ਉਦਾਰਵਾਦੀ ਸਿਆਸਤ ਇਰਾਕ, ਸੀਰੀਆ ਅਤੇ ਅਫ਼ਗਾਨਿਸਤਾਨ ਵਿਚ ਬੁਰੀ ਤਰ੍ਹਾਂ ਅਸਫਲ ਕਿਉਂ ਰਹੀ ਹੈ?

ਇਸ ਦੇ ਨਾਲ ਹੀ ਫਰਾਂਸਿਸ ਫੁਕੂਯਾਮਾ ਦੇ ਅਧਿਆਪਕ ਰਹੇ ਸੈਮੂਅਲ ਹਟਿੰਗਟਨ ਦਾ ਸਿਧਾਂਤ 'ਸੱਭਿਅਤਾਵਾਂ ਦਾ ਭੇੜ' ਵੀ ਚਰਚਾ ਵਿਚ ਆ ਗਿਆ। ਸੈਮੂਅਲ ਹਟਿੰਗਟਨ ਦਾ ਸਿਧਾਂਤ 'ਸੱਭਿਅਤਾਵਾਂ ਦਾ ਭੇੜ' ਉਸ ਦੀ 1996 ਵਿਚ ਛਪੀ ਕਿਤਾਬ 'ਦਿ ਕਲੈਸ਼ ਆਫ ਸਿਵਿਲਾਇਜ਼ੇਸ਼ਨਜ਼ ਐਂਡ ਦੀ ਰੀਮੇਕਿੰਗ ਆਫ ਵਰਲਡ ਆਰਡਰ' ਰੂਸ ਤੇ ਅਮਰੀਕਾ ਵਿਚਲੀ ਠੰਢੀ ਜੰਗ ਤੋਂ ਬਾਅਦ ਦੀ ਦੁਨੀਆ 'ਤੇ ਕੀਤੀ ਗਈ ਨੀਤੀਗਤ ਅਤੇ ਅਮਰੀਕੀ ਫ਼ੌਜ ਦੇ ਹਿਤ 'ਚ ਭੁਗਤਦੀ ਟਿੱਪਣੀ ਸੀ। ਉਸ ਅਨੁਸਾਰ, ਠੰਢੀ ਜੰਗ ਦਾ ਦੌਰ ਖ਼ਤਮ ਹੋ ਗਿਆ ਹੈ, ਆਉਣ ਵਾਲੇ ਸਾਲਾਂ ਵਿਚ ਧਾਰਮਿਕ, ਕਬੀਲਾਈ ਅਤੇ ਸੱਭਿਆਚਾਰਕ ਕਾਰਕ ਵੱਡੇ ਪੱਧਰ 'ਤੇ ਆਲਮੀ ਖਾਨਾਜੰਗੀਆਂ ਦਾ ਕਾਰਨ ਬਣਨਗੇ। ਪਹਿਲੀ ਨਜ਼ਰੇ ਇਹ ਫ਼ਿਕਰਮੰਦੀ ਜਾਇਜ਼ ਭਾਸਦੀ ਹੈ, ਪਰ ਅਸਲ ਵਿਚ ਇਹ ਇੱਕੋ ਸੱਟੇ ਇਤਿਹਾਸਕ ਵਰਤਾਰਿਆਂ ਅਤੇ ਵਿਚਾਰਧਾਰਾਵਾਂ ਖ਼ਾਸ ਤੌਰ 'ਤੇ ਸਮਾਜਵਾਦੀ ਅਤੇ ਜਮਹੂਰੀਅਤ ਨੂੰ ਰੱਦ ਕਰਨ ਦੀ ਸਿਆਸਤ ਹੈ। ਉਸ ਦੀਆਂ ਇਨ੍ਹਾਂ ਦਲੀਲਾਂ ਦਾ ਢੁਕਵਾਂ ਜਵਾਬ ਦਿੰਦਿਆਂ ਪ੍ਰਸਿੱਧ ਚਿੰਤਕ ਐਡਵਰਡ ਸਈਦ 2001 ਵਿਚ ਆਪਣੇ ਇੱਕ ਲੇਖ ਵਿਚ ਲਿਖਦਾ ਹੈ ਕਿ 'ਕਲੈਸ਼' ਦਾ ਸਿਧਾਂਤ ਸੱਭਿਅਕ ਹੋਣ ਦੇ ਵਰਤਾਰੇ ਨੂੰ ਪੁੱਠਾ ਗੇੜਾ ਦਿੰਦਿਆਂ ਇੱਕ ਮਨਚਾਹੀ 'ਸੱਭਿਅਤਾ' ਦਾ ਲਕਬ ਘੜਦਾ ਹੈ। ਸਈਦ ਅਨੁਸਾਰ ਸੱਭਿਅਤਾ ਦਾ ਵਿਕਾਸ ਸੱਭਿਆਚਾਰਕ ਤੇ ਸਮਾਜਿਕ ਆਦਾਨ-ਪ੍ਰਦਾਨ ਵਿਚੋਂ ਹੁੰਦਾ ਹੈ। ਉਸ ਅਨੁਸਾਰ ਇਹ ਸਿਧਾਂਤ 'ਖਾਲਸ ਨਸਲਵਾਦ ਦਾ ਬੁਰਾ ਪ੍ਰਗਟਾਵਾ ਹੈ, ਇੱਕ ਹਿਟਲਰਵਾਦੀ ਜੁਗਤ ਜੋ ਮੌਜੂਦਾ ਦੌਰ 'ਚ ਅਰਬਾਂ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਕਵਾਇਦ ਹੈ।' ਇਸੇ ਤਰਜ਼ 'ਤੇ ਭਾਸ਼ਾ ਵਿਗਿਆਨੀ ਅਤੇ ਸਿਆਸੀ ਚਿੰਤਕ ਨੋਮ ਚੋਮਸਕੀ ਇਸ ਸਿਧਾਂਤ ਦੀ ਨਬਜ਼ ਪਛਾਣਦਿਆਂ ਲਿਖਦਾ ਹੈ:

'ਇਹ ਅਮਰੀਕਾ ਦੇ ਪਾਪ ਧੋਣ ਦਾ ਯਤਨ ਹੈ। ਉਸ ਦੇ ਜ਼ੁਲਮਾਂ 'ਤੇ ਕਾਲੀ ਸਿਆਹੀ ਫੇਰਨ ਦਾ ਢੰਗ




ਹੈ, ਕਿਉਂਕਿ ਹੁਣ ਸੋਵੀਅਤ ਯੂਨੀਅਨ ਨਹੀਂ ਰਿਹਾ, ਠੰਢੀ ਜੰਗ ਦੇ ਜਬਰ ਨੂੰ ਭੁਲਾਉਣ ਦੀ ਕੋਸ਼ਿਸ਼ ਇਸ ਸਿਧਾਂਤ ਰਾਹੀਂ ਕੀਤੀ ਜਾ ਰਹੀ ਹੈ।'

ਉਪਰੋਕਤ ਦੋਵਾਂ ਸਿਧਾਂਤਾਂ ਦਾ ਅਜੋਕੇ ਦੌਰ ਦੀ ਆਲਮੀ ਸਿਆਸਤ ਨਾਲ ਕੀ ਸਬੰਧ ਹੈ? ਇਸ ਸੰਦਰਭ ਵਿਚ ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਦੋਵੇਂ ਸਿਧਾਂਤ ਉਦਾਰਵਾਦੀ ਗ਼ੈਰ-ਸਿਆਸੀ ਜਮਹੂਰੀ ਪ੍ਰਬੰਧਨ ਨੂੰ ਆਲਮੀ ਵਰਤਾਰਿਆਂ, ਘਟਨਾਵਾਂ ਅਤੇ ਹਾਲਾਤ ਦਾ ਅੰਤਿਮ ਆਦਰਸ਼ ਚਿੱਤਰ ਮੰਨ ਰਹੇ ਸਨ, ਜੋ ਬਿਲਕੁਲ ਗ਼ਲਤ ਸਾਬਿਤ ਹੋ ਚੁੱਕਿਆ ਹੈ। ਫੁਕੂਯਾਮਾ ਦੀ ਉਦਾਰਵਾਦੀ ਵਿਸ਼ਵ-ਵਿਵਸਥਾ ਦੀ ਪਰਿਕਲਪਨਾ ਅਤੇ ਖੁੱਲ੍ਹੀਆਂ ਮੰਡੀਆਂ ਦਾ ਅਰਬਾਂ-ਖਰਬਾਂ ਦਾ ਕਾਰੋਬਾਰ ਵੀ ਨਾ ਤਾਂ ਆਲਮੀ ਪੱਧਰ 'ਤੇ ਫੈਲੀ ਮਾਰੂ ਭੁੱਖਮਰੀ ਨੂੰ ਠੱਲ੍ਹ ਪਾ ਸਕਿਆ ਹੈ ਅਤੇ ਨਾ ਹੀ ਲੱਖਾਂ ਦੀ ਗਿਣਤੀ ਵਿਚ ਬੇਰੁਜ਼ਗਾਰ ਫਿਰਦੀ ਲੋਕਾਈ ਦੇ ਸੁਪਨਿਆਂ ਨੂੰ ਤਿੜਕਣ ਤੋਂ ਬਚਾ ਸਕਿਆ ਹੈ। ਉਹ 'ਸਮੂਹਿਕ ਇਤਿਹਾਸ' ਨੂੰ ਤਿਲਾਂਜਲੀ ਦੇਣ ਦਾ ਤਰਕ ਦਿੰਦਿਆਂ ਮਨੁੱਖਤਾ ਨੂੰ ਇੱਕ ਅਜਿਹੇ ਸਫ਼ਰ 'ਤੇ ਤੁਰਨ ਦੀ ਨਸੀਹਤ ਦਿੰਦਾ ਹੈ ਜਿਹੜਾ ਅੱਜ ਨਵ-ਫਾਸ਼ੀਵਾਦ, ਨਵ-ਬਸਤੀਵਾਦ, ਡਿਜ਼ੀਟਲ ਬਸਤੀਵਾਦ ਅਤੇ ਕਾਰਪੋਰੇਸ਼ਨਾਂ-ਕਾਰਪੋਰੇਟਾਂ ਦੇ ਮੁਨਾਫ਼ਾ ਆਧਾਰਿਤ ਈਕੋ-ਚੈਂਬਰਾਂ ਦੀ ਇੱਕ ਲੰਮੀ ਸੁਰੰਗ ਤੋਂ ਬਿਨਾਂ ਕੁਝ ਵੀ ਨਹੀਂ।

ਪਿਛਲੇ ਸਾਲ ਆਲਮੀ ਪੱਧਰ 'ਤੇ ਸਭ ਤੋਂ ਵੱਧ ਵਿਕਣ ਵਾਲੀ ਲੇਖਕ ਯੁਵਾਲ ਨੋਹ ਹਰਾਰੀ ਦੀ ਨਵੀਂ ਕਿਤਾਬ 'ਨੈਕਸਸ: ਏ ਬਰੀਫ ਹਿਸਟਰੀ ਔਫ ਇਨਫਰਮੇਸ਼ਨ ਨੈੱਟਵਰਕਸ ਫਰੌਮ ਦਿ ਸਟੋਨ ਏਜ ਟੂ ਏਆਈ' ਕੁੱਲ ਮਿਲਾ ਕੇ 'ਦਿਨਾਂ ਦੇ ਅੰਤ' ਜਾਂ 'ਮਨੁੱਖੀ ਬੁੱਧੀਮਤਾ ਦੇ ਮਸ਼ੀਨਾਂ ਦੁਆਰਾ ਅੰਤ' ਦੀ ਭਵਿੱਖਬਾਣੀ ਕਰਦੀ ਹੈ। ਇਸ ਕਿਤਾਬ ਅਨੁਸਾਰ ਅਗਲੇ ਸਾਲਾਂ ਵਿਚ ਮਸਨੂਈ ਬੁੱਧੀ ਨਾਲ ਲੈਸ ਮਸ਼ੀਨਾਂ ਹਰ ਉਹ ਕਾਰਜ ਕਰਨ ਦੇ ਸਮਰੱਥ ਹੋ ਜਾਣਗੀਆਂ ਜਿਹੜੇ ਮਨੁੱਖ ਕਰ ਸਕਦੇ ਹਨ। ਅਗਲੇ ਸਾਲਾਂ ਵਿਚ ਇਨ੍ਹਾਂ ਮਸ਼ੀਨਾਂ 'ਤੇ ਕੰਟਰੋਲ ਅਤੇ ਇਨ੍ਹਾਂ ਮਸ਼ੀਨਾਂ ਦੁਆਰਾ ਕੰਟਰੋਲ ਹੋਈ ਮਨੁੱਖੀ ਸੱਭਿਅਤਾ ਆਪਣੀ ਆਜ਼ਾਦੀ (ਸੋਚਣ, ਸਮਝਣ, ਲਿਖਣ, ਬੋਲਣ ਅਤੇ ਫੈਸਲੇ ਲੈਣ) ਦਾ ਬਹੁਤ ਸਾਰਾ ਹਿੱਸਾ ਗੁਆ ਲਵੇਗੀ। ਇਸ ਸਬੰਧ ਵਿਚ ਉਹ ਵੱਖ-ਵੱਖ ਮੁੱਦਿਆਂ 'ਤੇ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਦੁਆਰਾ ਬਣਾਏ ਅਤੇ ਵੱਡੇ ਪੱਧਰ 'ਤੇ ਫੈਲਾਏ ਜਾਂਦੇ ਬਿਰਤਾਂਤਾਂ, ਖ਼ਬਰਾਂ, ਸੂਚਨਾਵਾਂ ਅਤੇ ਗ਼ਲਤ ਜਾਣਕਾਰੀ ਦੇ ਹਵਾਲੇ ਦਿੰਦਾ ਹੈ।

ਹਰਾਰੀ ਦੀਆਂ ਕਿਤਾਬਾਂ ਦੇ ਵਿਰੋਧ ਵਿਚ ਬਹੁਤ ਸਾਰੀਆਂ ਇਤਿਹਾਸਕ ਵਿਸੰਗਤੀਆਂ ਅਤੇ ਸਿਆਸੀ ਦਲੀਲਾਂ ਹਨ। ਜੇਕਰ ਮਾਰਕਸਵਾਦੀ ਫਲਸਫ਼ੇ ਅਤੇ ਸਿਆਸਤ ਦੇ ਸੰਦਰਭ ਵਿਚ ਸਮਝਿਆ ਜਾਵੇ ਤਾਂ ਇਹ ਪਿਛਲੀ ਸਦੀ ਵਿਚ ਹੀ ਸਪੱਸ਼ਟ ਹੋ ਚੁੱਕਿਆ ਹੈ ਕਿ ਸਿਆਸੀ ਅਤੇ ਸਮਾਜਿਕ ਤੌਰ 'ਤੇ ਵਿਕਸਤ ਜਮਹੂਰੀ ਸਮਾਜਾਂ ਵਿਚ ਤਕਨੀਕ ਆਰਥਿਕ ਵਿਕਾਸ ਅਤੇ ਮਨੁੱਖੀ ਤਰੱਕੀ ਦਾ ਰਾਹ ਘੜਨ ਦਾ ਸੰਦ ਹੈ, ਜਦੋਂਕਿ ਨਾਬਰਾਬਰ ਤੇ ਗ਼ੈਰ-ਜਮਹੂਰੀ ਸਮਾਜਾਂ ਵਿਚ ਇਹ ਲੋਕਾਂ ਨੂੰ ਕਾਬੂ ਕਰਨ ਅਤੇ ਨਵੇਂ ਵਿਤਕਰੇ ਪੈਦਾ ਕਰਨ ਦਾ ਢੰਗ ਹੈ। ਹਰਾਰੀ ਤੋਂ ਬਹੁਤ ਸਾਲ ਪਹਿਲਾਂ ਮਾਰਕਸਵਾਦੀ ਚਿੰਤਕ ਅੰਤੋਨੀਓ ਗ੍ਰਾਮਸ਼ੀ ਆਪਣੇ ਵਡਮੁੱਲੇ ਕਾਰਜ 'ਪ੍ਰਿਜ਼ਨ ਨੋਟਬੁੱਕਸ' ਵਿਚ ਲਿਖ ਚੁੱਕਿਆ ਹੈ ਕਿ ਕਿਵੇਂ ਤਕਨੀਕ ਅਤੇ ਸੱਭਿਆਚਾਰਕ ਉਤਪਾਦ ਸੱਤਾ ਨੂੰ ਨਿਰਧਾਰਤ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਹੁਣ ਆਲਮੀ ਤੌਰ 'ਤੇ ਸਟੇਟ ਦੀ ਧਾਰਨਾ ਕਮਜ਼ੋਰ ਹੋ ਰਹੀ ਹੈ। ਇਹ ਸਮਾਂ ਤਾਨਾਸ਼ਾਹਾਂ ਦੇ ਉਭਾਰ, ਸੱਜੇ-ਪੱਖੀ ਸਿਆਸਤ ਦੇ ਉਥਾਨ ਅਤੇ ਗ਼ੈਰ-ਸਿਆਸੀ ਵਰਤਾਰਿਆਂ ਤੇ ਵਿਚਾਰਾਂ ਦਾ ਦੌਰ ਹੈ। ਫੁਕੂਯਾਮਾ ਅਤੇ ਹਰਾਰੀ ਇਨ੍ਹਾਂ ਸਮਿਆਂ ਦਾ ਵਧੀਆ ਵਿਸ਼ਲੇਸ਼ਣ ਜ਼ਰੂਰ ਕਰਦੇ ਹਨ, ਪਰ ਜੇਕਰ ਇਮਾਨਦਾਰੀ ਨਾਲ ਦੇਖਿਆ ਜਾਵੇ ਤਾਂ ਕਾਰਲ ਮਾਰਕਸ ਦੇ ਸ਼ਬਦਾਂ ਵਿਚ ਅਸਲ ਸਵਾਲ ਤਾਂ 'ਇਨ੍ਹਾਂ ਸਮੀਕਰਣਾਂ ਨੂੰ ਬਦਲਣ ਦਾ ਹੈ।'

ਇਸ ਤੋਂ ਬਿਨਾਂ ਕੁਝ ਅਹਿਮ ਸਵਾਲ ਲਗਾਤਾਰ ਸੱਭਿਅਤਾ ਦਾ ਦਰਵਾਜ਼ਾ ਖੜਕਾ ਰਹੇ ਹਨ। ਪਹਿਲਾ ਸਵਾਲ ਇਹ ਹੈ ਕਿ ਕੀ ਵਾਪਰ ਰਹੀਆਂ ਘਟਨਾਵਾਂ ਜਾਂ ਵਰਤਾਰਿਆਂ 'ਤੇ ਮਨੁੱਖਤਾ ਦਾ ਕਿਸੇ ਕਿਸਮ ਦਾ ਕੰਟਰੋਲ ਬਾਕੀ ਰਹਿ ਗਿਆ ਹੈ ਜਾਂ ਸੱਭਿਅਤਾ ਲਈ ਇਨ੍ਹਾਂ ਵਰਤਾਰਿਆਂ ਦੀ 'ਕਿਵੇਂ' ਤੇ 'ਕਿਉਂ' ਦੀ ਸਪੇਸ ਵਿਚ ਦਖ਼ਲਅੰਦਾਜ਼ੀ ਕਰਨ ਦਾ ਕੋਈ ਰਾਹ ਹੀ ਬਾਕੀ ਨਹੀਂ ਬਚਿਆ? ਹਰਾਰੀ ਦੀਆਂ ਕਿਤਾਬਾਂ ਉਨ੍ਹਾਂ ਪਾਠਕਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਜੋ ਇਤਿਹਾਸ ਨੂੰ ਦਵੰਦਵਾਦੀ ਨਜ਼ਰੀਏ ਤੋਂ ਪੜ੍ਹਨ ਅਤੇ ਇਤਿਹਾਸਕ ਹਾਲਾਤ ਦੇ ਦਵੰਦਾਂ ਤੇ ਵਿਰੋਧਾਂ ਨੂੰ ਵਿਗਿਆਨਕ ਤਰੀਕਿਆਂ ਨਾਲ ਸਮਝਣ ਦੇ ਆਦੀ ਹਨ।

ਉਹ ਲਿਖਦਾ ਹੈ, 'ਕੋਈ ਵੀ ਵੱਡੇ ਪੱਧਰ ਦੀ ਮਨੁੱਖੀ ਕਾਰਪੋਰੇਸ਼ਨ, ਆਧੁਨਿਕ ਸਟੇਟ, ਮੱਧਯੁਗੀ ਚਰਚ, ਕੋਈ ਪੁਰਾਣਾ ਸ਼ਹਿਰ ਜਾਂ ਇੱਕ ਆਧੁਨਿਕ ਕਬੀਲਾ ਅਜਿਹੀਆਂ ਮਿੱਥਾਂ ਦੇ ਬਣੇ ਹੋਏ ਹਨ ਜਿਹੜੀਆਂ ਮਨੁੱਖਾਂ ਦੀ ਸਾਂਝੀ ਕਲਪਨਾ ਵਿਚ ਹੀ ਬੁਣੀਆਂ ਹੁੰਦੀਆਂ ਹਨ। ਚਰਚ ਆਮ ਧਾਰਮਿਕ ਮਿੱਥਾਂ ਦੇ ਬਣੇ ਹੁੰਦੇ ਹਨ, ਰਾਸ਼ਟਰ ਜਾਂ ਸਟੇਟ ਰਾਸ਼ਟਰੀ ਮਿੱਥਾਂ ਵਿਚੋਂ ਘੜੇ ਜਾਂਦੇ ਹਨ, ਕਾਨੂੰਨੀ-ਪ੍ਰਬੰਧ ਆਮ ਕਾਨੂੰਨੀ ਮਿੱਥਾਂ ਦੁਆਰਾ ਬਣਾਏ ਜਾਂਦੇ ਹਨ। ਇਨ੍ਹਾਂ 'ਚੋਂ ਕਿਸੇ ਦੀ ਵੀ ਮਨੁੱਖਾਂ ਦੁਆਰਾ ਕਲਪਿਤ ਤੌਰ 'ਤੇ ਈਜਾਦ ਕੀਤੀਆਂ ਅਤੇ ਇੱਕ-ਦੂਜੇ ਨੂੰ ਸੁਣਾਈਆਂ ਕਹਾਣੀਆਂ ਤੋਂ ਬਾਹਰ ਕੋਈ ਹੋਂਦ ਨਹੀਂ। ਬ੍ਰਹਿਮੰਡ ਵਿਚ ਕੋਈ ਦੇਵਤੇ ਨਹੀਂ, ਕੋਈ ਰਾਸ਼ਟਰ ਨਹੀਂ, ਪੈਸਾ ਨਹੀਂ, ਕੋਈ ਮਨੁੱਖੀ ਅਧਿਕਾਰ ਨਹੀਂ, ਕੋਈ ਕਾਨੂੰਨ ਨਹੀਂ ਅਤੇ ਕੋਈ ਇਨਸਾਫ਼ ਨਹੀਂ- ਸਭ ਮਨੁੱਖਾਂ ਦੀ ਕਲਪਨਾ ਮਾਤਰ ਹੈ।' (ਹੋਮੋ ਸੇਪੀਅਨਜ਼)

ਇਸ ਇੱਕ ਪੈਰੇ ਵਿਚ ਹੀ ਹਰਾਰੀ ਦੀ ਸਿਧਾਂਤਕ ਨਾਸਮਝੀ ਤੇ ਵਿਚਾਰਧਾਰਕ ਸੱਖਣਾਪਣ ਪਿਆ ਹੈ। ਕੀ ਸਟੇਟ ਸਿਰਫ਼ ਇੱਕ ਮਿੱਥ ਜਾਂ ਕਲਪਨਾ ਹੈ? ਕੀ ਸ਼ਹਿਰਾਂ ਤੇ ਮੁਲਕਾਂ ਦੀ ਸੰਰਚਨਾ ਇਤਿਹਾਸਕ ਤੇ ਦਵੰਦਵਾਦੀ ਸਥਿਤੀਆਂ ਦੀ ਥਾਂ, ਮਨੁੱਖੀ ਕਲਪਨਾ ਦੇ ਆਧਾਰ 'ਤੇ ਹੋਈ ਹੈ? ਕੀ ਚਰਚ ਦੀ ਧਾਰਮਿਕਤਾ ਜਾਂ ਮਰਿਆਦਾ ਮਨੁੱਖੀ ਕਹਾਣੀਆਂ ਦੇ ਸਿਰ 'ਤੇ ਸਦੀਆਂ ਤੱਕ ਬਰਕਰਾਰ ਰੱਖੀ ਗਈ ਹੈ? ਕੀ ਮਨੁੱਖੀ ਸਮਾਜ ਦਾ ਧਰਾਤਲੀ ਯਥਾਰਥ, ਉਸ ਦੇ ਸੰਘਰਸ਼, ਵਿਰੋਧ, ਆਪਸੀ ਟਕਰਾਅ, ਹਿੰਸਾ ਦੀ ਪ੍ਰਵਿਰਤੀ, ਮਨੁੱਖੀ ਤ੍ਰਾਸਦੀਆਂ ਆਦਿ ਦਾ ਆਧਾਰ ਕਹਾਣੀਆਂ ਜਾਂ ਮਿੱਥਾਂ ਹੋ ਸਕਦੀਆਂ ਹਨ? ਇਸ ਤੋਂ ਅੱਗੇ ਇਹ ਸਵਾਲ ਵੀ ਪੁੱਛਣਾ ਜ਼ਰੂਰੀ ਹੈ ਕਿ ਜੇ ਉਪਰੋਕਤ ਸਾਰੇ ਸੰਗਠਨ ਜਾਂ ਸਮੂਹ ਕਾਲਪਨਿਕ ਮਿੱਥ ਹਨ ਤਾਂ ਕੀ ਇਨ੍ਹਾਂ ਨੂੰ ਕਲਪਨਾ ਦੀ ਸ਼ਕਤੀ ਤੇ ਕਹਾਣੀਆਂ ਦੇ ਜੋੜ-ਤੋੜ ਨਾਲ ਫਿਰ ਪਹਿਲਾਂ ਵਰਗੀ ਸਥਿਤੀ ਵਿਚ ਲਿਆਂਦਾ ਜਾ ਸਕਦਾ ਹੈ? ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਆਪਣੇ ਹੱਕਾਂ ਲਈ ਜੂਝਣ ਵਾਲੀ ਮਨੁੱਖੀ ਸਮਰੱਥਾ ਨੂੰ ਕਿਸੇ ਕਲਪਿਤ ਅਦਿੱਸ-ਅਦਿੱਖ ਸ਼ਕਤੀ ਸਾਹਮਣੇ ਬੇਵੱਸ ਕਰਾਰ ਦੇ ਕੇ ਉਨ੍ਹਾਂ ਨੂੰ ਖਪਤਕਾਰੀ ਪਛਾਣ ਵਿਚ ਧੱਕਣ ਦਾ ਫਲਸਫ਼ਾ ਮੁਨਾਫ਼ੇ ਦੀ ਮਸ਼ੀਨਰੀ ਲਈ ਕਿੰਨੇ

(ਬਾਕੀ ਅਗਲੇ ਸਫ਼ੇ 'ਤੇ)

# ਕਿਸਾਨ ਅੰਦੋਲਨ: ਭਗਵੰਤ ਮਾਨ ਸਰਕਾਰ ਨੇ ਆਰਐੱਸਐੱਸ-ਭਾਜਪਾ ਵਾਲਾ ਤਾਨਾਸ਼ਾਹ ਰਾਹ ਫੜਿਆ



***ਸੰਯੁਕਤ ਕਿਸਾਨ ਮੋਰਚੇ ਵੱਲੋਂ ਲੜੇ ਇਤਿਹਾਸਕ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਮੰਗ ਦੇ ਦਬਾਅ ਹੇਠ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਖੇਤੀ ਸੰਕਟ ਦੇ ਹੱਲ ਦਾ ਨੀਤੀ ਖਰੜਾ ਤਿਆਰ ਕੀਤਾ ਸੀ। ਹੁਣ ਇਹ ਸਰਕਾਰ ਵੀ ਮੋਦੀ ਸਰਕਾਰ ਵਾਂਗ ਕਿਸਾਨੀ ਦੇ ਵੱਡੇ ਮਸਲੇ ਹੱਲ ਕਰਾਉਣ ਲਈ ਯਤਨਸ਼ੀਲ ਕਿਸਾਨ ਜਥੇਬੰਦੀਆਂ ਨਾਲ ਟਕਰਾਅ ਦੇ ਰਾਹ ਪੈ ਤੁਰੀ ਹੈ। ਹਾਲ ਹੀ ਵਿਚ ਭਗਵੰਤ ਮਾਨ ਕਿਸਾਨ ਮੰਗਾਂ-ਮਸਲਿਆਂ ਪ੍ਰਤੀ ਟਾਲਾ ਵੱਟਦੇ ਨਜ਼ਰ ਆ ਰਹੇ ਹਨ। ਇਸਦੇ ਮਾਇਨੇ ਕੀ ਹਨ? ਕੀ ਮੁੱਖ ਮੰਤਰੀ ਵੱਲੋਂ ਕਿਸਾਨ ਸੰਘਰਸ਼ ਬਾਰੇ ਸਿਰਜੇ ਬਿਰਤਾਂਤ 'ਚ ਕੋਈ ਦਮ ਹੈ? ਕੀ ਕਿਸਾਨ ਜਥੇਬੰਦੀਆਂ ਗ਼ਲਤ ਲੜਾਈ ਲੜ ਰਹੀਆਂ ਹਨ? ਇਨ੍ਹਾਂ ਸਾਰੇ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ***

**ਬੂਟਾ ਸਿੰਘ ਮਹਿਮੂਦਪੁਰ**

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 3 ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਸੱਦ ਕੇ ਐੱਸਕੇਐੱਮ (ਸੰਯੁਕਤ ਕਿਸਾਨ ਮੋਰਚੇ) ਦੇ ਵਫ਼ਦ ਨਾਲ ਚੱਲ ਰਹੀ ਮੀਟਿੰਗ ਦੌਰਾਨ ਗੱਲਬਾਤ ਤੋੜ ਕੇ ਤੁਰ ਜਾਣ, ਮੀਡੀਆ ਤੇ ਸੋਸ਼ਲ ਮੀਡੀਆ ਵਿਚ ਕਿਸਾਨ ਆਗੂਆਂ ਵਿਰੁੱਧ ਬਿਆਨਬਾਜ਼ੀ ਕਰਨ ਅਤੇ ਕਿਸਾਨਾਂ ਦੇ ਚੰਡੀਗੜ੍ਹ ਵੱਲ ਕੂਚ ਨੂੰ ਅਸਫ਼ਲ ਬਣਾਉਣ ਲਈ ਜੰਗੀ ਪੱਧਰ 'ਤੇ ਛਾਪੇਮਾਰੀ ਕਰ ਕੇ ਤੇ 200 ਤੋਂ ਵੱਧ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਪੰਜਾਬ ਨੂੰ ਪੁਲਿਸ ਰਾਜ ਵਿਚ ਬਦਲਣ ਦੇ ਘਟਨਾਕ੍ਰਮ ਨੇ 'ਆਪ' ਸਰਕਾਰ ਦੀ ਲੋਕ ਵਿਰੋਧੀ ਖਸਲਤ ਸਭ ਨੂੰ ਦਿਖਾ ਦਿੱਤੀ ਹੈ। ਇਹ 'ਬਦਲਾਅ' ਲਿਆਉਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਪਾਰਟੀ ਦਾ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਮਸਲਿਆਂ ਪ੍ਰਤੀ ਅਸਲ ਚਿਹਰਾ ਹੈ। ਸੱਤਾਧਾਰੀ ਧਿਰ ਦਾ ਵਤੀਰਾ ਪਹਿਲੀਆਂ ਸਰਕਾਰਾਂ ਤੋਂ ਵੀ ਮਾੜਾ ਹੈ।

ਮੁੱਖ ਮੰਤਰੀ ਨੇ ਟਵੀਟ ਕਰ ਕੇ ਕਿਹਾ ਕਿ 'ਅੱਜ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਵਿਚ ਮੈਂ ਕਿਸਾਨ ਜਥੇਬੰਦੀਆਂ ਦੇ ਸਾਰੇ ਸਤਿਕਾਰਤ ਆਗੂਆਂ ਨੂੰ ਅਪੀਲ ਕੀਤੀ ਕਿ ਚੱਕਾ ਜਾਮ ਕਰਨਾ, ਸੜਕਾਂ ਤੇ ਰੇਲਾਂ ਰੋਕਣੀਆਂ ਜਾਂ ਪੰਜਾਬ ਬੰਦ ਕਰਨਾ ਕਿਸੇ ਮਸਲੇ ਦਾ ਹੱਲ ਨਹੀਂ ਹੈ। ਇਸ ਸਭ ਨਾਲ ਆਮ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ ਹੈ। ਸਮਾਜ ਦੇ ਬਾਕੀ ਵਰਗਾਂ ਦੇ ਕੰਮਾਂ ਅਤੇ ਕਾਰੋਬਾਰਾਂ 'ਤੇ ਵੀ ਬਹੁਤ ਅਸਰ ਪੈਂਦਾ ਹੈ...।' ਜ਼ਰਾ ਦੋਗਲੀ ਜ਼ੁਬਾਨ ਦਾ ਕਮਾਲ ਦੇਖੋ! ਹਰਿਆਣਾ ਸਰਕਾਰ ਵੱਲੋਂ ਡੱਲੇਵਾਲ-ਪੰਧੇਰ ਦੀ ਅਗਵਾਈ ਵਾਲੇ ਕਿਸਾਨ ਮੋਰਚੇ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਲਾਈਆਂ ਰੋਕਾਂ ਬਾਰੇ ਪਿਛਲੇ ਸਾਲ ਭਗਵੰਤ ਮਾਨ ਨੇ ਜੋ ਟਵੀਟ ਕੀਤਾ ਉਸ ਦੇ ਸ਼ਬਦ ਸਨ: 'ਦਿੱਲੀ ਦੇਸ਼ ਦੀ ਰਾਜਧਾਨੀ ਹੈ...ਜਦੋਂ ਦੇਸ਼ ਦੀ ਸਰਕਾਰ ਦਿੱਲੀ ਤੋਂ ਚੱਲਦੀ ਹੈ ਤਾਂ ਫਿਰ ਕਿਸਾਨ ਆਪਣੀਆਂ ਮੰਗਾਂ ਲਈ ਦਿੱਲੀ ਨਹੀਂ ਜਾਣਗੇ ਤਾਂ ਹੋਰ ਕਿੱਥੇ ਜਾਣਗੇ?...'। ਭਗਵੰਤ ਮਾਨ ਦੇ ਤਰਕ ਅਨੁਸਾਰ ਦੇਖਿਆ ਜਾਵੇ ਤਾਂ ਪੰਜਾਬ ਦੀ ਸਰਕਾਰ ਵੀ ਤਾਂ ਚੰਡੀਗੜ੍ਹ ਤੋਂ ਚੱਲਦੀ ਹੈ, ਕਿਸਾਨ ਆਪਣੀਆਂ ਮੰਗਾਂ ਵੱਲ ਧਿਆਨ ਦਿਵਾਉਣ ਲਈ ਚੰਡੀਗੜ੍ਹ ਨਹੀਂ ਜਾਣਗੇ ਤਾਂ ਹੋਰ ਕਿੱਥੇ ਜਾਣਗੇ? ਕਿਸਾਨ ਜਥੇਬੰਦੀਆਂ ਜੇ ਉੱਥੇ ਮੋਰਚਾ ਲਾਉਣ ਜਾ ਰਹੀਆਂ ਸਨ ਤਾਂ ਬਿਲਕੁਲ ਠੀਕ ਜਾ ਰਹੀਆਂ ਸਨ। 'ਆਮ ਆਦਮੀ ਪਾਰਟੀ' ਧਰਨਿਆਂ ਵਿੱਚੋਂ ਨਿਕਲੀ ਪਾਰਟੀ ਹੈ ਜੋ ਕਿਸਾਨ ਅੰਦੋਲਨ ਸਮੇਂ ਕਿਸਾਨੀ ਦੀਆਂ ਭਾਵਨਾਵਾਂ ਨੂੰ ਵਰਤ ਕੇ ਵੋਟਾਂ ਬਟੋਰਨ ਲਈ ਕਿਸਾਨ ਮੰਗਾਂ ਉੱਪਰ ਇਕੱਠ ਵੀ ਕਰਦੀ ਰਹੀ ਹੈ, ਹੁਣ ਕਿਸਾਨ ਹਿਤੈਸ਼ੀ ਹੋਣ ਦੀ ਦਾਅਵੇਦਾਰ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਦੇ ਧਰਨਿਆਂ-ਮੁਜ਼ਾਹਰਿਆਂ ਦੀ ਔਖ ਕਿਉਂ ਹੈ?

ਭਗਵੰਤ ਮਾਨ ਦਾ ਇਹ ਕਹਿਣਾ ਪੂਰੀ ਤਰ੍ਹਾਂ ਝੂਠ ਹੈ, ਅਤੇ ਬੇਈਮਾਨੀ ਵੀ, ਕਿ ਕਿਸਾਨਾਂ ਦੇ ਧਰਨਿਆਂ ਕਰਕੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਮੋਦੀ ਵੀ ਇਹੀ ਕਹਿ ਰਿਹਾ ਸੀ ਕਿ 'ਅੰਦੋਲਨਜੀਵੀ' ਕਿਸਾਨ ਵਿਕਾਸ ਰੋਕ ਰਹੇ ਹਨ। ਹਕੀਕਤ ਇਹ ਹੈ ਕਿ ਨੁਕਸਾਨ ਸੰਘਰਸ਼ਾਂ ਕਰਕੇ ਨਹੀਂ, ਹੁਣ ਤੱਕ ਬਣਦੀਆਂ ਆ ਰਹੀਆਂ ਸਰਕਾਰਾਂ ਦੀਆਂ ਲੋਕ ਦੋਖੀ ਨੀਤੀਆਂ ਕਰਕੇ ਹੋ ਰਿਹਾ ਹੈ ਜਿਨ੍ਹਾਂ ਕੋਲ ਨਾ ਖੇਤੀ ਸੰਕਟ ਨੂੰ ਹੱਲ ਕਰਨ ਦੀ ਕੋਈ ਨੀਤੀ ਹੈ, ਨਾ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਕੋਈ ਰੁਜ਼ਗਾਰਮੁਖੀ ਯੋਜਨਾ ਹੈ, ਨਾ ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਇੱਛਾ ਸ਼ਕਤੀ ਹੈ, ਨਾ ਸਿੱਖਿਆ ਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕੋਈ ਠੋਸ ਪ੍ਰੋਗਰਾਮ ਹੈ। ਤਿੰਨ ਸਾਲ ਤੋਂ ਸੱਤਾਧਾਰੀ 'ਆਮ ਆਦਮੀ ਪਾਰਟੀ' ਨੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਕੁਝ ਵੀ ਅਜਿਹਾ ਨਹੀਂ ਕੀਤਾ ਜੋ ਇਸ ਨੂੰ ਹੋਰ ਹਾਕਮ ਜਮਾਤੀ ਪਾਰਟੀਆਂ ਤੋਂ ਅਲੱਗ ਕਰਦਾ ਹੋਵੇ। ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ ਵੱਖ-ਵੱਖ ਤਬਕਿਆਂ ਦੇ ਸੰਘਰਸ਼ਸ਼ੀਲ ਲੋਕਾਂ ਉੱਪਰ ਪੁਲਿਸ ਦੀਆਂ ਡਾਗਾਂ ਚੱਲਣ ਦੇ ਮੰਜ਼ਰ ਅਕਸਰ ਹੀ ਮੀਡੀਆ 'ਚ ਸੁਰਖ਼ੀਆਂ ਬਣਦੇ ਹਨ ਜੋ ਪਹਿਲੀਆਂ ਸਰਕਾਰਾਂ ਦੀ ਸੰਘਰਸ਼ਾਂ ਨੂੰ ਜਬਰ ਨਾਲ ਦਬਾਉਣ ਦੀ ਨੀਤੀ ਦੀ ਲਗਾਤਾਰਤਾ ਹਨ।

ਤੱਥ ਇਹ ਹੈ ਕਿ ਸੰਯੁਕਤ ਕਿਸਾਨ ਮੋਰਚਾ ਨਾ ਤਾਂ ਰੇਲਵੇ ਲਾਈਨਾਂ ਜਾਂ ਸੜਕਾਂ ਜਾਮ ਕਰਨ ਜਾ ਰਿਹਾ ਸੀ, ਨਾ ਪੰਜਾਬ ਬੰਦ ਕਰਨ ਜਾ ਰਿਹਾ ਸੀ। ਉਨ੍ਹਾਂ ਦਾ ਪ੍ਰੋਗਰਾਮ ਐੱਸਕੇਐੱਮ ਦੇ 5 ਮਾਰਚ ਤੋਂ ਸ਼ੁਰੂ ਕਰ ਕੇ 1 ਹਫ਼ਤੇ ਲਈ ਵੱਖ-ਵੱਖ ਰਾਜਾਂ ਦੀਆਂ ਰਾਜਧਾਨੀਆਂ ਵਿਚ ਮੋਰਚੇ ਲਾਉਣ ਦੇ ਭਾਰਤ ਪੱਧਰੀ ਸੱਦੇ ਤਹਿਤ ਚੰਡੀਗੜ੍ਹ ਵਿਚ ਮੋਰਚਾ ਲਾਉਣ ਦਾ ਸੀ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਸੈਕਟਰ 34 ਵਿਚ ਇਸ ਲਈ ਜਗ੍ਹਾ ਦੇਵੇ। ਮੋਰਚੇ ਦੀ ਮੰਗ ਰਾਜ ਸਰਕਾਰ ਨਾਲ ਸੰਬੰਧਤ ਮੰਗਾਂ ਨੂੰ ਲਾਗੂ ਕਰਨ ਅਤੇ ਕੇਂਦਰ ਸਰਕਾਰ ਨਾਲ ਸੰਬੰਧਤ ਮੰਗਾਂ ਉੱਪਰ ਰਾਜ ਸਰਕਾਰ ਨੂੰ ਕਿਸਾਨਾਂ ਦੇ ਹਿਤਾਂ ਦੀ ਪੈਰਵਾਈ ਕਰਨ ਦੀ ਸੀ। ਮੀਟਿੰਗ ਵਿਚ ਕਿਸਾਨ ਆਗੂ ਇਕ-ਇਕ ਮੰਗ ਨੂੰ ਤਰਤੀਬਵਾਰ ਚਰਚਾ 'ਚ ਲਿਆ ਕੇ ਆਪਣਾ ਪੱਖ ਪੇਸ਼ ਕਰ ਰਹੇ ਸਨ। ਅਜੇ ਅੱਠ ਮੰਗਾਂ ਉੱਪਰ ਹੀ ਚਰਚਾ ਹੋਈ ਸੀ ਕਿ ਮੁੱਖ ਮੰਤਰੀ ਨੇ ਬੇਤੁਕਾ ਸਵਾਲ ਉਠਾ ਦਿੱਤਾ ਕਿ 'ਪਰਸੋਂ ਆਲੇ ਮੋਰਚੇ ਦਾ ਕੀ ਬਣੂੰਗਾ' ਅਤੇ ਇਹ ਧਮਕੀਆਂ ਦਿੰਦਾ ਹੋਇਆ ਮੀਟਿੰਗ ਛੱਡ ਕੇ ਤੁਰ ਗਿਆ ਕਿ ਫਿਰ ਜੋ ਕਰਨਾ ਕਰ ਲਓ। ਉਸ ਦੇ ਪ੍ਰਤੀਕਰਮ ਤੋਂ ਸਪਸ਼ਟ ਹੋ ਗਿਆ ਕਿ ਉਸਦਾ ਮੰਗਾਂ ਨਾਲ ਕੋਈ ਸਰੋਕਾਰ ਨਹੀਂ ਹੈ, ਉਹ ਤਾਂ ਕੇਂਦਰ ਦਾ ਲਫਟੈਣ ਬਣ ਕੇ ਮੋਰਚਾ ਰੱਦ ਕਰਾਉਣ ਲਈ ਤਹੂ ਸੀ। ਇਹ ਤਾਂ ਉਹੀ ਦੱਸ ਸਕਦਾ ਹੈ ਕਿ 'ਪੰਜਾਬ ਦੇ ਸਾਢੇ ਤਿੰਨ ਕਰੋੜ ਬੰਦਿਆਂ ਦਾ ਕਸਟੋਡੀਅਨ' ਹੋਣ ਦਾ ਦਾਅਵਾ ਕਰਨ ਵਾਲੇ ਦਾ ਅਸਲ ਤੌਖ਼ਲਾ ਕੀ ਹੈ; ਕੀ ਉਹ ਆਪਣੇ ਬੌਸ ਕੇਜਰੀਵਾਲ ਦੇ ਇਸ਼ਾਰੇ 'ਤੇ ਅਜਿਹਾ ਕਰ ਰਿਹਾ ਸੀ ਜਾਂ ਮੋਦੀ-ਸ਼ਾਹ ਦੇ ਇਸ਼ਾਰੇ 'ਤੇ? ਕੀ ਇਸ ਪਿੱਛੇ ਦਸ ਦਿਨ 'ਵਿਪਾਸਨਾ' ਕਰਨ ਲਈ ਪੰਜਾਬ ਵਿਚ ਡੇਰੇ ਲਾਈ ਬੈਠੇ ਕੇਜਰੀਵਾਲ ਵੱਲੋਂ ਉਸ ਨੂੰ ਪਾਸੇ ਕਰ ਦੇਣ ਲਈ ਖੇਡੀਆਂ ਜਾ ਰਹੀਆਂ ਸ਼ਾਤਰ ਚਾਲਾਂ ਦੇ ਪ੍ਰਤੀਕਰਮ 'ਚ ਆਪਣੇ ਆਪ ਨੂੰ ਤਾਕਤਵਰ ਸਾਬਤ ਕਰਨ ਦਾ ਦਬਾਅ ਹੈ?

ਮੀਟਿੰਗ 'ਚੋਂ ਬਾਹਰ ਜਾ ਕੇ ਭਗਵੰਤ ਮਾਨ ਨੇ ਇਹ ਕਹਿ ਕੇ ਕਿਸਾਨ ਜਥੇਬੰਦੀਆਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ ਕਿ 'ਖੇਤੀ ਦੇ ਕੰਮਾਂ ਦਾ ਤੁਹਾਡੇ ਨਾਲੋਂ ਮੈਨੂੰ ਵੱਧ ਪਤੈ, ਮੈਂ ਤੁਹਾਡੇ ਨਾਲੋਂ ਵੱਧ ਖੇਤ 'ਚ ਜਾਨਾ।' ਇਸ ਤੋਂ ਪਤਾ ਲੱਗਦਾ ਹੈ ਕਿ ਕਿਸਾਨ ਆਗੂਆਂ ਨਾਲ ਬਦਲੀਲ ਗੱਲ ਕਰਨ ਤੋਂ ਭੱਜਣ ਵਾਲੇ ਇਸ ਸ਼ਖ਼ਸ ਦੀ ਸੋਚ ਰਾਜਨੀਤਕ ਤੌਰ 'ਤੇ ਕਿੰਨੀ ਦੀਵਾਲੀਆ ਹੈ। ਮੀਡੀਆ ਕੈਮਰਿਆਂ ਅੱਗੇ ਉਸਨੇ ਸ਼ਰ੍ਹੇਆਮ ਝੂਠ ਬੋਲਿਆ ਕਿ 'ਮੰਗਾਂ ਤਾਂ ਮੇਰੇ ਨਾਲ ਤਾਂ ਮੰਗਾਂ ਸੰਬੰਧਤ ਵੀ ਹੈਨੀ, ਸਾਰੀਆਂ ਮੰਗਾਂ ਤਾਂ ਕੇਂਦਰ ਨਾਲ ਸੰਬੰਧਤ ਨੇ।' ਇਹ ਝੂਠਾ ਬਿਰਤਾਂਤ ਸਿਰਜ ਕੇ ਕਿਸਾਨਾਂ ਦੇ 'ਮਿੱਤਰ ਕੀੜੇ' ਦੀ ਸ਼ਿਸ਼ਕੇਰੀ ਪੁਲਿਸ ਵੱਲੋਂ ਪੂਰੇ ਪੰਜਾਬ ਵਿਚ ਆਗੂਆਂ ਤੇ ਸਰਗਰਮ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਜੰਗੀ ਮੁਹਿੰਮ ਵਿੱਢ ਦਿੱਤੀ ਗਈ। ਬਜ਼ੁਰਗ, ਬੀਮਾਰ ਆਗੂਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਅਜਿਹੇ ਵਿਅਕਤੀਆਂ ਨੂੰ ਵੀ ਫੜ ਲਿਆ ਗਿਆ ਜੋ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਨਹੀਂ ਹਨ।

ਕਿਸਾਨ ਆਗੂ ਮੁੱਖ ਮੰਤਰੀ ਵੱਲੋਂ ਮੀਟਿੰਗ ਦੇਣ ਉਪਰੰਤ ਉਸ ਨਾਲ 18 ਮੰਗਾਂ ਉੱਪਰ ਚਰਚਾ ਕਰਨ ਲਈ ਆਏ ਸਨ। ਜੇ ਭਗਵੰਤ ਮਾਨ ਇਹ ਸਮਝਦਾ ਸੀ ਕਿ ਇਹ ਮੰਗਾਂ ਰਾਜ ਸਰਕਾਰ ਨਾਲ ਸੰਬੰਧਤ ਹੀ ਨਹੀਂ ਹਨ ਤਾਂ ਉਸਨੇ ਐੱਸਕੇਐੱਮ ਨੂੰ ਮੀਟਿੰਗ ਲਈ ਸਮਾਂ ਕਿਉਂ ਦਿੱਤਾ? ਉਸਨੇ ਤਾਂ ਅੱਜ ਤੱਕ ਸਪਸ਼ਟ ਨਹੀਂ ਕੀਤਾ ਕਿ ਇਹ ਮੰਗਾਂ ਪੰਜਾਬ ਸਰਕਾਰ ਨਾਲ ਸੰਬੰਧਤ ਕਿਵੇਂ ਨਹੀਂ ਹਨ। ਨਾ ਹੀ ਇਹ ਕਿ ਜਿਨ੍ਹਾਂ ਅੱਠ ਮੰਗਾਂ ਉੱਪਰ ਉਹ ਪਹਿਲਾਂ ਸਹਿਮਤੀ ਪ੍ਰਗਟਾਅ ਰਿਹਾ ਸੀ, ਉਨ੍ਹਾਂ ਤੋਂ ਵੀ ਉਹ ਪਿੱਛੇ ਕਿਉਂ ਹਟਿਆ।

ਉਹ ਮੰਗਾਂ ਕੀ ਹਨ, ਜਿਨ੍ਹਾਂ ਬਾਰੇ ਭਗਵੰਤ ਮਾਨ ਕਹਿ ਰਿਹਾ ਕਿ ਸਾਰੀਆਂ ਮੰਗਾਂ ਤਾਂ ਕੇਂਦਰ ਨਾਲ ਸੰਬੰਧਤ ਹਨ?

ਐੱਸਕੇਐੱਮ ਨੇ ਇਹ ਬਿਲਕੁਲ ਨਹੀਂ ਕਿਹਾ ਕਿ ਇਹ ਸਾਰੀਆਂ ਮੰਗਾਂ ਰਾਜ ਸਰਕਾਰ ਨਾਲ ਸੰਬੰਧਤ ਹਨ। ਮੁੱਖ ਮੰਤਰੀ ਨੂੰ ਮੁਖ਼ਾਤਬ ਮੰਗ-ਪੱਤਰ ਦੇ ਸ਼ੁਰੂ 'ਚ ਹੀ ਸਪਸ਼ਟ ਲਿਖਿਆ ਗਿਆ ਹੈ ਕਿ '(ਖੇਤੀ) ਸੰਕਟ ਵਿੱਚੋਂ ਪੈਦਾ ਹੋਏ ਕੁਝ ਮੰਗਾਂ ਮਸਲੇ ਕੇਂਦਰ ਸਰਕਾਰ ਨਾਲ ਸੰਬੰਧਤ ਹਨ ਜਿਨ੍ਹਾਂ ਉੱਪਰ ਸੂਬਾ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਦੀ ਡੱਟ ਕੇ ਪੈਰਵਾਈ ਕਰਨੀ ਚਾਹੀਦੀ ਹੈ। ਜਦੋਂ ਕਿ ਕੁਝ ਮੰਗਾਂ ਮਸਲੇ ਪੰਜਾਬ ਸਰਕਾਰ ਨਾਲ ਸੰਬੰਧਤ ਵੀ ਹਨ ਜਿਨ੍ਹਾਂ ਉੱਪਰ ਯੋਗ ਕਾਰਵਾਈ ਕਰਨ ਦੀ ਆਸ ਨਾਲ ਸੰਯੁਕਤ ਕਿਸਾਨ ਮੋਰਚਾ ਆਪਣਾ ਮੰਗ ਪੱਤਰ ਤੁਹਾਡੇ ਸਨਮੁੱਖ ਕਰ ਰਿਹਾ ਹੈ।'

ਮੰਗ-ਪੱਤਰ ਉੱਪਰ ਸਰਸਰੀ ਝਾਤ ਮਾਰਨ 'ਤੇ ਹੀ ਪਤਾ ਲੱਗ ਜਾਂਦਾ ਹੈ ਕਿ ਕੌਮੀ ਮੰਡੀਕਰਨ ਨੀਤੀ ਖਰੜਾ ਵਾਪਸ ਲੈਣਾ, ਦਿੱਲੀ ਵਿਖੇ ਕਿਸਾਨ ਅੰਦੋਲਨ ਦੀ ਜਿੱਤ ਸਮੇਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਸਰਕਾਰੀ ਚਿੱਠੀ ਅਨੁਸਾਰ ਫ਼ਸਲਾਂ ਦੀ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਦੀ ਕਾਨੂੰਨੀ ਗਾਰੰਟੀ ਦੇਣ ਸਮੇਤ ਸਾਰੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਨਾ ਵੱਡੀ ਮੰਗ ਹੈ। ਭਗਵੰਤ ਮਾਨ ਸਰਕਾਰ ਇਨ੍ਹਾਂ ਮੰਗਾਂ ਨੂੰ ਮੰਨਣ ਬਾਰੇ ਕੇਂਦਰ ਸਰਕਾਰ ਉੱਪਰ ਦਬਾਅ ਪਾਉਣ ਲਈ ਕਿਸਾਨ ਸੰਘਰਸ਼ ਦਾ ਸਾਥ ਕਿਉਂ ਨਹੀਂ ਦੇਣਾ ਚਾਹੁੰਦੀ?

ਆਪਣੇ ਮੰਗ-ਪੱਤਰ ਵਿਚ ਐੱਸਕੇਐੱਮ ਨੇ ਪੰਜਾਬ ਸਰਕਾਰ ਵੱਲੋਂ ਕੌਮੀ ਖੇਤੀ ਮੰਡੀਕਰਨ ਦੀ ਨੀਤੀ ਦੇ ਖਰੜੇ ਨੂੰ ਰੱਦ ਕਰਨ ਸੰਬੰਧੀ ਕੇਂਦਰ ਸਰਕਾਰ ਨੂੰ ਭੇਜੀ ਚਿੱਠੀ ਦੀ ਜਾਣਕਾਰੀ ਸਾਂਝੀ ਕਰਨ ਅਤੇ ਵਿਧਾਨ ਸਭਾ ਦੇ ਇਜਲਾਸ ਵਿਚ ਇਸ ਖਰੜੇ ਨੂੰ ਰੱਦ ਕਰਨ ਦਾ ਮਤਾ ਪਾਸ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਵੱਲੋਂ ਇਸ ਖਰੜੇ ਦੀਆਂ ਛੇ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਦਿਸ਼ਾ ਵਿਚ ਏਪੀਐੱਮਸੀ ਐਕਟ ਵਿਚ ਕੀਤੀਆਂ ਸੋਧਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ। ਭਗਵੰਤ ਮਾਨ ਨੂੰ ਇਹ ਜਾਣਕਾਰੀ ਸਾਂਝੀ ਕਰਨ, ਪਿਛਲੀਆਂ ਸਰਕਾਰਾਂ ਵੱਲੋਂ ਮੰਡੀਕਰਨ ਦੇ ਸਰਕਾਰੀ ਢਾਂਚੇ ਨੂੰ ਖੋਰਾ ਲਾਉਣ ਲਈ ਕੀਤੀਆਂ ਸੋਧਾਂ ਨੂੰ ਰੱਦ ਕਰਨ 'ਚ ਕੀ ਇਤਰਾਜ਼ ਹੈ?

ਐੱਸਕੇਐੱਮ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਖੇਤੀ ਨੀਤੀ ਦੇ ਖਰੜੇ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਸਮੇਤ ਖੇਤੀ ਨੀਤੀ ਬਣਾ ਕੇ ਲਾਗੂ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ, ਅਬਾਦਕਾਰ ਕਿਸਾਨਾਂ ਨੂੰ ਉਜਾੜਨ ਦੀ ਨੀਤੀ ਬੰਦ ਕਰ ਕੇ ਮਾਲਕੀ ਹੱਕ ਦੇਣ, ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨ ਲਈ ਕੇਂਦਰ ਸਰਕਾਰ ਨਾਲ ਤਾਲਮੇਲ ਬਿਠਾ ਕੇ ਕਰਜ਼ਾ ਨਿਬੇੜੂ ਕਾਨੂੰਨ ਪਾਸ ਕਰਨ, ਪੰਜਾਬ ਵਿਚ ਘੱਟੋ-ਘੱਟ ਛੇ ਫ਼ਸਲਾਂ (ਬਾਸਮਤੀ, ਮੱਕੀ, ਮੂੰਗੀ, ਆਲੂ, ਮਟਰ ਅਤੇ ਗੋਭੀ) ਨੂੰ ਐੱਮਐੱਸਪੀ ਦੇ ਤਹਿਤ ਖ਼ਰੀਦਣ ਦੀ ਗਾਰੰਟੀ ਕਰਨ, ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਅਤੇ ਦਰਿਆਵਾਂ ਦੇ ਅਜਾਈਂ ਜਾ ਰਹੇ ਪਾਣੀਆਂ ਦੀ ਸੰਭਾਲ ਲਈ ਕਿਸਾਨ ਜਥੇਬੰਦੀਆਂ ਵੱਲੋਂ ਸੁਝਾਏ ਠੋਸ ਕਦਮ 'ਤੇ ਅਮਲ ਕਰਨ, ਦਿੱਲੀ ਮੋਰਚੇ ਵਿਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਦੇਣ ਅਤੇ ਉਨ੍ਹਾਂ ਦੀ ਯਾਦਗਾਰ ਬਣਾਉਣ, ਭਾਰਤਮਾਲਾ ਪ੍ਰੋਜੈਕਟ ਤਹਿਤ ਪੁਲਿਸ ਜਬਰ ਦੇ ਜ਼ੋਰ ਖੇਤੀ ਜ਼ਮੀਨਾਂ ਐਕਵਾਇਰ ਕਰਨ ਦੀ ਨੀਤੀ ਬੰਦ ਕਰਨ, ਅਵਾਰਾ ਪਸ਼ੂਆਂ ਦਾ ਮਸਲਾ ਹੱਲ ਕਰਨ, ਗੰਨਾ ਕਾਸ਼ਤਕਾਰਾਂ ਦੇ ਮਿੱਲਾਂ ਤੋਂ ਬਕਾਏ ਦਿਵਾਉਣ, ਖਾਦ-ਬੀਜ ਅਤੇ ਜ਼ਮੀਨਾਂ ਦੀ ਤਕਸੀਮ ਦੀ ਵਿਵਸਥਾ ਨੂੰ ਸੁਧਾਰਨ, ਪੁਲਿਸ ਕੇਸ ਰੱਦ ਕਰਨ ਦੀਆਂ ਮੰਗਾਂ ਹਨ ਜੋ ਸਿੱਧੇ ਤੌਰ 'ਤੇ ਰਾਜ ਸਰਕਾਰ ਨਾਲ ਸੰਬੰਧਤ ਹਨ ਅਤੇ ਇਸ ਬਾਰੇ ਫ਼ੈਸਲੇ ਰਾਜ ਸਰਕਾਰ ਨੇ ਹੀ ਲੈਣੇ ਹਨ। ਭਗਵੰਤ ਮਾਨ ਨੇ ਨਿਰੋਲ ਝੂਠ ਬੋਲ ਕੇ ਆਪਣਾ ਕਿਸਾਨ ਵਿਰੋਧੀ ਚਿਹਰਾ ਨੰਗਾ ਕਰ ਲਿਆ ਕਿ ਇਕ ਵੀ ਮੰਗ ਰਾਜ ਸਰਕਾਰ ਦੇ ਮੰਨਣ ਵਾਲੀ ਨਹੀਂ ਹੈ।

'ਆਮ ਆਦਮੀ ਪਾਰਟੀ' ਸਮੇਤ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਦੀਆਂ ਨੀਤੀਆਂ ਲੋਕ ਵਿਰੋਧੀ ਅਤੇ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏ ਦੇ ਸੇਵਾ ਕਰਨ ਵਾਲੀਆਂ ਹਨ। ਭਗਵੰਤ ਮਾਨ ਸਰਕਾਰ ਨੇ 'ਕੌਮੀ ਖੇਤੀ ਮੰਡੀਕਰਨ ਨੀਤੀ' ਦਾ ਖਰੜਾ ਰੱਦ ਕਰਨ ਦੀ ਰਸਮੀ ਕਾਰਵਾਈ ਪਾ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਤਾਂ ਖੇਤੀ ਨੂੰ ਕਾਰਪੋਰੇਟ ਕਬਜ਼ੇ ਤੋਂ ਬਚਾਉਣ ਲਈ ਬਹੁਤ ਫ਼ਿਕਰਮੰਦ ਹੈ। ਕਿਸਾਨ ਵਫ਼ਦ ਵੱਲੋਂ ਇਸ ਫ਼ੈਸਲੇ ਬਾਰੇ ਕੇਂਦਰ ਸਰਕਾਰ ਨੂੰ ਚਿੱਠੀ ਲਿਖਣ ਦੀ ਮੰਗ ਕੀਤੇ ਜਾਣ 'ਤੇ ਭਗਵੰਤ ਮਾਨ ਦੀ ਬੁਖਲਾਹਟ ਤੋਂ ਪਤਾ ਲੱਗਦਾ ਹੈ ਕਿ ਉਹ ਖੇਤੀ ਮੰਡੀਕਰਨ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਦੀ ਭਾਜਪਾ ਦੀ ਨੀਤੀ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਸੰਘਰਸ਼ ਨਾਲ ਖੜ੍ਹਨ ਤੋਂ ਭੱਜ ਰਿਹਾ ਹੈ। ਆਰਐੱਸਐੱਸ-ਭਾਜਪਾ ਕਿਸਾਨਾਂ ਨੂੰ ਉਜਾੜ ਕੇ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏ ਦੇ ਹਵਾਲੇ ਕਰਨਾ ਚਾਹੁੰਦੀ ਹੈ, ਜਿਸਦਾ ਤਾਜ਼ਾ ਸਬੂਤ ਮੋਦੀ ਵਜ਼ਾਰਤ ਅਤੇ ਟਰੰਪ ਦਰਮਿਆਨ ਖੇਤੀ ਖੇਤਰ ਨੂੰ ਆਲਮੀ ਕਾਰਪੋਰੇਟ ਸਰਮਾਏਦਾਰੀ ਲਈ ਚੌਪੱਟ ਖੋਲ੍ਹਣ ਬਾਰੇ ਚੱਲ ਰਹੀ ਗੱਲਬਾਤ ਹੈ।

ਕਾਰਪੋਰੇਟ ਪੱਖੀ ਖੇਤੀ ਮਾਡਲ ਨੂੰ ਰੋਕਣ ਦੀ ਲੜਾਈ ਭਾਰਤ ਦੇ ਕਿਸਾਨਾਂ ਲਈ ਜ਼ਿੰਦਗੀ-ਮੌਤ ਦੀ ਲੜਾਈ ਹੈ। ਇਸ ਮੂਲ ਮੁੱਦੇ ਉੱਪਰ ਕਿਸਾਨ ਸੰਘਰਸ਼ ਨੂੰ ਰੋਕਣ ਵਾਲੀ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ, ਉਹ ਇਸ ਮਾਡਲ ਨੂੰ ਭਾਰਤ ਉੱਪਰ ਥੋਪਣ ਦੇ ਕਾਰਪੋਰੇਟ ਸੰਦ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਆਰਐੱਸਐੱਸ-ਭਾਜਪਾ ਸਰਕਾਰ ਦੇ ਖੇਤੀ ਖੇਤਰ ਉੱਪਰ ਹਮਲੇ ਵਿਰੁੱਧ ਭਗਵੰਤ ਮਾਨ ਸਰਕਾਰ ਵੱਲੋਂ ਦੋ-ਟੁੱਕ ਸਟੈਂਡ ਨਾ ਲੈਣਾ ਦਰਸਾਉਂਦਾ ਹੈ ਕਿ ਸਿਧਾਂਤਕ ਤੌਰ 'ਤੇ ਕੇਜਰੀਵਾਲ ਗੈਂਗ ਦੀਆਂ ਆਰਥਿਕ ਨੀਤੀਆਂ ਆਰਐੱਸਐੱਸ-ਭਾਜਪਾ ਤੋਂ ਵੱਖਰੀਆਂ ਨਹੀਂ ਹਨ।

'ਯੁੱਧ ਨਸ਼ਿਆਂ ਵਿਰੁੱਧ' ਤਹਿਤ ਭਾਜਪਾ ਦੇ 'ਬੁਲਡੋਜ਼ਰ ਰਾਜ' ਦੀ ਤਰਜ਼ 'ਤੇ ਛੋਟੇ-ਛੋਟੇ ਨਸ਼ਾ ਤਸਕਰਾਂ ਦੇ ਘਰ ਢਾਹ ਕੇ ਅਤੇ ਗੈਂਗਸਟਰਾਂ ਦੇ ਪੁਲਿਸ ਮੁਕਾਬਲੇ ਬਣਾ ਕੇ ਇਸ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਦੀ ਟੇਕ ਮਸਲੇ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਹਕੂਮਤੀ ਦਹਿਸ਼ਤਵਾਦ ਨੂੰ ਅੰਜਾਮ ਦੇਣ ਅਤੇ ਲੋਕਾਂ ਦੀ ਹੱਕ-ਜਤਾਈ ਨੂੰ ਕੁਚਲਣ ਲਈ ਪੰਜਾਬ ਨੂੰ ਭਾਜਪਾ ਦੀਆਂ ਲੀਹਾਂ 'ਤੇ ਪੁਲਿਸ ਰਾਜ ਬਣਾਉਣ ਉੱਪਰ ਹੈ। ਪਿਛਲੇ ਤਿੰਨ ਸਾਲਾਂ 'ਚ ਇਸ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਡਰਾਮੇਬਾਜ਼ੀ ਤੋਂ ਉੱਪਰ ਉੱਠ ਕੇ ਕੋਈ ਠੋਸ ਕਾਰਵਾਈ ਨਹੀਂ ਕੀਤੀ, ਹੁਣ ਖੇਤੀ ਸੰਕਟ ਅਤੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਧਿਆਨ ਹਟਾਉਣ ਲਈ ਮਾਮੂਲੀ ਤਸਕਰਾਂ ਵਿਰੁੱਧ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ ਜਦਕਿ ਥੋਕ ਨਸ਼ਾ ਤਸਕਰ ਕਿਤੇ ਵੀ ਇਸ 'ਯੁੱਧ' ਦੇ ਨਿਸ਼ਾਨੇ 'ਤੇ ਨਹੀਂ ਹਨ।

ਸੱਤਾ ਦੇ ਗ਼ਰੂਰ 'ਚ ਅੰਨ੍ਹਾ ਹੋਇਆ ਹਰੇਕ ਹੁਕਮਰਾਨ ਇਹ ਭਰਮ ਪਾਲ ਕੇ ਜਬਰ ਕਰਾਉਂਦਾ ਹੈ ਕਿ ਇਸ ਨਾਲ ਲੋਕਾਈ ਦੀ ਹਮੇਸ਼ਾ ਲਈ ਜ਼ੁਬਾਨਬੰਦੀ ਹੋ ਜਾਵੇਗੀ। ਭਗਵੰਤ ਮਾਨ ਦਾ ਰਵੱਈਆ ਅਚਾਨਕ ਭੜਕਾਹਟ 'ਚੋਂ ਪੈਦਾ ਹੋਇਆ ਨਹੀਂ ਹੈ, ਵਿਹਾਰਕ ਸਿਆਸਤ ਵਿਚ ਵੀ ਕੇਜਰੀਵਾਲ ਗੈਂਗ ਹਮੇਸ਼ਾ ਭਾਜਪਾ ਦੀ ਬਹੁਗਿਣਤੀ ਹਿੰਦੂ ਫਿਰਕੇ ਨੂੰ ਖ਼ੁਸ਼ ਕਰਨ ਦੀ ਨੀਤੀ ਦੇ ਨਕਸ਼ੇ-ਕਦਮਾਂ 'ਤੇ ਚੱਲਦਾ ਆਇਆ ਹੈ। ਭਗਵੰਤ ਮਾਨ ਨੇ ਵੀ ਕਿਸਾਨੀ ਨੂੰ ਬਦਨਾਮ ਕਰ ਕੇ ਗ਼ੈਰ-ਕਿਸਾਨੀ ਹਿੱਸਿਆਂ 'ਚ ਉਨ੍ਹਾਂ ਵਿਰੁੱਧ ਨਫ਼ਰਤ ਪੈਦਾ ਕਰਨ ਦੀ ਭਾਜਪਾ ਵਾਲੀ ਰਾਜਨੀਤਕ ਗੇਮ ਖੇਡਣੀ ਸ਼ੁਰੂ ਕਰ ਦਿੱਤੀ ਹੈ। ਸੱਤਾ ਦੇ ਗ਼ਰੂਰ 'ਚ ਉਹ ਲੋਕ ਤਾਕਤ ਨੂੰ ਭੁੱਲ ਚੁੱਕਾ ਹੈ। ਇਤਿਹਾਸ ਗਵਾਹ ਹੈ ਕਿ ਲੋਕ ਤਾਕਤ ਅੱਗੇ ਹੁਕਮਰਾਨਾਂ ਦਾ ਇਹ ਗ਼ਰੂਰ ਬਹੁਤਾ ਚਿਰ ਨਹੀਂ ਟਿਕ ਸਕਦਾ। ਪੰਜਾਬ ਵਿਚ 64 ਥਾਵਾਂ 'ਤੇ ਜੁੜੇ ਕਿਸਾਨ ਇਕੱਠਾਂ ਦੇ ਦਬਾਅ ਹੇਠ ਪੰਜਾਬ ਸਰਕਾਰ ਨੂੰ ਗ੍ਰਿਫ਼ਤਾਰ ਆਗੂ ਰਿਹਾਅ ਕਰਨੇ ਪੈ ਗਏ। ਕਿਸਾਨ ਕਾਫ਼ਲੇ ਸੜਕਾਂ ਦੇ ਇਕ ਪਾਸੇ ਬੈਠੇ ਸਨ, ਭਗਵੰਤ ਮਾਨ ਦੀਆਂ ਪੁਲਿਸ ਧਾੜਾਂ ਨਾਕੇ ਲਾ ਕੇ ਸੜਕਾਂ ਰੋਕੀ ਬੈਠੀਆਂ ਸਨ ਜੋ ਉਸਦੇ ਇਸ ਦਾਅਵੇ ਦਾ ਮੂੰਹ ਚਿੜਾ ਰਹੀਆਂ ਸਨ ਕਿ ਸੜਕਾਂ-ਰੇਲਾਂ ਰੋਕਣ ਨਾਲ ਹੋਰ ਵਰਗਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ। ਐੱਸਕੇਐੱਮ ਆਗੂਆਂ ਨੇ ਹੰਗਾਮੀ ਮੀਟਿੰਗ ਕਰ ਕੇ ਚੰਡੀਗੜ੍ਹ ਵਿਚ ਲਾਇਆ ਜਾਣ ਵਾਲਾ ਮੋਰਚਾ ਫ਼ਿਲਹਾਲ ਰੋਕ ਲਿਆ ਅਤੇ 10 ਮਾਰਚ ਨੂੰ ਪੂਰੇ ਪੰਜਾਬ ਵਿਚ ਆਪ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਵੱਡੇ ਇਕੱਠ ਕਰ ਕੇ ਵਿਰੋਧ ਪ੍ਰਦਰਸ਼ਨ ਕੀਤੇ ਗਏ।

ਭਾਰਤ ਦੀ ਹਾਕਮ ਜਮਾਤੀ ਪਾਰਟੀਆਂ ਦੇ ਆਰਥਿਕਤਾ ਦੇ ਕੁੰਜੀਵਤ ਖੇਤਰਾਂ, ਖ਼ਾਸ ਕਰਕੇ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਮਨਹੂਸ ਇਰਾਦੇ ਸਪਸ਼ਟ ਹਨ ਜੋ ਸਿੱਧੇ ਤੌਰ 'ਤੇ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ ਨੂੰ ਵਧਾਉਣ ਵਾਲਾ ਆਰਥਕ ਮਾਡਲ ਹੈ। ਹੁਣ ਦੇਖਣਾ ਇਹ ਹੈ ਕਿ ਐੱਸਕੇਐੱਮ ਦੇ ਆਗੂ ਕੇਂਦਰ ਦੀ ਸ਼ਹਿ 'ਤੇ ਪੰਜਾਬ ਦੇ ਜੁਝਾਰੂ ਕਿਸਾਨਾਂ ਨੂੰ ਦਿੱਤੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਅਗਲੀ ਰਣਨੀਤੀ ਕੀ ਬਣਾਉਂਦੇ ਹਨ। ਪੂਰੇ ਮੁਲਕ ਦੀਆਂ ਨਜ਼ਰਾਂ ਸੰਯੁਕਤ ਕਿਸਾਨ ਮੋਰਚੇ ਉੱਪਰ ਲੱਗੀਆਂ ਹੋਈਆਂ ਹਨ। ਕੀ ਉਹ ਕਾਰਪੋਰੇਟ ਹਮਲੇ ਨੂੰ ਠੱਲ੍ਹ ਪਾਉਣ ਅਤੇ ਖੇਤੀ ਸੰਕਟ ਦੇ ਪੱਕੇ ਹੱਲ ਲਈ ਤੇ ਖ਼ਤਮ ਹੋ ਰਹੀ ਕਿਸਾਨੀ ਨੂੰ ਬਚਾਉਣ ਲਈ ਇਤਿਹਾਸਕ ਕਿਸਾਨ ਅੰਦੋਲਨ ਦੀ ਤਰਜ਼ 'ਤੇ ਮੁੜ ਫ਼ੈਸਲਾਕੁਨ ਸੰਘਰਸ਼ ਵਿੱਢਣ ਦੀ ਦਿਸ਼ਾ 'ਚ ਅੱਗੇ ਵਧਣਗੇ?

---

***(ਪਿਛਲੇ ਸਫੇ ਦਾ ਬਾਕੀ)***

ਲਾਹੇਵੰਦਾ ਸੌਦਾ ਹੈ? ਕੋਈ ਸ਼ੱਕ ਨਹੀਂ ਕਿ ਇਸੇ ਕਾਰਨ ਹਰਾਰੀ ਨਾ ਸਿਰਫ਼ ਬਰਾਕ ਉਬਾਮਾ ਤੋਂ ਸਿਲੀਕੌਨ ਵੈਲੀ ਤੇ ਆਈ.ਐੱਮ.ਐੱਫ. ਵਰਗੀ ਆਰਥਿਕ ਅਜਾਰੇਦਾਰੀ ਦੀ ਸੰਸਥਾ ਤੋਂ ਲੈ ਕੇ ਫੇਸਬੁੱਕ ਦੇ ਮਾਲਿਕ ਮਾਰਕ ਜ਼ਕਰਬਰਗ ਤੱਕ ਸਭ ਦਾ ਚਹੇਤਾ ਇਤਿਹਾਸਕਾਰ ਤੇ ਦਾਰਸ਼ਨਿਕ ਹੈ।

ਕੀ ਇਹ ਬੌਧਿਕ ਬੇਈਮਾਨੀ ਨਹੀਂ ਕਿ ਤੁਸੀਂ ਸਿਆਸੀ ਅਸਥਿਰਤਾ ਅਤੇ ਬੇਕਾਰੀ ਦੀਆਂ ਜਨਮਦਾਤੀਆਂ ਬਹੁਕੌਮੀ ਡਿਜੀਟਲ ਤੇ ਨਾਨ-ਡਿਜੀਟਲ ਕੰਪਨੀਆਂ ਦੇ ਕੰਟਰੋਲ ਕਰਨ ਦੇ ਅਪਰੇਸ਼ਨਾਂ, ਫੇਸਬੁੱਕ ਵਰਗੀਆਂ ਕੰਪਨੀਆਂ ਦੁਆਰਾ ਸਿਆਸੀ ਲੌਬਿੰਗ ਕਰਨ; ਬੋਲਣ, ਲਿਖਣ ਤੇ ਸੂਚਨਾ ਦੇ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਘਾਣ ਕਰਨ ਅਤੇ ਵੱਖ-ਵੱਖ ਮੁਲਕਾਂ ਵਿਚ ਆਪਣੀਆਂ ਸਥਾਨਕ ਪਛਾਣਾਂ ਦੇ ਸੰਘਰਸ਼ ਲੜ ਰਹੇ ਬਾਸ਼ਿੰਦਿਆਂ ਦੇ ਫੇਸਬੁੱਕ ਪੇਜਾਂ ਨੂੰ ਬਲੌਕ ਕਰਨ ਖ਼ਿਲਾਫ਼ ਇੱਕ ਵੀ ਲਫ਼ਜ਼ ਨਹੀਂ ਬੋਲਦੇ? ਕੀ ਇਹ ਸੂਚਨਾ ਅਤੇ ਜਾਣਕਾਰੀ ਦੇ ਇਕਤਰਫ਼ਾ ਤੇ ਇੱਕ ਦਿਸ਼ਾਵੀ ਚੱਲਣ ਦੇ ਹੱਕ ਵਿਚ ਭੁਗਤਣਾ ਨਹੀਂ ਜਿੱਥੇ ਬਹੁਕੌਮੀ ਕੰਪਨੀਆਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਦਾ ਸਮੂਹ ਜਾਂ ਗਰੁੱਪ ਇਹ ਨਿਰਧਾਰਤ ਕਰਨ ਲੱਗਦਾ ਹੈ ਕਿ ਲੋਕ ਕੀ ਸੋਚਣ, ਲਿਖਣ, ਪੜ੍ਹਨ ਜਾਂ ਕਿਵੇਂ ਪ੍ਰਤੀਕਿਰਿਆ ਦੇਣ? ਦਾਰਸ਼ਨਿਕ ਪੱਧਰ 'ਤੇ ਦੇਖਿਆ ਜਾਵੇ ਤਾਂ ਇਹ ਆਲਮੀ ਪੱਧਰ 'ਤੇ ਗਿਆਨ/ਜਾਣਕਾਰੀ/ਸੂਚਨਾ ਦੇ ਸੋਮਿਆਂ 'ਤੇ ਅਜਾਰੇਦਾਰੀ ਜਮਾਉਣ ਦਾ ਫਾਸ਼ੀਵਾਦੀ ਰੁਝਾਨ ਹੈ।

# ਬਟਵਾਰੇ ਦੇ ਮਹਾਂ ਦੁਖਾਂਤ ਦੀਆਂ ਜੜ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ

"ਯਾਦਾਂ ਦੀ ਪਿਟਾਰੀ ਖੋਲ੍ਹਣਾ ਕੋਈ ਅਜਿਹਾ ਕੰਮ ਨਹੀਂ ਏ, ਜਿਸ ਦੀਆਂ ਹੱਦਾਂ ਤੈਅ ਕੀਤੀਆਂ ਜਾ ਸਕਣ। ਕੋਈ ਇਸ ਪਿਟਾਰੀ ਨੂੰ ਖੋਲ੍ਹ ਕੇ ਉਸ ਮੰਜ਼ਲ ਤਕ ਨਹੀਂ ਪਹੁੰਚ ਸਕਦਾ ਜਿੱਥੇ ਇਸ ਨੂੰ ਬੰਦ ਕਰ ਦਿੱਤਾ ਜਾਏ। ਹਰ ਇਤਿਹਾਸਕ ਘਟਨਾਕ੍ਰਮ, ਜਿਸ ਨੂੰ ਯਾਦਾਂ ਦੇ ਸ਼ੀਸ਼ਿਆਂ ਰਾਹੀਂ ਤੱਕਣ ਦੀ ਸੰਭਾਵਨਾ ਹੋਏ, ਸਾਨੂੰ ਇਹ ਦੱਸਦਾ ਹੈ ਕਿ ਤੁਸੀਂ ਜਿੰਨੀ ਜ਼ਿਆਦਾ ਖੋਜ ਕਰਦੇ ਓ, ਉੱਥੇ ਓਨਾ ਹੀ ਹੋਰ ਜ਼ਿਆਦਾ ਕੁਝ ਪਿਆ ਹੁੰਦਾ ਹੈ ਜੋ ਅਜੇ ਲੱਭਣ ਵਾਲਾ ਹੁੰਦਾ ਹੈ।"

*-ਉਰਵਸ਼ੀ ਬੁਟਾਲੀਆ, ਦਿ ਪਾਰਟੀਸ਼ਨ : ਦਿ ਲਾਂਗ ਸ਼ੈਡੋ*

ਇਤਿਹਾਸ ਘਟਨਾਵਾਂ, ਘਟਨਾਵਾਂ ਦੇ ਪਿੱਛੇ ਪਏ ਵਰਤਾਰਿਆਂ, ਜਿੱਤਾਂ-ਹਾਰਾਂ, ਵਿਦਰੋਹਾਂ, ਸੱਤਾਧਾਰੀਆਂ ਦੇ ਫ਼ੈਸਲਿਆਂ, ਇਨ੍ਹਾਂ ਜਿੱਤਾਂ-ਹਾਰਾਂ ਦੇ ਕਾਰਨਾਂ ਆਦਿ ਨਾਲ ਬੱਝਾ ਹੁੰਦਾ ਹੈ। ਵੱਖ-ਵੱਖ ਤਰ੍ਹਾਂ ਦੀ ਇਤਿਹਾਸਕਾਰੀ ਵੱਖ-ਵੱਖ ਤਰ੍ਹਾਂ ਦੇ ਤੱਥ ਵਰਤਦੀ ਅਤੇ ਵੱਖ-ਵੱਖ ਤਰ੍ਹਾਂ ਦੇ ਬਿਰਤਾਂਤ ਘੜਦੀ ਹੈ। ਕੁਝ ਇਤਿਹਾਸਕਾਰ



**ਸਵਰਾਜਬੀਰ**
**ਫੋਨ: 98560-02003**

ਘਟਨਾਵਾਂ ਤੇ ਸੱਤਾਧਾਰੀਆਂ ਦੇ ਫ਼ੈਸਲਿਆਂ ਨੂੰ ਤਰਜੀਹ ਦਿੰਦੇ ਹਨ ਅਤੇ ਕੁਝ ਘਟਨਾਵਾਂ ਤੇ ਫ਼ੈਸਲਿਆਂ ਦੀ ਜ਼ਮੀਨ ਬਣਾਉਣ ਵਾਲੇ ਵਰਤਾਰਿਆਂ ਨੂੰ। ਇਹ ਘਟਨਾਵਾਂ ਤੇ ਜਿੱਤਾਂ-ਹਾਰਾਂ ਤੇ ਫ਼ੈਸਲੇ ਸਮੇਂ, ਦਿਨਾਂ, ਮਹੀਨਿਆਂ, ਵਰ੍ਹਿਆਂ ਤੇ ਤਾਰੀਖਾਂ ਨਾਲ ਵੀ ਬੱਝੇ ਹੁੰਦੇ ਹਨ ਅਤੇ ਕਈ ਵਾਰ ਕਈ ਇਤਿਹਾਸਕਾਰ ਇਹ ਕਹਿਣਾ ਵੀ ਪਸੰਦ ਕਰਦੇ ਹਨ ਕਿ ਫਲਾਂ ਇਤਿਹਾਸਕ ਮੋੜ ਕਿਸੇ ਖ਼ਾਸ ਵਰ੍ਹੇ ਜਾਂ ਦਿਨ ਨੂੰ ਵਾਪਰਿਆ। ਇਹ ਇਤਿਹਾਸਕਾਰ ਇਹ ਕਹਿਣਾ ਪਸੰਦ ਕਰਦੇ ਹਨ ਕਿ ਉਸ ਦਿਨ ਜਾਂ ਵਰ੍ਹੇ ਵਿਚ ਵਾਪਰੀ ਘਟਨਾ ਨਾਲ ਕਿਸੇ ਭੂਗੋਲਿਕ ਖਿੱਤੇ ਵਿਚ ਨਵੀਂ ਸ਼ੁਰੂਆਤ ਹੋਈ ਜਦੋਂਕਿ ਹੋਰ ਇਤਿਹਾਸਕਾਰ ਅਜਿਹੇ ਮੋੜ ਪਿੱਛੇ ਪਏ ਵਰਤਾਰਿਆਂ ਦੀਆਂ ਪਰਤਾਂ ਫਰੋਲਣ 'ਤੇ ਜ਼ੋਰ ਦਿੰਦੇ ਹਨ ਅਤੇ ਉਨ੍ਹਾਂ ਸਰੋਤਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਕਾਰਨ ਕੋਈ ਇਤਿਹਾਸਕ ਕਾਰਾ/ਘਟਨਾ ਵਾਪਰਿਆ।

ਦੇਸ਼ ਦੀ ਵੰਡ ਦੇ ਮੁੱਢ ਬਸਤੀਵਾਦ ਦੇ ਮੁੱਢ ਬੱਝਣ ਵਿਚ ਪਏ ਹਨ। ਅੰਗਰੇਜ਼ਾਂ ਨੇ ਹਮੇਸ਼ਾ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨਾਲ ਰਾਜ ਕੀਤਾ; ਇਕ ਰਾਜੇ ਨੂੰ ਦੂਸਰੇ ਵਿਰੁੱਧ ਅਤੇ ਦੂਸਰੇ ਨੂੰ ਤੀਸਰੇ ਵਿਰੁੱਧ ਲੜਾਇਆ; ਆਰਥਿਕ ਲੁੱਟ ਦੀ ਇੰਤਹਾ ਕੀਤੀ ਜਿਸ ਕਾਰਨ ਦੇਸ਼ ਵਿਚ ਕਾਲ ਪਏ, ਮੁਕਾਮੀ ਸਨਅਤ ਤਬਾਹ ਹੋਈ ਅਤੇ ਭਾਰਤ ਮੁਕੰਮਲ ਤੌਰ 'ਤੇ ਗੁਲਾਮ ਹੋ ਗਿਆ। ਸਿਆਸੀ ਤੇ ਆਰਥਿਕ ਗੁਲਾਮੀ ਦੇ ਨਾਲ-ਨਾਲ ਸਮਾਜਿਕ, ਮਾਨਸਿਕ ਤੇ ਸਭਿਆਚਾਰਕ ਗੁਲਾਮੀ ਦਾ ਮੁੱਢ ਬੱਝਾ।

ਬਸਤੀਵਾਦੀਆਂ ਨੇ ਗੁਲਾਮ ਦੇਸ਼ਾਂ ਦੇ ਲੋਕਾਂ 'ਤੇ ਸਮਾਜਿਕ, ਮਾਨਸਿਕ ਤੇ ਸਭਿਆਚਾਰਕ ਗਲਬਾ ਪਾਉਣ ਲਈ ਕਈ ਤਰ੍ਹਾਂ ਦੇ ਬਿਰਤਾਂਤ ਬਣਾਏ- ਸਿਰਜੇ ਤੇ ਘੜੇ ਸਨ। ਇਕ ਪੱਧਰ 'ਤੇ ਬਸਤੀਵਾਦੀਆਂ ਨੂੰ ਇਹ ਯਕੀਨ ਸੀ ਕਿ ਉਹ ਜ਼ਿਆਦਾ ਸਭਿਅਕ ਤੇ ਵਿਕਸਤ ਸਨ ਅਤੇ ਅਜਿਹੀ ਨਸਲ (ਗੋਰੇ ਰੰਗ ਦੀ ਨਸਲ) ਨਾਲ ਸੰਬੰਧ ਰੱਖਦੇ ਸਨ, ਜਿਨ੍ਹਾਂ ਨੂੰ ਏਸ਼ੀਆ, ਅਫਰੀਕਾ ਅਤੇ ਅਮਰੀਕਾ ਮਹਾਂਦੀਪਾਂ ਦੇ ਦੇਸ਼ਾਂ ਨੂੰ ਗੁਲਾਮ ਬਣਾਉਣ ਦਾ ਕੁਦਰਤੀ ਜਾਂ ਦੇਵੀ ਹੱਕ ਪ੍ਰਾਪਤ ਸੀ। ਇਸ ਬਿਰਤਾਂਤ ਅਨੁਸਾਰ ਏਸ਼ੀਆ, ਅਫਰੀਕਾ ਤੇ ਅਮਰੀਕਾ ਦੇ ਲੋਕ ਅਰਧ-ਵਿਕਸਤ, ਜ਼ਿਆਦਾ ਭਾਵੁਕ, ਘੱਟ ਸਭਿਅਕ ਅਤੇ ਬੱਚਿਆਂ ਵਰਗੇ ਸਨ, ਜਦੋਂ ਕਿ ਯੂਰਪ ਦੇ ਗੋਰੀਆਂ ਨਸਲਾਂ ਦੇ ਲੋਕ ਤਰਕਸ਼ੀਲ, ਜ਼ਿਆਦਾ ਮਾਨਸਿਕ ਤਵਾਜ਼ਨ ਰੱਖਣ ਵਾਲੇ, ਸੰਵੇਦਨਸ਼ੀਲ ਸਨ। ਏਸ਼ਿਆਈ-ਅਫਰੀਕੀ ਨਸਲਾਂ ਨੂੰ ਵਹਿਸ਼ੀ ਅਤੇ ਜਾਬਰ ਵੀ ਗਰਦਾਨਿਆ ਜਾਂਦਾ ਸੀ ਜਦੋਂਕਿ ਗੋਰੀਆਂ ਨਸਲਾਂ ਨੂੰ ਰਹਿਮ ਦਿਲ ਅਤੇ ਲੋਕਾਂ ਨਾਲ ਨਿਆਂ ਕਰਨ ਵਾਲੇ ਚਿਤਰਿਆ ਜਾਂਦਾ ਸੀ। ਇਹ ਵੀ ਸਮਝਿਆ ਜਾਂਦਾ ਸੀ ਕਿ ਏਸ਼ੀਆ, ਅਫਰੀਕਾ ਤੇ ਅਮਰੀਕਾ ਦੇ ਲੋਕ ਖ਼ੁਦ ਹਕੂਮਤ ਕਰਨ ਦੇ ਕਾਬਲ ਨਹੀਂ ਸਨ ਅਤੇ ਉਨ੍ਹਾਂ ਨੂੰ ਗੋਰੀਆਂ ਨਸਲਾਂ ਦੀ ਅਗਵਾਈ ਦੀ ਲੋੜ ਸੀ। ਇਸ ਬਿਰਤਾਂਤ ਵਿਚ ਇਸਾਈ ਧਰਮ ਦੀ ਮਾਨਵਵਾਦੀ ਸੋਚ ਨੂੰ ਵੀ ਆਪਣੀ ਸ੍ਰੇਸ਼ਟਤਾ ਦੱਸਣ ਦਾ ਹਥਿਆਰ ਬਣਾ ਕੇ ਮੁਕਾਮੀ ਧਰਮਾਂ ਨੂੰ ਘਟੀਆ ਦਰਸਾਇਆ ਜਾਂਦਾ ਸੀ। ਇਕ ਪਾਸੇ ਇਹ ਸੋਚ-ਦ੍ਰਿਸ਼ਟੀ ਜੋਸਫ ਕੋਨਾਰਡ ਤੇ ਰੁਡਯਾਰਡ ਕਿਪਲਿੰਗ ਦੀਆਂ ਲਿਖਤਾਂ 'ਚ ਆਪਣੀਆਂ ਸਿਖਰਾਂ 'ਤੇ ਪਹੁੰਚੀ ਅਤੇ ਦੂਸਰੇ ਪਾਸੇ ਸਿਆਸੀ ਵਿਚਾਰਧਾਰਾ ਵਿਚ ਇਹ ਵਿੰਸਟਨ ਚਰਚਿਲ ਵਰਗੇ ਸਿਆਸਤਦਾਨਾਂ ਦੇ ਨਜ਼ਰੀਏ ਵਿਚ ਬਹੁਤ ਜ਼ਹਿਰਲੇ ਤਰੀਕੇ ਨਾਲ ਰਚੀ-ਮਿਚੀ ਹੋਈ ਸੀ।

ਕਈ ਬਸਤੀਵਾਦੀਆਂ ਅਤੇ ਬਸਤੀਵਾਦੀ ਚਿੰਤਕਾਂ ਦਾ ਖ਼ਿਆਲ ਸੀ ਕਿ ਗੁਲਾਮ ਦੇਸ਼ਾਂ ਦੇ ਪੁਰਾਤਨ ਸਮੇਂ ਉਨ੍ਹਾਂ ਦੇ ਸੁਨਹਿਰੀ ਦੌਰ ਸਨ, ਪਰ ਵਰਤਮਾਨ ਵਿਚ ਉਹ (ਦੇਸ਼) ਵਿਕਾਸ ਦੇ ਰਾਹ 'ਤੇ ਯੂਰਪ ਤੋਂ ਪੱਛੜ ਗਏ ਸਨ; ਅਜਿਹੇ ਚਿੰਤਕਾਂ ਨੇ ਭਾਰਤ ਜਿਹੇ ਦੇਸ਼ਾਂ ਦੀ ਪੁਰਾਤਨ ਸਭਿਅਤਾ ਦਾ ਗੁਣਗਾਣ ਕੀਤਾ ਪਰ ਵਰਤਮਾਨ ਨੂੰ ਯੂਰਪ ਦੇ ਮੁਕਾਬਲੇ ਘਟੀਆ ਤੇ ਘੱਟ ਵਿਕਸਤ ਦੱਸਿਆ।

ਭਾਰਤ ਵਿਚ ਅੰਗਰੇਜ਼ ਬਸਤੀਵਾਦੀ ਇਹ ਟੋਹ ਪਾ ਗਏ ਸਨ ਕਿ ਮੁਗ਼ਲ ਸਾਮਰਾਜ ਦੇ ਕਮਜ਼ੋਰ ਪੈਣ ਨਾਲ ਸਮਾਜ ਖਿੰਡ-ਪੁੰਡ ਰਿਹਾ ਸੀ ਅਤੇ ਵੱਖ-ਵੱਖ ਰਾਜਿਆਂ-ਰਜਵਾੜਿਆਂ ਅਤੇ ਧਾਰਮਿਕ ਫ਼ਿਰਕਿਆਂ ਨੂੰ ਇਕ ਦੂਸਰੇ ਦੇ ਵਿਰੁੱਧ ਵਰਤਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੇ ਇਨ੍ਹਾਂ ਵਖਰੇਵਿਆਂ, ਫੁੱਟ ਤੇ ਈਰਖਾ ਨੂੰ ਰੱਜ ਕੇ ਵਰਤਿਆ। ਅਜਿਹੀ ਬਸਤੀਵਾਦੀ ਸੋਚ ਅਨੁਸਾਰ ਭਾਰਤ ਵਿਚ 1857 ਜਿਹਾ ਵਿਦਰੋਹ ਕਦੀ ਵੀ ਨਹੀਂ ਸੀ ਹੋ ਸਕਦਾ। 1857 ਦੇ ਵਿਦਰੋਹ ਵਿਚ ਨਾ ਸਿਰਫ਼ ਰਾਜੇ ਤੇ ਰਜਵਾੜੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਆਪਣਾ ਆਗੂ ਮੰਨ ਕੇ ਇਕੱਠੇ ਹੋਏ ਸਗੋਂ ਇਸ ਵਿਦਰੋਹ ਵਿਚ ਵੱਡੀ ਪੱਧਰ 'ਤੇ ਕਿਸਾਨਾਂ ਤੇ ਹੋਰ ਕਿੱਤਿਆਂ ਨਾਲ ਸੰਬੰਧਤ ਲੋਕਾਂ ਨੇ ਵੀ ਹਿੱਸਾ ਲਿਆ। 1857 ਦੇ ਵਿਦਰੋਹ ਦੇ ਹਾਲ ਪੜ੍ਹਨ ਵਾਲੇ ਹਨ। ਭਾਵੇਂ ਈਸਟ ਇੰਡੀਆ ਕੰਪਨੀ ਨੇ ਇਸ ਵਿਦਰੋਹ ਨੂੰ ਦਬਾ ਦਿੱਤਾ ਪਰ ਇਸ ਨੇ ਅੰਗਰੇਜ਼ੀ ਬਸਤੀਵਾਦੀਆਂ ਦੀ ਮਾਨਸਿਕਤਾ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ। ਉਹ ਜਾਣ ਗਏ ਕਿ ਲੋਕਾਂ ਦੇ ਏਕੇ ਸਾਮ੍ਹਣੇ ਉਹ ਟਿਕ ਨਹੀਂ ਸਕਦੇ ਅਤੇ ਲੋਕਾਂ ਨੂੰ ਵੰਡ ਕੇ ਰੱਖਣਾ ਬਹੁਤ ਜ਼ਰੂਰੀ ਹੀ ਨਹੀਂ ਸੀ ਸਗੋਂ ਅਜਿਹੀ ਵੰਡ ਦਾ ਜ਼ਹਿਰ ਸਮਾਜ ਦੇ ਲੂੰ-ਲੂੰ 'ਚ ਰਚਾਇਆ ਜਾਣਾ ਚਾਹੀਦਾ ਸੀ। 1858 ਤੋਂ 1865 ਤੱਕ ਦੇ ਸੈਕਟਰੀ ਆਫ਼ ਸਟੇਟ ਫਾਰ ਇੰਡੀਆ (ਇੰਗਲੈਂਡ ਦੀ ਕੈਬਨਿਟ ਵਿਚ ਭਾਰਤੀ ਮਾਮਲਿਆਂ ਬਾਰੇ ਵਜ਼ੀਰ) ਸਰ ਚਾਰਲਸ ਵੁੱਡ ਨੇ ਲਿਖਿਆ, "ਮੈਂ ਇਹ ਚਾਹੁੰਦਾ ਹਾਂ ਕਿ ਫ਼ੌਜ ਦੀਆਂ ਵੱਖ-ਵੱਖ ਰੈਜਮੈਂਟਾਂ ਵਿਚ ਏਨੀਆਂ ਵੱਖਰੀਆਂ ਵੱਖਰੀਆਂ ਤੇ ਵਿਰੋਧੀ ਭਾਵਨਾਵਾਂ ਹੋਣ ਕਿ ਜ਼ਰੂਰਤ ਪੈਣ 'ਤੇ ਸਿੱਖ ਹਿੰਦੂਆਂ 'ਤੇ ਅਤੇ ਗੋਰਖੇ ਹੋਰਾਂ 'ਤੇ ਬਿਨਾਂ ਕਿਸੇ ਝਿਜਕ ਦੇ ਗੋਲੀ ਚਲਾ ਦੇਣ।" ਇਸ ਸੋਚ ਅਨੁਸਾਰ ਸਿੱਖ ਤੇ ਗੋਰਖੇ ਅੰਗਰੇਜ਼ਾਂ ਦੇ ਮਨਚਾਹੇ ਫ਼ੌਜੀ ਬਣ ਗਏ ਅਤੇ ਉਨ੍ਹਾਂ ਨੂੰ ਮਾਰਸ਼ਲ ਕੌਮਾਂ ਗਰਦਾਨਿਆ ਗਿਆ। 1858 ਵਿਚ ਈਸਟ ਇੰਡੀਆ ਕੰਪਨੀ ਦੇ ਖ਼ਤਮ ਹੋਣ ਨਾਲ ਭਾਰਤ ਅੰਗਰੇਜ਼ ਸਾਮਰਾਜ ਦਾ ਸਿੱਧਾ ਹਿੱਸਾ ਬਣ ਗਿਆ ਅਤੇ ਸਾਮਰਾਜੀ ਤਾਕਤਾਂ ਨੇ ਸਿੱਖਾਂ, ਗੋਰਖਿਆਂ, ਮਹਾਰਾਂ, ਮਰਾਠਿਆਂ, ਰਾਜਪੂਤਾਂ, ਡੋਗਰਿਆਂ, ਪਠਾਣਾਂ ਆਦਿ ਦੀਆਂ ਵੱਖਰੀਆਂ-ਵੱਖਰੀਆਂ ਰੈਜਮੈਂਟਾਂ ਬਣਾ ਕੇ ਉਨ੍ਹਾਂ ਨੂੰ ਸਾਮਰਾਜੀ ਤੇ ਆਲਮੀ ਜੰਗਾਂ ਵਿਚ ਵੀ ਵਰਤਿਆ, ਇਕ ਦੂਸਰੇ ਦੇ ਵਿਰੁੱਧ ਵੀ ਅਤੇ ਭਾਰਤੀ ਲੋਕਾਂ ਨੂੰ ਦਬਾਉਣ ਲਈ ਵੀ।

ਏਥੇ ਅਸੀਂ ਜੋਗਿੰਦਰ ਸਿੰਘ ਤੂਰ ਹੋਰਾਂ ਦੁਆਰਾ ਲਿਖੀ ਕਿਤਾਬ ਦੇ ਕੇਂਦਰੀ ਮਸਲੇ 'ਤੇ ਪਹੁੰਚਦੇ ਹਾਂ ਕਿ ਭਾਰਤ (ਬੁਨਿਆਦੀ ਤੌਰ 'ਤੇ ਪੰਜਾਬ ਤੇ ਬੰਗਾਲ) ਦੀ ਵੰਡ ਕਿਉਂ ਹੋਈ, ਇਸ ਵੰਡ ਦੀ ਮਾਨਸਿਕਤਾ ਦੇ ਬੀਜ ਕਿਸ ਨੇ ਬੀਜੇ, ਇਹ ਬੀਜ ਬੀਜਣ ਵਿਚ ਕਿੰਨਾ ਹਿੱਸਾ ਅੰਗਰੇਜ਼ ਬਸਤੀਵਾਦੀਆਂ ਦਾ ਸੀ ਤੇ ਕਿੰਨਾ ਉਨ੍ਹਾਂ ਦੇ ਹੱਥਾਂ ਵਿਚ ਖੇਡਣ ਵਾਲੇ ਕੁਲੀਨ ਭਾਰਤੀਆਂ ਦਾ। ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਵਿਚ ਕਈ ਸੰਗਰਾਮਮਈ ਸੰਘਰਸ਼ ਹੋਏ, ਜਿਨ੍ਹਾਂ 'ਚ ਜੋਗਿੰਦਰ ਸਿੰਘ ਤੂਰ ਨੇ ਗ਼ਦਰ ਪਾਰਟੀ, ਖਿਲਾਫਤ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਚੰਪਾਰਨ ਦਾ ਕਿਸਾਨ ਸੰਘਰਸ਼, ਬਾਰਡੋਲੀ ਦਾ ਕਿਸਾਨ ਅੰਦੋਲਨ, ਰੌਲਟ ਐਕਟ ਵਿਰੁੱਧ ਸੰਘਰਸ਼ ਤੇ ਜਲ੍ਹਿਆਂਵਾਲਾ ਬਾਗ਼ ਦਾ ਸਾਕਾ, ਕਿਰਤੀ ਤੇ ਕਮਿਊਨਿਸਟ ਲਹਿਰਾਂ, ਕਿਸਾਨ ਮੋਰਚਿਆਂ ਦਾ ਯੋਗਦਾਨ, ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਅੰਦੋਲਨ, 1942 ਦਾ ਭਾਰਤ ਛੱਡੋ ਅੰਦੋਲਨ ਅਤੇ ਕੁਝ ਹੋਰ ਸੰਘਰਸ਼ਾਂ ਦਾ ਜ਼ਿਕਰ ਕੀਤਾ ਹੈ।

ਕਿਤਾਬ ਦਾ ਇਕ ਵੱਡਾ ਹਿੱਸਾ ਕੈਬਨਿਟ ਮਿਸ਼ਨ, ਕਰਿਪਸ ਇੰਡੀਆ ਮਿਸ਼ਨ, ਲਾਰਡ ਵੇਵਲ ਦੀ ਯੋਜਨਾ, ਸ਼ਿਮਲਾ ਕਾਨਫਰੰਸ, ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਤੇ ਹੋਰ ਆਗੂਆਂ ਦੀ ਭੂਮਿਕਾ 'ਤੇ ਕੇਂਦ੍ਰਿਤ ਹੈ। ਸਵਾਲ ਉੱਠਦਾ ਹੈ, ਕਿਉਂ?



ਕਿਉਂ 1942 ਵਿਚ ਚੱਲਿਆ ਮਹਾਨ 'ਅੰਗਰੇਜ਼ੋ ਭਾਰਤ ਛੱਡੋ ਅੰਦੋਲਨ' ਅਜਿਹਾ ਸੰਘਰਸ਼ ਨਾ ਬਣ ਸਕਿਆ ਜਿਸ ਕਾਰਨ ਅੰਗਰੇਜ਼ਾਂ ਨੂੰ ਭਾਰਤ ਭਾਰਤੀਆਂ ਦੀਆਂ ਸ਼ਰਤਾਂ 'ਤੇ ਛੱਡਣਾ ਪੈਂਦਾ; ਕਿਉਂ ਬਸਤੀਵਾਦੀ ਹਕੂਮਤ ਨੇ ਘਟਨਾਵਾਂ ਦੀ ਚਾਲ ਨੂੰ ਅਜਿਹਾ ਰੂਪ ਦੇ ਦਿੱਤਾ, ਜਿਸ ਵਿਚ ਕੇਂਦਰੀ ਅਸਥਾਨ ਸਾਮਰਾਜ ਵਿਰੋਧੀ ਸੰਘਰਸ਼ ਦੀ ਥਾਂ ਸੱਤਾ ਵਿਚ ਤਬਦੀਲੀ ਨੂੰ ਮਿਲਿਆ ਜਿਸ ਵਿਚ ਵੱਖ-ਵੱਖ ਸਿਆਸੀ ਜਮਾਤਾਂ ਤੇ ਧਾਰਮਿਕ ਫਿਰਕੇ ਅੰਗਰੇਜ਼ਾਂ ਵਿਰੁੱਧ ਇਕੱਠੇ ਹੋਣ ਦੀ ਥਾਂ ਅੰਗਰੇਜ਼ ਸਰਕਾਰ ਤੋਂ ਵੱਧ ਤੋਂ ਵੱਧ ਫ਼ਾਇਦੇ ਤੇ ਅਧਿਕਾਰ ਲੈਣ ਦੀ ਹੋੜ ਵਿਚ ਇਕ ਦੂਸਰੇ ਦੇ ਏਨੇ ਵਿਰੋਧੀ ਬਣ ਗਏ ਕਿ ਬਟਵਾਰਾ ਹੋਣਾ ਲੋਕਾਂ ਦੀ ਅਜਿਹੀ ਹੋਣੀ ਬਣ ਗਿਆ ਜਿਸ ਨੂੰ ਟਾਲਿਆ ਨਹੀਂ ਸੀ ਜਾ ਸਕਦਾ। ਬਸਤੀਵਾਦੀ ਚਾਲਾਂ ਤੇ ਲੋਕਾਂ ਨੂੰ ਪਾੜ ਕੇ ਰੱਖਣ ਦੇ ਉਨ੍ਹਾਂ ਦੇ ਨਜ਼ਰੀਏ ਨੂੰ ਸਾਡੇ ਲੋਕਾਂ ਨੇ ਕਬੂਲ ਕਰ ਲਿਆ ਅਤੇ 1944-45 ਤੋਂ ਬਾਅਦ ਉਹ ਬਸਤੀਵਾਦੀਆਂ ਦੇ ਵੱਡੇ ਵਿਰੋਧੀਆਂ ਦੀ ਥਾਂ ਇਕ ਦੂਸਰੇ ਦੇ ਹਿੰਸਕ ਵਿਰੋਧੀ ਬਣ ਗਏ ਅਤੇ ਅਜਿਹੇ ਖ਼ੂਨ-ਖ਼ਰਾਬੇ ਵਿਚ ਹਿੱਸਾ ਲਿਆ ਜਿਸ ਦੀ ਮਿਸਾਲ ਨਹੀਂ ਮਿਲਦੀ। ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਜੋਗਿੰਦਰ ਸਿੰਘ ਤੈਰ ਦੀ ਕਿਤਾਬ ਦੇ ਵੀਹਵੇਂ ਤੋਂ ਉਨੰਜਵੇਂ ਅਧਿਆਇ ਪੜ੍ਹਨੇ ਬਣਦੇ ਹਨ।

ਕੈਬਨਿਟ ਮਿਸ਼ਨ ਪਲਾਨ ਵਾਲੇ ਅਧਿਆਇ ਵਿਚ ਜੋਗਿੰਦਰ ਸਿੰਘ ਤੂਰ ਹੋਰਾਂ ਨੇ ਇਹ ਦਿਖਾਇਆ ਹੈ ਕਿ ਕਿਵੇਂ ਕੋਈ ਡੇਢ ਤੋਂ ਵੱਧ ਸਦੀਆਂ ਦੀ ਗੁਲਾਮੀ ਭੋਗਣ ਦੇ ਬਾਵਜੂਦ ਵੀ ਦੇਸ਼ ਦੇ ਰਾਜੇ-ਰਜਵਾੜੇ ਮੁਲਕ ਦੇ ਹਕੀਕੀ ਹਾਲਾਤ ਅਤੇ ਸੰਸਾਰ ਭਰ ਵਿਚ ਫੈਲ ਰਹੀ ਜਮਹੂਰੀਅਤ ਦੀ ਤੋਰ ਤੋਂ ਦੂਰ ਖਲੋਤੇ ਆਪੋ-ਆਪਣੇ ਇਲਾਕਿਆਂ ਵਿਚ ਆਪਣੀ ਖ਼ੁਦਮੁਖਤਿਆਰੀ ਬਣਾਈ ਰੱਖਣਾ ਚਾਹੁੰਦੇ ਸਨ। ਉਹ ਇਨ੍ਹਾਂ ਤੱਥਾਂ ਤੋਂ ਬੇਗਾਨੇ ਸਨ ਕਿ ਹਿੰਦੋਸਤਾਨ ਦੀ ਜਨਤਾ ਸਾਮਰਾਜ ਵਿਰੋਧੀ ਸੰਘਰਸ਼ ਦੀ ਆਧਾਰ-ਸ਼ਕਤੀ ਸੀ ਅਤੇ ਲੋਕਾਂ ਵਿਚ ਜਮਹੂਰੀ ਚੇਤਨਾ ਪਣਪ ਰਹੀ ਸੀ; ਉਸ ਚੇਤਨਾ ਵਿਚ ਰਜਵਾੜਾਸ਼ਾਹੀ ਪ੍ਰਤੀ ਕੋਈ ਹਮਦਰਦੀ ਨਹੀਂ ਸੀ। ਇਸ ਤੋਂ ਉਲਟ ਰਾਜੇ-ਰਜਵਾੜੇ ਲੋਕਾਂ ਨੂੰ ਦਬਾ ਕੇ ਆਪਣੇ ਹੱਕ ਸਲਾਮਤ ਰੱਖਣਾ ਚਾਹੁੰਦੇ ਸਨ ਜੋ ਬਸਤੀਵਾਦ ਤੋਂ ਮੁਕਤ ਹੋ ਰਹੇ ਭਾਰਤ ਤੇ ਪਾਕਿਸਤਾਨ ਵਿਚ ਮੁਮਕਿਨ ਨਹੀਂ ਸੀ।

ਜੋਗਿੰਦਰ ਸਿੰਘ ਤੂਰ ਦੇ ਲਿਖੇ ਬਿਰਤਾਂਤ ਵਿਚੋਂ ਵੀ ਦੋ ਗੱਲਾਂ ਉਭਰਦੀਆਂ ਹਨ: ਉਹ ਜਨ-ਅੰਦੋਲਨਾਂ ਦੀ ਭੂਮਿਕਾ 'ਤੇ ਜ਼ੋਰ ਦੇਂਦੇ ਹਨ ਅਤੇ ਉੱਚੇ ਅਹੁਦਿਆਂ 'ਤੇ ਕੰਮ ਕਰ ਰਹੇ ਅਹੁਦੇਦਾਰਾਂ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਭੂਮਿਕਾ 'ਤੇ ਵੀ। ਇਹ ਕੁਦਰਤੀ ਹੈ ਕਿਉਂਕਿ ਹੋਇਆ ਵੀ ਏਦਾਂ; ਜਨ-ਅੰਦੋਲਨਾਂ ਨੇ ਇਹ ਤੈਅ ਕੀਤਾ ਕਿ 1942 ਤੋਂ ਬਾਅਦ ਅੰਗਰੇਜ਼ਾਂ ਦਾ ਭਾਰਤ ਵਿਚ ਰਹਿਣਾ ਸੁਖਾਲਾ ਨਹੀਂ ਸੀ ਅਤੇ ਉਨ੍ਹਾਂ ਨੂੰ ਦੇਰ-ਸਵੇਰ ਹਿੰਦੋਸਤਾਨ ਛੱਡਣਾ ਪੈਣਾ ਸੀ। ਸਾਰੀ ਗੱਲ ਇਸ ਗੱਲ 'ਤੇ ਕੇਂਦ੍ਰਿਤ ਸੀ ਕਿ ਉਹ ਹਿੰਦੋਸਤਾਨ ਨੂੰ ਕਿਸ ਰੂਪ ਵਿਚ ਛੱਡਣਗੇ; ਇਕ ਦੇਸ਼ ਦੇ ਰੂਪ ਵਿਚ ਜਾਂ ਦੋ ਟੋਟੇ ਕਰਕੇ ਜਾਂ ਦੋ ਤੋਂ ਵੱਧ ਟੋਟੇ ਕਰਕੇ; ਇਸ ਰੂਪ ਨੂੰ ਤੈਅ ਕਰਨ ਵਿਚ ਅੰਗਰੇਜ਼ ਹਾਕਮਾਂ ਅਤੇ ਕਾਂਗਰਸ ਤੇ ਮੁਸਲਿਮ ਲੀਗ ਦੇ ਆਗੂਆਂ ਨੇ ਵਿਸ਼ੇਸ਼ ਭੂਮਿਕਾ ਨਿਭਾਈ; ਇਸੇ ਕਾਰਨ ਕਿਤਾਬ ਦੇ ਇਕ ਹਿੱਸੇ ਵਿਚ ਹਾਕਮਾਂ ਤੇ ਆਗੂਆਂ ਦੀਆਂ ਗਤੀਵਿਧੀਆਂ, ਚਾਲਾਂ, ਮਨਸੂਬਿਆਂ ਅਤੇ ਉਨ੍ਹਾਂ ਦੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਬਿਰਤਾਂਤ ਹਾਵੀ ਹੈ ਜਦੋਂ ਕਿ ਕਿਤਾਬ ਦੇ ਪਹਿਲੇ ਹਿੱਸੇ ਵਿਚ ਜਨ-ਅੰਦੋਲਨਾਂ ਦੇ ਬਿਰਤਾਂਤ ਨੂੰ ਵਿਆਪਕਤਾ ਨਾਲ ਪੇਸ਼ ਕੀਤਾ ਗਿਆ ਹੈ।

ਸੁਰਜੀਤ ਪਾਤਰ ਤੋਂ 2020-21 ਦੇ ਕਿਸਾਨ ਅੰਦੋਲਨ ਬਾਰ ਲਿਖੇ ਉਸ ਦੇ ਸ਼ਬਦ ਹੁਦਾਰ ਮੰਗ ਕੇ ਅਤੇ ਉਨ੍ਹਾਂ ਨੂੰ ਅੱਠ ਦਹਾਕੇ ਪਿੱਛੇ ਲੈ ਜਾ ਕੇ ਉਨ੍ਹਾਂ ਦੀ ਪੁਨਰ ਸਿਰਜਣਾ ਕਰਦਿਆਂ ਇਹ ਕਿਹਾ ਜਾ ਸਕਦਾ ਹੈ, "ਇਹ ਬਾਤ ਸਿਰਫ਼ ਏਨੀ ਹੀ ਨਹੀਂ ਸੀ/ ਨਾ ਹੀ ਇਹ ਮਸਲਾ ਹਿੰਦੂ, ਸਿੱਖ ਮੁਸਲਮਾਨ ਦਾ ਸੀ/ ਇਹ ਮਸਲਾ ਤਾਂ ਸਾਰੇ ਪੰਜਾਬ ਦਾ ਸੀ/ ਪੰਜਾਬ ਦੇ ਉੱਜੜ ਜਾਣ ਦਾ ਸੀ।" ਪੰਜਾਬ ਦੀ ਵੰਡ ਜਿੱਥੇ ਪੰਜਾਬੀਆਂ ਦਾ ਆਰਥਿਕ ਤੇ ਸਮਾਜਿਕ ਉਜਾੜਾ ਸੀ, ਉੱਥੇ ਇਹ ਪੰਜਾਬ ਦੀ ਰਹਿਤਲ ਤੇ ਪੰਜਾਬੀ ਸਭਿਅਤਾ ਦੀ ਮੌਤ ਦਾ ਮਸਲਾ ਵੀ ਸੀ; ਇਹ ਪੰਜਾਬ ਦਾ ਸਭਿਆਚਾਰਕ ਉਜਾੜਾ ਸੀ; ਪੰਜਾਬ ਦੀ ਵੰਡ ਤੇ ਦੋਹਾਂ ਪੰਜਾਬਾਂ ਨੂੰ ਸਾਂਝੀਵਾਲਤਾ ਦੇ ਸਭਿਆਚਾਰ ਦੀ ਥਾਂ 'ਤੇ ਧਰਮ-ਆਧਾਰਿਤ ਨਫ਼ਰਤ ਤੇ ਹਿੰਸਾ ਵਿਚ ਧੱਕਣ ਵੱਲ ਚੁੱਕਿਆ ਗਿਆ ਕਦਮ, ਜਿਸ ਦੇ ਸਿੱਟੇ ਸਿਰਫ਼ ਵੰਡ ਦੌਰਾਨ ਹੋਏ ਕਤਲੇਆਮ ਤੇ ਉਜਾੜੇ ਤਕ ਮਹਿਦੂਦ ਨਹੀਂ ਸਗੋਂ ਇਸ ਨੇ 1947 ਬਾਅਦ ਦੋਹਾਂ ਪੰਜਾਬਾਂ ਤੇ ਉਥੇ ਰਹਿੰਦੇ ਲੋਕਾਂ ਨੂੰ ਅਜਿਹੀ ਉੱਤਰ-ਬਸਤੀਵਾਦੀ ਸਭਿਆਚਾਰਕ ਜੜ੍ਹਤ ਵਿਚ ਧੱਕ ਦਿੱਤਾ, ਜਿੱਥੇ ਵੱਖ-ਵੱਖ ਸਮਿਆਂ ਵਿਚ ਧਰਮ ਆਧਾਰਿਤ ਹਿੰਸਾ, ਧਾਰਮਿਕ ਗਰੂਰ ਤੇ ਹਉਮੈ ਤੇ ਧਰਮ ਆਧਾਰਿਤ ਨਫ਼ਰਤ ਦੀਆਂ ਭਾਵਨਾਵਾਂ ਸਿਰ ਉਭਾਰਦੀਆਂ ਰਹਿੰਦੀਆਂ ਹਨ।

ਜੋਗਿੰਦਰ ਸਿੰਘ ਤੂਰ ਹੋਰਾਂ ਨੇ ਆਪਣੀ ਕਿਤਾਬ ਵੰਡ ਦੇ ਨਿੱਜੀ ਅਨੁਭਵਾਂ ਨਾਲ ਸ਼ੁਰੂ ਕੀਤੀ ਹੈ; ਉਦੋਂ ਉਨ੍ਹਾਂ ਦੀ ਉਮਰ ਦਸ ਸਾਲਾਂ ਦੀ ਸੀ ਤੇ ਦਸ ਸਾਲਾਂ ਦੇ ਬੱਚੇ ਨੇ ਬੇਰਹਿਮੀ, ਨਫ਼ਰਤ, ਧਾਰਮਿਕ ਕੱਟੜਤਾ ਦੀ ਗ਼ੁਲਾਮ ਹੋ ਗਈ ਜ਼ਿਹਨੀਅਤ, ਬਸਤੀਵਾਦੀਆਂ ਦੇ ਮੁਕਾਮੀ ਲੋਕਾਂ ਨਾਲ ਅਲਗਾਓ ਤੇ ਦੂਰੀਆਂ ਅਤੇ ਮਨੁੱਖ ਦੇ ਵਕਤੀ ਤੌਰ 'ਤੇ ਅਮਨੁੱਖ ਹੋ ਜਾਣ ਦੇ ਵਰਤਾਰਿਆਂ ਦਾ ਨੰਗਾ ਨਾਚ ਵੇਖਿਆ ਤੇ ਉਸ ਨੂੰ ਪਹਿਲੇ ਦੋ ਅਧਿਆਇਆਂ ਵਿਚ ਦਰਜ ਕੀਤਾ ਹੈ। ਭਾਵੇਂ ਉਸ ਅਨੁਭਵ ਵਿਚ ਉਹ ਵੀ ਹਾਜ਼ਰ ਹਨ ਜਿਨ੍ਹਾਂ ਨੇ ਇਨਸਾਨੀਅਤ ਦੀ ਰਾਖੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬੇਬਸ ਦਿਖਾਈ ਦਿੰਦੇ ਹਨ। ਲੋਕਾਂ ਦੇ ਮਨਾਂ ਵਿਚ ਇਕ ਦੂਜੇ ਨੂੰ ਖ਼ਤਮ ਕਰਨ, ਘਰ ਤੇ ਇਲਾਕੇ ਖ਼ਾਲੀ ਕਰਵਾਉਣ, ਹਿੰਸਾ, ਡਰ, ਆਪਣੇ ਆਪ ਨੂੰ ਬਚਾਉਣ, ਭਵਿੱਖ ਦੀ ਅਨਿਸਚਤਤਾ, ਮਨੁੱਖੀ ਕਦਰਾਂ-ਕੀਮਤਾਂ ਦੀ ਬੇਕਦਰੀ ਤੇ ਕਈ ਹੋਰ ਭਾਵਨਾਵਾਂ ਦੀਆਂ ਹਨੇਰੀਆਂ ਝੁੱਲ ਰਹੀਆਂ ਸਨ ਅਤੇ ਉਨ੍ਹਾਂ ਹਨੇਰੀਆਂ ਨੇ ਪੰਜਾਬ, ਬੰਗਾਲ ਤੇ ਸਿੰਧ ਦੇ ਲੋਕਾਂ ਨੂੰ ਇਕ ਅਜਿਹੀ ਮੰਝਧਾਰ ਵਿਚ ਧੱਕ ਦਿੱਤਾ ਸੀ ਜਿੱਥੇ ਮੌਤ ਸੀ, ਜਾਇਦਾਦ ਦੇ ਖੁੱਸਣ ਤੇ ਕਬਜ਼ੇ ਕਰਨ ਦੇ ਵਾਵਰੋਲੇ ਸਨ ਅਤੇ ਉੱਜੜ ਜਾਣ ਤੇ ਦੂਸਰਿਆਂ ਨੂੰ ਉਜਾੜ ਦੇਣ ਦੇ ਮਾਨਸਿਕ ਤੇ ਹਕੀਕੀ ਤੂਫ਼ਾਨ ਸਨ। ਅਜਿਹੇ ਹਾਲਾਤ ਦਾ ਸ਼ਿਕਾਰ ਹੋਏ ਮਨੁੱਖਾਂ ਦੀ ਮਾਨਸਿਕਤਾ ਕਿਹੋ ਜਿਹੀ ਹੋ ਗਈ ਹੋਵੇਗੀ ਕਿ ਬਕੌਲ ਮਹਿੰਦਰ ਸਰਨਾ ਉਹ ਸਮਾਂ 'ਛਵੀਆਂ ਦੀ ਰੁੱਤ' ਬਣ ਗਿਆ; ਅਜਿਹੇ ਹਾਲਾਤ ਨੇ ਮਰਦਾਂ, ਔਰਤਾਂ, ਬਜ਼ੁਰਗਾਂ ਤੇ ਬਾਲਕਾਂ (ਜਿਵੇਂ ਜੋਗਿੰਦਰ ਸਿੰਘ ਤੂਰ ਦਸ ਵਰ੍ਹਿਆਂ ਦੇ ਸਨ) ਦੀ ਮਾਨਸਿਕਤਾ 'ਤੇ ਡੂੰਘੇ ਨਿਸ਼ਾਨ ਛੱਡੇ, ਜਿਨ੍ਹਾਂ ਨੂੰ ਚਿਤਰਨਾ ਬਹੁਤ ਮੁਸ਼ਕਿਲ ਹੈ।

ਇਸ ਬਾਰੇ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ, ਇਤਿਹਾਸਕ ਵਿਆਖਿਆਵਾਂ ਹੋਈਆਂ ਹਨ ਅਤੇ ਸਿਆਸੀ ਆਗੂਆਂ ਨੂੰ ਨਾਇਕਾਂ ਤੇ ਖਲਨਾਇਕਾਂ ਵਜੋਂ ਪੇਸ਼ ਕੀਤਾ ਗਿਆ ਹੈ ਪਰ ਵੰਡ ਇਹੋ ਜਿਹਾ ਮਹਾਂ-ਬਿਰਤਾਂਤ ਹੈ ਜਿਸ ਨੂੰ ਕੋਈ ਵੀ ਇਤਿਹਾਸਕਾਰ, ਸਮਾਜ-ਵਿਗਿਆਨੀ ਜਾਂ ਸਾਹਿਤਕਾਰ ਪੂਰਾ ਨਹੀਂ ਲਿਖ ਸਕਦਾ; ਇਸ ਦੇ ਤਾਰ ਕਈ ਥਾਵਾਂ 'ਤੇ ਜੁੜਦੇ ਹਨ, ਅੰਗਰੇਜ਼ ਬਸਤੀਵਾਦੀਆਂ ਦੀਆਂ ਵੰਡਪਾਊ ਨੀਤੀਆਂ ਜਿਨ੍ਹਾਂ ਨਾਲ ਉਨ੍ਹਾਂ ਨੇ ਭਾਰਤ 'ਤੇ 200 ਸਾਲ ਰਾਜ ਕੀਤਾ ਅਤੇ ਵੰਡ ਦੇ ਸਮੇਂ ਉਨ੍ਹਾਂ ਦੇ ਮਨਸੂਬਿਆਂ ਨਾਲ, ਮੁਸਲਿਮ ਲੀਗ ਅਤੇ ਹਿੰਦੂ ਮਹਾਸਭਾ ਅਤੇ ਅਜਿਹੀਆਂ ਹੋਰ ਕੱਟੜਪੰਥੀ ਜਥੇਬੰਦੀਆਂ ਦੇ ਦੋ ਕੌਮਾਂ ਦੇ ਸਿਧਾਂਤ ਨਾਲ, ਮੁਸਲਮਾਨਾਂ ਵਿਚ ਪੈਦਾ ਹੋਈ ਅਤੇ ਪੈਦਾ ਕੀਤੀ ਗਈ ਅਸੁਰੱਖਿਆ ਦੀ ਭਾਵਨਾ ਨਾਲ, ਗੁਲਾਮ ਭਾਰਤ ਵਿਚ 1937 ਤੇ 1946 ਵਿਚ ਹੋਈਆਂ ਸੀਮਤ ਚੋਣਾਂ ਤੋਂ ਬਾਅਦ ਕੇਂਦਰ ਅਤੇ ਸੂਬਿਆਂ ਵਿਚ ਬਣੀਆਂ ਸਰਕਾਰਾਂ ਵਿਚ ਕਾਂਗਰਸ ਤੇ ਮੁਸਲਿਮ ਲੀਗ ਦੀ ਮਿਲ ਕੇ ਨਾ ਚੱਲਣ ਦੀ ਜ਼ਿੱਦ ਨਾਲ, ਕਾਂਗਰਸ ਦੇ ਇਸ ਵਤੀਰੇ ਨਾਲ ਕਿ ਸਿਰਫ਼ ਉਹੀ ਸਾਰੇ ਦੇਸ਼ ਦੀ ਨੁਮਾਇੰਦਾ ਜਮਾਤ ਸੀ; ਇਨ੍ਹਾਂ ਕਾਰਨਾਂ 'ਤੇ ਉਸ ਸਮੇਂ ਦੀ ਸਿਆਸਤ ਵਿਚਲੇ ਸਿਖਰਲੇ ਸਿਆਸੀ ਆਗੂਆਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ; ਲਿਖਿਆ ਜਾਣਾ ਹੈ ਅਤੇ ਲਿਖਿਆ ਜਾਵੇਗਾ ਕਿਉਂਕਿ ਵੰਡ ਨੇ ਪੰਜਾਬੀ, ਸਿੰਧੀ ਅਤੇ ਬੰਗਾਲੀ ਸਭਿਅਤਾਵਾਂ ਨੂੰ ਹਮੇਸ਼ਾ ਲਈ ਤਬਾਹ ਕਰ ਦਿੱਤਾ; ਹੁਣ ਇਹ ਸਭਿਅਤਾਵਾਂ ਆਪਣੇ ਵੰਡੇ ਹੋਏ ਹੋਣ ਦੀ ਹੋਣੀ ਨੂੰ ਭੋਗ ਰਹੀਆਂ ਹਨ ਅਤੇ ਭੋਗਦੀਆਂ ਰਹਿਣਗੀਆਂ।

ਜੋਗਿੰਦਰ ਸਿੰਘ ਤੂਰ ਹੋਰਾਂ ਨੇ ਮੈਨੂੰ ਦੱਸਿਆ ਕਿ ਜਦੋਂ ਉਨ੍ਹਾਂ ਨੇ ਪਹਿਲੇ ਦੋ ਅਧਿਆਇ (ਜਿਨ੍ਹਾਂ ਵਿਚ ਨਿੱਜੀ ਅਨੁਭਵ ਸਨ) ਲਿਖ ਲਏ ਤਾਂ ਉੱਘੇ ਵਕੀਲ ਤੇ ਪੰਜਾਬੀ ਦਾਨਿਸ਼ਵਰ ਰਾਜਿੰਦਰ ਸਿੰਘ ਚੀਮਾ ਨੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਉਨ੍ਹਾਂ ਘਟਨਾਵਾਂ ਦਾ ਇਤਿਹਾਸ ਵੀ ਲਿਖਣ ਜਿਨ੍ਹਾਂ ਕਰਕੇ ਜੋਗਿੰਦਰ ਸਿੰਘ ਤੂਰ ਨੂੰ ਉਸ ਸਮੇਂ ਮਨੁੱਖਾਂ ਵਿਚ ਪੈਦਾ ਹੋਈ ਹਿੰਸਾ, ਬੇਰਹਿਮੀ ਅਤੇ ਅਣਮਨੁੱਖਤਾ ਦਾ ਤਾਂਡਵ ਦੇਖਣਾ ਪਿਆ ਸੀ। ਆਪਣੀ ਕਿਤਾਬ ਦਿ ਗਰੇਟ ਪਾਰਟੀਸ਼ਨ ਵਿਚ ਯਾਸਮੀਨ ਖਾਨ ਲਿਖਦੀ ਹੈ, "ਵੰਡ ਦੇ ਇਤਿਹਾਸ ਨੂੰ ਦੋ ਬਿਰਤਾਂਤਾਂ ਵਿਚ ਵੰਡਣ ਦਾ ਰੁਝਾਨ ਰਿਹਾ ਹੈ, ਵੰਡ 'ਚ ਕੁਚਲੇ ਗਏ ਪੀੜਤਾਂ ਜਾਂ ਬਚ ਜਾਣ ਵਾਲਿਆਂ ਦੇ ਇਤਿਹਾਸ ਅਤੇ ਵੰਡੇ ਗਏ ਪੰਜਾਬ ਵਿਚ ਉਨ੍ਹਾਂ ਦੇ ਦੁਖਦਾਇਕ ਸਫ਼ਰ ਦੇ ਇਤਿਹਾਸ ਅਤੇ ਨਵੀਂ ਦਿੱਲੀ ਦੇ ਲੂਟੀਅਨ ਇਲਾਕੇ (ਨਵੀਂ ਦਿੱਲੀ, ਕਨਾਟ ਪਲੇਸ, ਰਾਸ਼ਟਰਪਤੀ ਭਵਨ, ਸਰਕਾਰੀ ਇਮਾਰਤਾਂ, ਇੰਡੀਆ ਗੇਟ, ਮੰਤਰੀਆਂ ਤੇ ਨੌਕਰਸ਼ਾਹਾਂ ਦੀਆਂ ਰਿਹਾਇਸ਼ਾਂ ਵਾਲਾ ਇਲਾਕਾ) ਦੇ ਸੰਗਮਰਮਰੀ ਫ਼ਰਸ਼ਾਂ 'ਤੇ ਹੋਈਆਂ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਦੇ ਸਿਆਸੀ ਰੰਗਰੇਜ਼ੀ ਦੇ ਇਤਿਹਾਸ।"

ਇਆਨ ਟਾਲਬੋਟ ਅਤੇ ਗੁਰਹਰਪਾਲ ਸਿੰਘ ਆਪਣੀ ਕਿਤਾਬ 'ਦਿ ਪਾਰਟੀਸ਼ਨ ਆਫ ਇੰਡੀਆ' ਵਿਚ ਇਸ ਇਤਿਹਾਸਕਾਰੀ ਦੇ ਤਿੰਨ ਰੂਪ ਦੇਖਦੇ ਹਨ; ਪਹਿਲੀ ਵੰਡ ਦੌਰਾਨ ਉਚੇਰੀ ਸਿਆਸਤ ਦੀ ਇਤਿਹਾਸਕਾਰੀ, ਦੂਸਰੀ ਪੰਜਾਬ, ਬੰਗਾਲ, ਸਿੰਧ ਤੇ ਉਤਰ-ਪੱਛਮੀ ਫਰੰਟੀਅਰ ਸੂਬੇ ਦੀ ਸਿਆਸਤ 'ਤੇ ਕੇਂਦ੍ਰਿਤ ਹੁੰਦੀ ਇਤਿਹਾਸਕਾਰੀ ਅਤੇ ਤੀਸਰੀ ਵੰਡ ਦੁਖਾਂਤ ਮਨੁੱਖੀ ਦੁਖਾਂਤ ਦੀ ਇਤਿਹਾਸਕਾਰੀ।

ਯਾਸਮੀਨ ਖਾਨ ਅਤੇ ਹੋਰ ਇਤਿਹਾਸਕਾਰ ਇਸ ਦਲੀਲ ਨਾਲ ਸਹਿਮਤ ਹਨ ਕਿ ਦੋਵੇਂ ਵਰਤਾਰੇ ਵੱਖਰੇ ਵੱਖਰੇ ਨਹੀਂ ਸਨ। ਇਹ ਇਕ ਦੂਜੇ ਨਾਲ ਜੁੜੇ ਹੋਏ ਸਨ ਅਤੇ ਇਸੇ ਕਾਰਨ ਰਾਜਿੰਦਰ ਸਿੰਘ ਚੀਮਾ ਨੇ ਜੋਗਿੰਦਰ ਸਿੰਘ ਤੂਰ ਨੂੰ ਇਨ੍ਹਾਂ ਦੋਹਾਂ ਵਰਤਾਰਿਆਂ ਨੂੰ ਇਕੋ ਕਿਤਾਬ ਵਿਚ ਲਿਖਣ ਨੂੰ ਕਿਹਾ ਹੈ। ਯਾਸਮੀਨ ਖਾਨ ਲਿਖਦੀ ਹੈ, "ਵੰਡ ਦੀ ਯੋਜਨਾ ਹਿੰਸਾ ਦੇ

*(ਬਾਕੀ ਅਗਲੇ ਸਫੇ 'ਤੇ)*

# ਕੌਣ ਹੈ ਕਠਮੁੱਲਾ

**ਸ਼ਬਦ ਝਰੋਖਾ**



ਬਲਜੀਤ ਬਾਸੀ

ਫੋਨ: 734-259-9353



ਪਿਛਲੇ 8 ਦਸੰਬਰ ਨੂੰ ਪ੍ਰਯਾਗਰਾਜ ਵਿਖੇ ਵਿਸ਼ਾਲ ਹਿੰਦੂ ਪਰਿਸ਼ਦ ਵਲੋਂ ਆਯੋਜਤ ਸਮਾਨ ਨਾਗਰਿਕ ਸੰਹਿਤਾ 'ਤੇ ਵਿਚਾਰ ਕਰਨ ਲਈ ਇਕ ਸਮਾਗਮ ਹੋਇਆ। ਇਸ ਵਿਚ ਅਲਾਹਾਬਾਦ ਹਾਈ ਕੋਰਟ ਦੇ ਜੱਜ ਸ਼ੇਖਰ ਕੁਮਾਰ ਯਾਦਵ ਨੇ ਕੜਕ ਕੇ ਕਿਹਾ ਕਿ ਭਾਰਤ ਦੇਸ਼ ਏਥੋਂ ਦੀ ਬਹੁ-ਸੰਖਿਅਕ ਆਬਾਦੀ ਹਿੰਦੂਆਂ ਦੀਆਂ ਇੱਛਾਵਾਂ ਅਨੁਸਾਰ ਹੀ ਚੱਲੇਗਾ। ਉਨ੍ਹਾਂ ਮੁਸਲਮਾਨਾਂ ਨੂੰ ਅਸਹਿਣਸ਼ੀਲ ਅਤੇ ਜਮਾਂਦਰੂ ਤੌਰ 'ਤੇ ਹਿੰਸਕ ਗਰਦਾਨਿਆ। ਉਨ੍ਹਾਂ ਮੁਸਲਮਾਨਾਂ ਦੇ ਇੱਕ ਹਿੱਸੇ ਨੂੰ 'ਕਠਮੁੱਲਾ' ਤੱਕ ਕਹਿ ਦਿੱਤਾ ਕਿਉਂਕਿ ਉਹ ਚਾਰ ਪਤਨੀਆਂ ਰੱਖਦੇ ਹਨ ਅਤੇ ਤਿੰਨ ਵਾਰੀ 'ਤਲਾਕ' ਕਹਿ ਕੇ ਤਲਾਕ ਲੈ ਲੈਂਦੇ ਹਨ। ਉਨ੍ਹਾਂ ਮੁਸਲਮਾਨਾਂ ਦੇ ਵਿਰੁੱਧ ਹੋਰ ਵੀ ਬਹੁਤ ਜ਼ਹਿਰ ਉਗਲਿਆ। ਇਸ ਭਾਸ਼ਨ ਨਾਲ ਦੇਸ਼ ਭਰ ਵਿਚ ਉਨ੍ਹਾਂ ਖ਼ਿਲਾਫ ਤੂਫਾਨ ਖੜ੍ਹਾ ਹੋ ਗਿਆ। ਵਕੀਲਾਂ ਅਤੇ ਹੋਰ ਨਿਆਂ ਪਸੰਦ ਲੋਕਾਂ ਨੇ ਇਸ ਨੂੰ ਮੁਸਲਮਾਨ ਸਮੁਦਾਇ ਨੂੰ ਤਿਰਸਕਾਰ ਦਾ ਨਾ ਬਖਸ਼ਣਯੋਗ ਅਤੇ ਸੰਵਿਧਾਨ ਵਿਰੋਧੀ ਬਿਆਨ ਗਰਦਾਨਿਆ। ਹਾਈ ਕੋਰਟ ਦੇ ਜੱਜ ਸੰਵਿਧਾਨ ਪ੍ਰਤੀ ਹਲਫੀਆ ਤੌਰ 'ਤੇ ਪ੍ਰਤਿਬੱਧ ਹੁੰਦੇ ਹਨ ਇਸ ਲਈ ਕਿਸੇ ਸਮੁਦਾਇ ਵਿਸ਼ੇਸ਼ ਦੇ ਖ਼ਿਲਾਫ ਸੰਪਰਦਾਇਕ ਟਿੱਪਣੀਆਂ ਨਹੀਂ ਕਰ ਸਕਦੇ ਤੇ ਨਾ ਹੀ ਏਨੀ ਖੁੱਲ੍ਹ ਲੈ ਸਕਦੇ ਹਨ ਕਿ ਆਪਣੇ ਸਮੁਦਾਇ ਪ੍ਰਤੀ ਉਚੇਚਾ ਝੁਕਾਅ, ਖਾਸ ਤੌਰ 'ਤੇ ਵਿਵਾਦੀ ਮਸਲਿਆਂ 'ਤੇ ਜਨਤਕ ਤੌਰ 'ਤੇ ਜ਼ਾਹਿਰ ਕਰਨ। ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚਾ। ਵੱਡੀ ਗਿਣਤੀ ਪਾਰਲੀਮੈਂਟ ਮੈਂਬਰਾਂ ਨੇ ਜੱਜ ਉਪਰ ਮਹਾਂਅਭਿਯੋਗ ਚਲਾਉਣ ਲਈ ਮੁਹਿੰਮ ਛੇੜ ਦਿੱਤੀ।

ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਬਲਦੀ ਵਿਚ ਅੱਗ ਝੋਕ ਦਿੱਤੀ। ਵਿਧਾਨ ਸਭਾ ਵਿਚ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ 'ਤੇ ਹਮਲਾ ਬੋਲਦਿਆ ਉਨ੍ਹਾਂ ਕਿਹਾ, 'ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਣਗੇ ਅਤੇ ਦੂਜੇ ਦੇ ਬੱਚਿਆਂ ਨੂੰ ਉਰਦੂ ਪੜ੍ਹਨ ਲਈ ਪ੍ਰੇਰਿਤ ਕਰਨਗੇ, ਉਨ੍ਹਾਂ ਨੂੰ ਮੌਲਵੀ, ਕਠਮੁੱਲਾ ਬਣਨ ਨੂੰ ਪ੍ਰੇਰਿਤ ਕਰਨਗੇ। ਇਹ ਨਾਇਨਸਾਫੀ ਹੈ। ਇਹ ਨਹੀਂ ਚੱਲੇਗਾ। ਉਤਰ ਪ੍ਰਦੇਸ਼ ਸਭ ਧਰਮਾਂ, ਆਪਣੇ ਪ੍ਰਦੇਸ਼ ਵਿਚ ਪ੍ਰਚੱਲਤ ਖੇਤਰੀ ਭਾਸ਼ਾਵਾਂ ਦਾ ਸਨਮਾਨ ਕਰਦਾ ਹੈ, ਇਹ ਸਰਕਾਰ ਸਭ ਦਾ ਸਾਥ ਸਭ ਦਾ ਵਿਕਾਸ 'ਤੇ ਕੇਂਦਰਤ ਮਨਸ਼ਾ ਨਾਲ ਕੰਮ ਕਰ ਰਹੀ ਹੈ, ਵਿਰੋਧੀ ਪੱਖ ਵੀ ਵਿਚ ਸ਼ਾਮਿਲ ਹੋ ਗਿਆ ਹੈ ਕਿ ਸਰਕਾਰ ਦੀ ਹਰ ਪਹਿਲ ਦਾ ਉਨ੍ਹਾਂ ਵਿਰੋਧ ਕਰਨਾ ਹੈ। ਇਹ ਅਨੁਚਿਤ ਹੈ ਅਤੇ ਕਿਸੇ ਵੀ ਸੂਰਤ ਵਿਚ ਮਨਜ਼ੂਰ ਨਹੀਂ ਕੀਤਾ ਜਾ ਸਕਦਾ।' ਗੌਰਤਲਬ ਹੈ ਕਿ ਉਰਦੂ ਖ਼ਿਲਾਫ ਨਫਰਤੀ ਬੋਲਾਂ ਨਾਲ ਭਰੇ ਯੋਗੀ ਦੇ ਭਾਸ਼ਨ ਦੇ ਇਸ ਟੁਕੜੇ ਵਿਚ ਹੀ ਨਾਇਨਸਾਫੀ, ਸਰਕਾਰ, ਮਨਸ਼ਾ, ਸੂਰਤ, ਮਨਜ਼ੂਰ ਸ਼ਬਦ ਉਰਦੂ ਦੇ ਹਨ। ਸਮੇਂ ਸਮੇਂ ਮੁਸਲਮਾਨਾਂ ਨਾਲ ਸਬੰਧਤ ਕਿਸੇ ਨਾ ਕਿਸੇ ਯਥਾਰਥਕ ਜਾਂ ਕਲਪਿਤ ਚਿੰਨ੍ਹ ਨੂੰ ਧੁਰਾ ਬਣਾ ਕੇ ਉਨ੍ਹਾਂ ਦਾ ਮੌਜੂ ਉਡਾਇਆ ਜਾਣਾ ਆਮ ਗੱਲ ਹੋ ਗਈ ਹੈ, ਕਦੇ ਬਾਬਰੀ ਮਸਜਿਦ, ਕਦੇ ਗਿਆਨ ਵਿਆਪੀ ਮਸਜਿਦ, ਕਦੇ ਨਿਮਾਜ਼, ਕਦੇ ਕਈ ਪ੍ਰਕਾਰ ਦੇ ਜਹਾਦ, ਕਦੇ ਉਰਦੂ ਜ਼ਬਾਨ ਤੇ ਹੁਣ ਕਠਮੁੱਲਾ ਇਸ ਦੀ ਮਿਸਾਲ ਹਨ। ਯੋਗੀ ਦੇ ਇਸ ਬਿਆਨ ਵਿਚ ਉਰਦੂ ਪੜ੍ਹਨ ਨਾਲ ਕਠਮੁੱਲਾ ਬਣ ਜਾਣ ਵਾਲੀ ਗੱਲ ਦੋ ਤਰ੍ਹਾਂ ਨਾਲ ਇਤਰਾਜ਼ਯੋਗ ਹੈ: ਉਰਦੂ ਨੂੰ ਕੇਵਲ ਮੁਸਲਮਾਨਾਂ ਦੀ ਭਾਸ਼ਾ ਸਮਝਿਆ ਜਾ ਰਿਹਾ ਹੈ ਤੇ ਕਠਮੁੱਲਾ ਜਾਣੀ ਨਕਲੀ ਵਿਦਵਾਨ ਦੇ ਅਰਥਾਂ ਵਾਲੇ ਇਸ ਸ਼ਬਦ ਵਿਚ ਵੀ ਮੁੱਲਾਂ ਸ਼ਬਦ ਹੋਣ ਨਾਲ ਇਹ ਕੇਵਲ ਮੁਸਲਮਾਨਾਂ 'ਤੇ ਢੁਕਾਇਆ ਗਿਆ ਹੈ।

ਆਮ ਲੋਕਾਂ ਵਿਚ ਦੂਜੇ ਦੇ ਧਰਮ, ਜਾਤ, ਨਸਲ, ਲਿੰਗ, ਭਾਸ਼ਾ, ਪ੍ਰਾਂਤਕ ਪਿਛੋਕੜ ਆਦਿ ਪ੍ਰਤੀ ਘਿਰਣਾਸੂਚਕ ਸ਼ਬਦ ਚੱਲਦੇ ਰਹਿੰਦੇ ਹਨ ਜਿਵੇਂ ਸਿੱਖਾਂ ਨੂੰ ਸਿੱਖੜਾ, ਹਿੰਦੂ ਔਰਤਾਂ ਨੂੰ ਹਿੰਦਣੀਆਂ, ਮੁਸਲਮਾਨਾਂ ਨੂੰ ਸੁੱਲੇ, ਇਸਾਈਆਂ ਨੂੰ ਕਰਾਂਟੇ, ਜੱਟਾਂ ਨੂੰ ਜਟਵੈੜ, ਪਾਕਿਸਤਾਨੋਂ ਆਏ ਪੰਜਾਬੀਆਂ ਨੂੰ ਭਾਪੇ, ਬਿਹਾਰੀਆਂ ਨੂੰ ਭਈਏ ਆਦਿ। ਪੰਜਾਬ ਯੂਨੀਵਰਸਿਟੀ ਦਾ ਇੱਕ ਵਾਈਸ ਚਾਂਸਲਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਨੂੰ ਗਿਆਨੀਆਂ ਦਾ ਵਿਭਾਗ ਸੱਦਦਾ ਸੀ। ਸਿੱਖਾਂ ਨੂੰ ਕਈ ਗੈਰ-ਸਿੱਖ ਉਨ੍ਹਾਂ ਦੀ ਸੂਰਤ ਕਾਰਨ ਗਿਆਨੀ ਕਹਿ ਦਿੰਦੇ ਹਨ। ਰਵਾਇਤੀ ਤੌਰ 'ਤੇ ਆਮ ਲੋਕਾਂ ਵਿਚ ਚਲਦੀਆਂ ਅਜਿਹੀਆਂ ਸ਼ਾਬਦਿਕ ਛੇੜਾਂ ਦਾ ਬਹੁਤਾ ਬੁਰਾ ਨਹੀਂ ਮਨਾਇਆ ਜਾਂਦਾ ਕਿਉਂਕਿ ਸਮੁੱਚੀ ਭਾਸ਼ਾ ਦੇ ਸਾਰੇ ਸ਼ਬਦ ਜਾਂ ਬੋਲ ਕਿਸੇ ਨਾ ਕਿਸੇ ਭਾਵਨਾ ਜਾਂ ਦੁਰਭਾਵਨਾ ਨਾਲ ਜੁੜੇ ਹੁੰਦੇ ਹਨ ਜੋ ਸਮਾਜ ਵਿਚ ਨਿਮਨ ਧਰਾਤਲ 'ਤੇ ਵਿਚਰਦੇ ਆਪਸੀ ਸਬੰਧਾਂ ਨੂੰ ਦਰਸਾਉਂਦੇ ਹਨ। ਪਰ ਜੇ ਕੋਈ ਵੀ ਸਮਾਜਿਕ ਵੰਡੀਆਂ ਬਹੁਤ ਡੂੰਘੀਆਂ ਹੋ ਜਾਣ ਤਾਂ ਇਸ ਦੀ ਤੀਬਰ ਪ੍ਰਤੀਕਿਰਿਆ ਹੋ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ ਜੋ ਵਿਸਫੋਟਕ ਹੋ ਸਕਦੀ ਹੈ। ਕੁਝ ਸਮਾਂ ਪਹਿਲਾਂ ਤੱਕ ਸਿੱਖਾਂ ਦੇ ਬਾਰਾਂ ਵੱਜਣ ਵਾਲੀ ਗੱਲ ਦਾ ਕੋਈ ਬੁਰਾ ਨਹੀਂ ਸੀ ਮਨਾਉਂਦਾ ਪਰ ਅੱਜ ਇਸ ਪਿਛਲੇ ਸਿੱਖਾਂ ਦੇ ਬਹਾਦਰ ਹੋਣ ਦੇ ਇਤਿਹਾਸ ਨੂੰ ਦਰਸਾ ਕੇ ਉਲਟਾ ਸਿੱਖ ਇਸ ਉਕਤੀ ਨੂੰ ਫਖ਼ਰਯੋਗ ਗੱਲ ਦੱਸ ਰਹੇ ਹਨ। ਜੇ ਕਿਸੇ ਲਿਖਤ ਵਿਚ ਜਾਂ ਉਚ ਪਦਵੀਆਂ 'ਤੇ ਬੈਠੇ ਜ਼ਿੰਮੇਵਾਰ ਲੋਕ ਸਰਕਾਰੀ ਜਾਂ ਹੋਰ ਮੰਚਾਂ 'ਤੇ ਗੱਜ-ਵੱਜ ਕੇ ਅਜਿਹੀਆਂ ਬਦਨਾਮਕਾਰੀ ਉਕਤੀਆਂ ਦਾ ਪ੍ਰਯੋਗ ਕਰਨ ਲੱਗਣ ਤਾਂ ਇਹ ਵਰਤਾਰਾ ਕਿਸੇ ਵਿਸ਼ੇਸ਼ ਰਾਜਸੀ ਮਕਸਦ ਖਾਤਿਰ ਫਿਰਕੂ ਮਾਹੌਲ ਨੂੰ ਉਕਸਾ ਕੇ ਘੋਰ ਸਮਾਜਕ ਕਲੇਸ਼ ਦਾ ਕਾਰਨ ਬਣ ਸਕਦਾ ਹੈ। ਪਹਿਲਾਂ ਜੱਜ ਸ਼ੇਖਰ ਕੁਮਾਰ ਯਾਦਵ ਅਤੇ ਫਿਰ ਯੋਗੀ ਅਦਿੱਤਿਯਾ ਨਾਥ ਵਲੋਂ ਮੁਸਲਮਾਨਾਂ ਲਈ ਵਰਤੇ 'ਕਠਮੁੱਲਾ' ਸ਼ਬਦ ਅਜਿਹੀ ਅਣਸੁਖਾਵੀਂ ਸਥਿਤੀ ਦਾ ਕਾਰਕ ਬਣ ਸਕਦਾ ਹੈ ਕਿਉਂਕਿ ਇਹ ਇੱਕ ਖਾਸ ਪ੍ਰਸੰਗ ਵਿਚ ਜ਼ਿੰਮੇਵਾਰ ਉਚ ਅਧਿਕਾਰੀਆਂ ਵਲੋਂ ਅਤੇ ਖਾਸ ਫਿਰਕੂ ਮਾਹੌਲ ਵਿਚ ਖਾਸ ਰਾਜਸੀ ਲਾਭ ਲੈਣ ਲਈ ਵਰਤਿਆ ਗਿਆ ਹੈ। ਭਾਵੇਂ ਇਸ ਉਕਤੀ ਵਿਚ ਇੱਕ ਵਿਸ਼ੇਸ਼ ਧਰਮ ਨਾਲ ਸਬੰਧਤ ਸ਼ਬਦ ਮੁੱਲਾ ਮੌਜੂਦ ਹੈ ਪਰ ਆਮ ਲੋਕਾਂ ਵਿਚ ਵਰਤਿਆ ਜਾਣ ਕਰਕੇ ਇਹ ਆਪਣੇ ਅਰਥ ਵਜੋਂ ਕਿਸੇ ਵਿਸ਼ੇਸ਼ ਸਮੂਹ ਵੱਲ ਸੰਕੇਤਿਤ ਨਹੀਂ। ਕਿਸੇ ਵੀ ਵਿਚਾਰਧਾਰਾ ਵਾਲੇ ਕੱਟੜ ਵਿਅਕਤੀ ਨੂੰ ਕਠਮੁੱਲਾ ਕਿਹਾ ਜਾ ਸਕਦਾ ਹੈ।

ਕਠਮੁੱਲਾ ਸ਼ਬਦ ਦੀ ਵਰਤੋਂ ਨਕਲੀ ਮੁੱਲਾ ਦੇ ਤੌਰ 'ਤੇ ਹੁੰਦੀ ਹੈ। ਲਖਨਊ ਦੇ ਮੁਸਲਿਮ ਵਿਦਵਾਨ ਮੁਹੰਮਦ ਅਹਿਮਦ ਖਾਨ ਅਦੀਬ ਅਨੁਸਾਰ ਇਹ ਕਹਿਣਾ ਕਠਨ ਹੈ ਕਿ ਇਹ ਸ਼ਬਦ ਕਿੱਥੋਂ ਆਇਆ। ਪਰ ਉਨ੍ਹਾਂ ਨਿਸਚੇ ਨਾਲ ਕਿਹਾ ਕਿ ਉਹ ਇਹ ਸ਼ਬਦ ਬਚਪਨ ਤੋਂ ਸੁਣਦੇ ਆ ਰਹੇ ਹਨ, ਇਸ ਦਾ ਮਤਲਬ ਜਾਹਲੀਅਤ ਹੈ। ਇਸ ਨੂੰ ਮੁੱਦਾ ਬਣਾਉਣਾ ਕਿਸੇ ਵੀ ਸੂਰਤ ਵਿਚ ਨਾ ਉਚਿਤ ਹੈ ਨਾ ਇਸ 'ਤੇ ਬਹਿਸ ਦੀ ਜ਼ਰੂਰਤ ਹੈ। ਇਸ ਤਰ੍ਹਾਂ ਉਸ ਨੇ ਗੱਲ ਹਊ ਪਰੇ ਕਰ ਦਿੱਤੀ। ਇਸ ਸ਼ਬਦ ਵਿਚਲੇ ਪਹਿਲੇ ਜੁਜ਼ 'ਕਠ' ਦਾ ਅਰਥ ਕੱਟੜ ਲੈਂਦੇ ਹੋਏ ਕਈ ਕਠਮੁੱਲਾ ਦਾ ਅਰਥ ਕੱਟੜ ਮੁੱਲਾ ਕਰਦੇ ਹਨ। ਕਈ ਬਿਨਾਂ ਜਾਣਿਆ ਇਸ ਨੂੰ ਮੁਸਲਮਾਨਾਂ ਦੇ ਖਤਨੇ ਨਾਲ ਜੋੜਦੇ ਹਨ। ਗੱਲ ਕੀ ਲਾ ਪਾ ਕੇ ਇਸ ਸ਼ਬਦ ਵਿਚ ਮੁਸਲਮਾਨਾਂ ਪ੍ਰਤੀ ਘਿਰਣਾ ਦੇ ਭਾਵ ਉਜਾਗਰ ਹੁੰਦੇ ਹਨ ਜਿਸ ਨੂੰ ਵਰਤ ਕੇ ਤੁਅੱਸਬੀ ਲੋਕ ਅਵੈੜਾ ਸੁਆਦ ਲੈਂਦੇ ਹਨ। ਇਸ ਸ਼ਬਦ ਨੂੰ ਸਮਝਣ ਲਈ ਨਿਰੁਕਤੀ 'ਤੇ ਕੰਮ ਕਰਨ ਵਾਲੇ ਦੋ ਵਿਦਵਾਨਾਂ ਦੀਆਂ ਵਿਆਖਿਆਵਾਂ ਮੇਰੇ ਸਾਹਮਣੇ ਆਈਆਂ ਹਨ। ਪਹਿਲੀ ਹੈ ਅਰਵਿੰਦ ਵਿਆਸ ਵਲੋਂ ਜੋ ਕਿ ਹਿੰਦੁਸਤਾਨੀ ਸ਼ਬਦਾਂ ਦੇ ਅਰਥ ਦੱਸਣ ਵਾਲੇ ਕੋਸ਼ 'ਰੇਖਤਾ' ਵਿਚ ਵੀ ਮੌਜੂਦ ਹੈ। ਉਸ ਨੇ ਕਠ ਸ਼ਬਦ ਨੂੰ ਸੰਸਕ੍ਰਿਤ ਵਲੋਂ ਆਏ ਲੱਕੜੀ ਦੇ ਅਰਥਾਂ ਵਾਲੇ ਕਾਠ ਦਾ ਰੁਪਾਂਤਰ ਦਰਸਾਇਆ ਹੈ ਜਿਸ ਦੇ ਅੱਗੇ ਅਰਬੀ ਮੂਲ ਦਾ ਸ਼ਬਦ ਮੁੱਲਾ ਲੱਗਾ ਹੋਇਆ ਹੈ। ਉਸ ਅਨੁਸਾਰ ਕਠਮੁੱਲਾ ਉਹ ਮੁੱਲਾ ਹੈ ਜੋ ਕਾਠ ਭਾਵ ਲੱਕੜੀ ਦੀ ਮਾਲਾ ਫੇਰਦਾ ਹੈ। ਇਸ ਤਰ੍ਹਾਂ ਉਹ ਕੱਟੜਪੰਥੀ, ਘੱਟ ਪੜ੍ਹਿਆ-ਲਿਖਿਆ ਪਰ ਸੰਕੀਰਣ ਵਿਚਾਰਾਂ ਵਾਲਾ ਵਿਅਕਤੀ ਬਣ ਜਾਂਦਾ ਹੈ। ਲੇਖਕ ਦੀ ਇਸ ਵਿਆਖਿਆ ਤੋਂ ਇਹ ਨਹੀਂ ਸਮਝ ਆ ਰਿਹਾ ਕਿ ਏਥੇ ਉਹ ਕਿਸੇ ਕਾਲਪਨਿਕ ਮਾਲਾ ਦੀ ਗੱਲ ਕਰ ਰਹੇ ਹਨ ਜੋ ਕਾਠ ਦੀ ਬਣੀ ਹੋਵੇ ਜਾਂ ਸੱਚਮੁੱਚ ਦੀ ਕਾਠ ਦੀ ਮਾਲਾ। ਇਸ ਨੂੰ ਫੇਰਨ ਵਾਲਾ ਕੱਟੜ ਕਿਵੇਂ ਬਣ ਗਿਆ? ਕੋਈ ਵੀ ਮਾਲਾ ਫੇਰਨਾ ਤਾ ਉਂਜ ਵੀ ਇੱਕ ਕਰਮਕਾਂਡ ਹੀ ਹੈ ਕਿਉਂਕਿ ਇਹ ਇੱਕ ਮਕਾਨਕੀ ਜਿਹਾ ਹੀ ਕਾਰਜ ਹੈ।

ਅਭਿਸ਼ੇਕ ਅਵਤੰਸ ਨਾਮੀ ਭਾਸ਼ਾ ਵਿਗਿਆਨੀ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਕਠਮੁਲਾ ਸ਼ਬਦ ਦਾ ਲੱਕੜੀ ਦੀ ਮਾਲਾ ਨਾਲ ਕੋਈ ਸਬੰਧ ਹੈ। ਉਸ ਅਨੁਸਾਰ ਵੀ ਇਸ ਸ਼ਬਦ ਦਾ ਪਹਿਲਾ ਜੁਜ਼ਕਾਠ ਦਾ ਰੁਪਾਂਤਰ ਕਠ ਹੈ ਤੇ ਦੂਜਾ ਅਰਬੀ ਵਲੋਂ ਆਇਆ ਮੌਲਵੀ ਦੇ ਅਰਥਾਂ ਵਾਲਾ ਮੁੱਲਾ। 'ਕਠ' ਹਿੰਦੀ ਦੇ ਕਈ ਸਮਾਸੀ ਸ਼ਬਦਾਂ ਵਿਚ ਬਣਾਵਟੀ, ਝੂਠਾ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਹਿੰਦੀ ਸ਼ਬਦ ਕੋਸ਼ 'ਸ਼ਬਦਸਾਗਰ' ਵਿਚ ਇਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਜਿਵੇਂ ਕਠਵੈਦ = ਨੀਮ ਹਕੀਮ, ਕਠਹੰਸੀ =ਬਣਾਵਟੀ ਹਾਸਾ, ਕਠਭਗਤ = ਦਿਖਾਵੇ ਦਾ ਭਗਤ, ਕਠਬਾਪ = ਮਤਰੇਆ ਪਿਉ। ਪਰ ਉਸ ਵਲੋਂ ਜ਼ਿਕਰ ਕੀਤਾ ਸ਼ਬਦ ਕਠਮਾਲਿਆ ਧਿਆਨਯੋਗ ਹੈ। ਇਸ ਸ਼ਬਦ ਦਾ ਅਰਥ ਹੈ ਅਜਿਹਾ ਸਾਧੂ ਜੋ ਝੂਠ ਮੂਠ ਹੀ ਮਾਲਾ ਫੇਰਦਾ ਹੈ। ਹਿੰਦੀ ਕੋਸ਼ਕਾਰ ਰਾਮ ਚੰਦਰ ਵਰਮਾ ਨੇ ਇਸੇ ਪ੍ਰਸੰਗ ਵਿਚ ਕਠਮੁੱਲਾ ਸ਼ਬਦ ਦੀ ਪਰਿਭਾਸ਼ਾ ਕਰਦਿਆਂ ਇਸ ਨੂੰ ਅਜਿਹਾ ਵਿਅਕਤੀ ਦੱਸਿਆ ਜਿਸ ਨੂੰ ਅਰਬੀ ਫਾਰਸੀ ਦਾ ਕੋਈ ਗਿਆਨ ਨਾ ਹੋਵੇ ਪਰ ਧਰਮੀ ਪੁਰਸ਼ ਹੋਣ ਦਾ ਵਿਖਾਵਾ ਕਰਦਾ ਹੋਵੇ। ਇਸ ਤਰ੍ਹਾਂ ਕਠਮੁੱਲਾ ਸ਼ਬਦ ਕਠਮਾਲਿਆ ਤੋਂ ਪ੍ਰਭਾਵਤ ਹੋਇਆ। ਕਠਮੁੱਲਾ ਪਹਿਲਾਂ ਝੂਠਾ, ਦਿਖਾਵੇ ਵਾਲਾ, ਢੋਂਗੀ ਜਾਂ ਮੂਰਖ ਧਾਰਮਿਕ ਬੰਦਾ ਦੇ ਅਰਥਾਂ ਵਿਚ ਉਭਰਿਆ ਤੇ ਫਿਰ ਕੱਟੜ, ਰੂੜੀਵਾਦੀ, ਤੁਅੱਸਬੀ ਦੇ ਅਰਥਾਂ ਵਿਚ ਵਿਸਤ੍ਰਿਤ ਹੋ ਗਿਆ। ਇਹ ਵਿਆਖਿਆ ਖੂਬ ਜਚਦੀ ਹੈ। ਕਾਠ ਸ਼ਬਦ ਬਾਰੇ ਬਹੁਤ ਪਹਿਲਾਂ ਚਰਚਾ ਹੋ ਚੁੱਕੀ ਹੈ, ਮੁੱਲਾਂ ਬਾਰੇ ਕਰਾਂਗੇ।

## ਓਮੀ ਸਾਧ

ਕਠਪੁਤਲਾ ਜਿਹੇ ਭਾਵ ਦੇਣ ਵਾਲੇ ਕੁਝ ਹੋਰ ਸ਼ਬਦ ਵੀ ਹਨ। ਪੰਜਾਬੀ ਵਿਚ ਇੱਕ 'ਓਮੀ ਸਾਧ' ਸ਼ਬਦ ਚਲਦਾ ਹੈ ਜੋ ਘੱਟ ਪੜ੍ਹੇ, ਅਲਪ ਸਿਖਿਅਤ ਧਰਮਾਤਮਾ ਲਈ ਵਰਤਿਆ ਜਾਂਦਾ ਹੈ। ਗੁਰੂ ਨਾਨਕ ਦੀ 'ਆਸਾ ਦੀ ਵਾਰ' ਵਿਚ ਇਹ ਸ਼ਬਦ ਮੌਜੂਦ ਹੈ, 'ਪੜਿਆ ਹੋਵੈ ਗੁਨਹਗਾਰ ਤਾ ਓਮੀ ਸਾਧੁ ਨ ਮਾਰੀਐ' ਅਰਥਾਤ ਜੇ ਪੜ੍ਹਿਆ ਲਿਖਿਆ ਮਨੁੱਖ ਹੀ ਮੰਦੇ ਕਰਮ ਕਰਨ ਲੱਗ ਜਾਵੇ ਤਾਂ ਅਨਪੜ੍ਹ ਜਾਂ ਘੱਟ ਪੜ੍ਹੇ ਨੂੰ ਕਿਵੇਂ ਨਿੰਦ ਸਕਦੇ ਹਾਂ। ਪਰ ਇਸ ਸਲੋਕ ਵਿਚ ਹੋਰ ਅੱਗੇ ਜਾ ਕੇ ਸਿਰਫ ਅਜਿਹੇ ਹੀ ਅਰਥਾਂ ਵਿਚ 'ਓਮੀਆ' ਸ਼ਬਦ ਆਇਆ ਹੈ 'ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ' ਅਰਥਾਤ ਮਨੁੱਖ ਭਾਵੇਂ ਪੜ੍ਹਿਆ ਹੋਇਆ ਹੋਵੇ ਭਾਵੇਂ ਅਨਪੜ੍ਹ ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੇ ਗੁਣਾਂ ਦੀ ਵਿਚਾਰ ਹੀ ਕਬੂਲ ਪੈਂਦੀ ਹੈ।

ਏਥੇ ਸਾਧ ਸ਼ਬਦ ਸੰਸਕ੍ਰਿਤ ਵਲੋਂ ਹੈ ਅਤੇ ਧਰਮਾਤਮਾ ਪੁਰਸ਼ਾਂ ਲਈ ਵਰਤੇ ਸ਼ਬਦਾਂ ਵਿਚੋਂ ਇਕ ਹੈ। ਆਮ ਤੌਰ 'ਤੇ ਭਲੇ ਪੁਰਸ਼ ਨੂੰ ਵੀ ਸਾਧ ਕਹਿ ਦਿੱਤਾ ਜਾਂਦਾ ਹੈ। ਦੂਜੇ ਪਾਸੇ ਓਮੀ ਸ਼ਬਦ ਅਰਬੀ ਵਲੋਂ ਆਇਆ ਹੈ ਜੋ ਮਾਂ ਦਾ ਅਰਥਾਵਾਂ ਹੈ। ਅਰਥਾਤ ਅਜਿਹਾ ਵਿਅਕਤੀ ਜਿਸ ਨੇ ਓਨੀ ਕੁ ਹੀ ਸਿਖਿਆ ਪ੍ਰਾਪਤ ਕੀਤੀ ਹੈ ਜਿੰਨੀ ਕੁ ਮਾਂ ਤੋਂ ਮਿਲੀ। ਮੁਢਲੇ ਤੌਰ 'ਤੇ ਘੱਟ ਸਿਖਿਅਤ ਧਰਮਾਤਮਾ ਲਈ ਸ਼ਬਦ ਓਮੀ ਹੀ ਸੀ ਪਰ ਜਾਪਦਾ ਹੈ ਗੁਰੂ ਜੀ ਜਾਂ ਇਸ ਤੋਂ ਪਹਿਲਾਂ ਇਸ ਸ਼ਬਦ ਨਾਲ ਸਾਧ ਸ਼ਬਦ ਜੋੜ ਦਿੱਤਾ ਗਿਆ ਤਾਂ ਜੁ ਇਸ ਦਾ ਪ੍ਰਸੰਗ ਪੂਰੀ ਤਰ੍ਹਾਂ ਧਰਮ ਨਾਲ ਜੁੜ ਜਾਵੇ। ਕਈ ਵਿਦਵਾਨ, ਜਿਨ੍ਹਾਂ ਵਿਚ ਗੁਰਬਾਣੀ ਦੇ ਟੀਕਾਕਾਰ ਸਾਹਿਬ ਸਿੰਘ ਵੀ ਸ਼ਾਮਿਲ ਹਨ, ਇਸ ਨੂੰ ਹਿੰਦੂ ਚਿੰਨ੍ਹ ਓਮ ਨਾਲ ਵੀ ਜੋੜਦੇ ਹਨ ਜਿਸ ਤੋਂ ਅਰਥ ਕੱਢਿਆ ਜਾਂਦਾ ਹੈ' ਧਰਮ ਪੁਰਸ਼ ਜੋ ਹਿੰਦੂ ਸ਼ਾਸਤਰਾਂ ਤੋਂ ਕੋਰਾ ਹੋਵੇ ਸਿਰਫ਼ ਓਮ ਦੀ ਰੱਟ ਲਾਉਣਾ ਜਾਣਦਾ ਹੋਵੇ'। ਦੂਜੇ ਪਾਸੇ ਮਾਂ ਦੇ ਅਰਥਾਂ ਵਾਲੇ ਓਮੀ ਨੂੰ ਸੰਸਕ੍ਰਿਤ ਵਲੋਂ ਅੰਬੀ ਜਾਂ ਅੰਮੀ ਨਾਲ ਵੀ ਜੋੜਿਆ ਜਾਂਦਾ ਹੈ। ਇਹ ਦੋਵੇਂ ਵਿਆਖਿਆਵਾਂ ਲੋਕ-ਘੜੰਤ ਹਨ। ਅਰਬੀ ਫਾਰਸੀ ਸ੍ਰੋਤਾਂ ਵਿਚ ਓਮੀ ਜਿਹੇ ਸ਼ਬਦ ਦਾ ਅਰਥ ਅਨਪੜ੍ਹ ਮੌਜੂਦ ਹੈ। ਇੱਕ ਹੋਰ ਉਕਤੀ ਹੈ 'ਪੋਂਗਾ ਪੰਡਿਤ' ਜਿਸ ਦਾ ਅਰਥ ਵੀ ਕਠਮੁੱਲਾ ਜਿਹਾ ਹੀ ਹੈ। ਪੋਂਗਾ ਦਾ ਅਰਥ ਖੋਖਲਾ ਹੁੰਦਾ ਹੈ ਅਤੇ ਪੰਡਿਤ ਦਾ ਮੁਢਲਾ ਅਰਥ ਹਿੰਦੂ ਸ਼ਾਸਤਰਾਂ ਦਾ ਗਿਆਨੀ।

---

*(ਪਿਛਲੇ ਸਫੇ ਦਾ ਬਾਕੀ)*

ਵਰਤਾਰਿਆਂ ਹੇਠ ਹੀ ਪਣਪੀ ਸੀ। ਵੰਡ ਦੀ ਕੁਲੀਨਵਾਦੀ ਸਿਆਸਤ ਅਤੇ ਰੋਜ਼ਮੱਰਾ ਦੇ ਵਰਤਾਰੇ ਲੋਕਾਂ ਦੇ ਮੁਜ਼ਾਹਰਿਆਂ, ਗਲੀਆਂ ਵਿਚ ਹੁੰਦੀਆਂ ਹਿੰਸਕ ਲੜਾਈਆਂ ਅਤੇ ਲੋਕਾਂ ਵਿਚ ਫੈਲਦੀਆਂ ਅਫ਼ਵਾਹਾਂ ਤੋਂ ਨਿਰਲੇਪ ਨਹੀਂ ਸਨ ਜਿਵੇਂ ਕਿ ਉਹ ਪਹਿਲੀ ਨਜ਼ਰੇ ਜਾਪਦੇ ਸਨ ਸਗੋਂ ਇਹ ਦੋਵੇਂ ਵਰਤਾਰੇ (ਦਿੱਲੀ ਵਿਚ ਹੋ ਰਹੀ ਕੁਲੀਨ ਸਿਆਸਤ ਅਤੇ ਗਲੀਆਂ ਬਾਜ਼ਾਰਾਂ ਪਿੰਡਾਂ ਸ਼ਹਿਰਾਂ ਵਿਚ ਫੈਲ ਰਹੀ ਨਫ਼ਰਤ ਤੇ ਹਿੰਸਾ) ਇਕ ਦੂਸਰੇ ਨਾਲ ਸੰਬੰਧਿਤ ਸਨ ਅਤੇ ਇਨ੍ਹਾਂ (ਮੁਜ਼ਾਹਰਿਆਂ, ਗਲੀਆਂ, ਬਾਜ਼ਾਰਾਂ ਵਿਚ ਹੋ ਰਹੀ ਹਿੰਸਾ ਅਤੇ ਅਫ਼ਵਾਹਾਂ) ਨੇ ਸਿਆਸੀ ਫ਼ੈਸਲੇ ਲੈਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ।"

ਇਤਿਹਾਸਕਾਰਾਂ ਦੁਆਰਾ ਲਿਖੇ ਗਏ ਇਤਿਹਾਸਕ ਵਰਣਨਾਂ, ਸਾਹਿਤਕਾਰਾਂ ਦੀਆਂ ਲਿਖਤਾਂ ਅਤੇ ਜੋਗਿੰਦਰ ਸਿੰਘ ਤੂਰ ਹੋਰਾਂ ਦੀ ਇਸ ਕਿਤਾਬ ਤੇ ਹੋਰ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਦੇਸ਼ ਦੀ ਵੰਡ ਵੇਲੇ ਸਭ ਤੋਂ ਮਹੱਤਵਪੂਰਨ ਵਰਤਾਰਾ ਇਹ ਵਾਪਰਿਆ ਕਿ ਉਸ ਸਮੇਂ ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਦੇ ਲੋਕ ਅੰਗਰੇਜ਼ੀ ਸਾਮਰਾਜ, ਜਿਸਨੇ ਉਨ੍ਹਾਂ ਨੂੰ ਲਗਭਗ 200 ਸਾਲ ਗੁਲਾਮੀ ਤੇ ਸ਼ਿਕੰਜੇ ਵਿਚ ਰੱਖਿਆ ਤੇ ਉਨ੍ਹਾਂ ਦੀ ਆਰਥਿਕਤਾ ਤੇ ਸਮਾਜਿਕਤਾ ਨੂੰ ਤਬਾਹ ਕਰ ਦਿੱਤਾ ਸੀ, ਦੇ ਵੈਰੀ ਘੱਟ ਸਨ ਅਤੇ ਇਕ ਦੂਸਰੇ ਦੇ ਜ਼ਿਆਦਾ। ਦੂਸਰਾ ਕਾਂਗਰਸ, ਮੁਸਲਿਮ ਲੀਗ ਅਤੇ ਅਕਾਲੀ ਦਲ ਅਤੇ ਹੋਰ ਸਿਆਸੀ ਪਾਰਟੀਆਂ ਤੇ ਰਾਜੇ-ਰਜਵਾੜੇ ਇਕ ਦੂਸਰੇ ਨਾਲ ਗੱਲਬਾਤ ਕਰਨ ਦੀ ਥਾਂ ਆਪੋ-ਆਪਣੇ ਵਰਗਾਂ ਤੇ ਜਮਾਤਾਂ ਲਈ ਵੱਧ ਤੋਂ ਵੱਧ ਫ਼ਾਇਦਾ ਲੈਣ ਲਈ ਜੁਟੇ ਹੋਏ ਸਨ; ਇਨ੍ਹਾਂ ਫ਼ਾਇਦਿਆਂ ਦੇ ਲੈਣ-ਦੇਣ ਦੀਆਂ ਕੁੰਜੀਆਂ ਨਾ ਤਾਂ ਹਿੰਦੋਸਤਾਨੀ ਬਰੇ-ਸਗੀਰ ਦੇ ਸਿਆਸਤਦਾਨਾਂ ਤੇ ਲੋਕਾਂ ਦੇ ਹੱਥ ਵਿਚ ਅਤੇ ਨਾ ਹੀ ਉਨ੍ਹਾਂ ਦੇ ਆਪਸੀ ਸੰਵਾਦ ਵਿਚ ਸਨ, ਸਗੋਂ ਉਸ ਸਾਮਰਾਜੀ ਸ਼ਕਤੀ ਦੇ ਹੱਥ ਵਿਚ ਸਨ ਜਿਹੜੀ ਦੂਸਰੀ ਆਲਮੀ ਜੰਗ ਵਿਚ ਜੇਤੂ ਹੋਈ ਸੀ ਭਾਵੇਂ ਉਸਦੀ ਅੰਦਰੂਨੀ ਤਾਕਤ ਬਹੁਤ ਕਮਜ਼ੋਰ ਹੋ ਗਈ ਸੀ, ਪਰ ਇਹ ਹਕੂਮਤ ਅਜੇ ਵੀ ਏਨੀ ਤਾਕਤਵਰ ਸੀ ਕਿ ਉਹ ਭਾਰਤ ਜਿਹੇ ਦੇਸ਼ ਦਾ ਭਵਿੱਖ ਉਸ ਤਰ੍ਹਾਂ ਤੈਅ ਕਰ ਰਹੀ ਸੀ ਜਿਸ ਨੂੰ ਉਸਨੇ ਅਤੇ ਨਵੀਂ ਉੱਭਰੀ ਮਹਾਂ-ਸ਼ਕਤੀ ਅਮਰੀਕਾ ਨੇ ਆਪਣੇ ਹਿਤਾਂ ਦੀ ਰੱਖਿਆ ਲਈ ਵਰਤਣਾ ਸੀ। ਇਹੀ ਨਹੀਂ ਸਾਮਰਾਜੀ ਤਾਕਤ ਨੇ ਹਿੰਦੋਸਤਾਨ ਦੇ ਮੁਕਾਮੀ ਲੋਕਾਂ ਨੂੰ ਵੰਡ ਕੇ ਉਨ੍ਹਾਂ ਨੂੰ ਆਪਸੀ ਸੰਵਾਦ ਕਰਨ ਦੀ ਸ਼ਕਤੀ ਤੋਂ ਵਿਰਵਿਆਂ ਕਰ ਦਿੱਤਾ ਸੀ।

ਇਸ ਤਾਕਤ (ਬਰਤਾਨੀਆ) ਦੇ ਕੁਝ ਨੈਣ-ਨਕਸ਼ ਉਲੀਕਣੇ ਜ਼ਰੂਰੀ ਹਨ; ਆਪਣੇ ਦੇਸ਼ ਇੰਗਲੈਂਡ ਵਿਚ ਇਹ ਤਾਕਤ ਜਮਹੂਰੀ ਸਰਕਾਰ ਦੇ ਤੌਰ 'ਤੇ ਕਾਇਮ ਸੀ; ਉੱਥੇ ਜਮਹੂਰੀਅਤ ਲਈ ਲੰਮਾ ਸੰਘਰਸ਼ ਹੋਇਆ ਅਤੇ ਬਰਤਾਨੀਆ ਅਤੇ ਉਸਦੇ ਚਿੰਤਕ ਆਪਣੇ ਆਪ ਨੂੰ ਜਮਹੂਰੀਅਤ ਦੇ ਅਲੰਬਰਦਾਰ ਅਖਵਾਉਂਦੇ ਸਨ ਜਦੋਂ ਕਿ ਆਪਣੇ ਦੇਸ਼ ਤੋਂ ਬਾਹਰ ਇਸੇ ਤਾਕਤ ਨੇ ਏਸ਼ੀਆ ਤੇ ਅਫ਼ਰੀਕਾ ਦੇ ਦੇਸ਼ਾਂ ਦੇ ਲੋਕਾਂ ਨੂੰ ਗੁਲਾਮੀ, ਜਬਰ ਤੇ ਜ਼ੁਲਮ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ; ਇਹ ਤਾਕਤ ਗੁਲਾਮ ਦੇਸ਼ਾਂ ਨੂੰ ਤਬਾਹ ਕਰ ਕੇ ਆਪਣੇ ਦੇਸ਼ ਵਿਚ ਜਮਹੂਰੀਅਤ ਨੂੰ ਸ਼ਿੰਗਾਰਦੀ ਹੋਈ ਇਕ ਕਲਿਆਣਕਾਰੀ ਰਾਜ ਕਾਇਮ ਕਰ ਰਹੀ ਸੀ। ਇਸ ਜਮਹੂਰੀਅਤ ਲਈ ਸੰਵਿਧਾਨਕ ਰਾਜਾਸ਼ਾਹੀ ਨੂੰ ਕਾਇਮ ਰੱਖਣਾ ਵੀ ਬਹੁਤ ਜ਼ਰੂਰੀ ਸੀ ਕਿਉਂਕਿ ਏਸ਼ੀਆ ਤੇ ਅਫ਼ਰੀਕਾ ਦੇ ਸੈਂਕੜੇ ਰਾਜਿਆਂ-



ਜੋਗਿੰਦਰ ਸਿੰਘ ਤੂਰ

ਰਜਵਾੜਿਆਂ ਨੂੰ ਇਹ ਦੱਸਣਾ ਜ਼ਰੂਰੀ ਸੀ ਕਿ ਉਹ ਬਰਤਾਨੀਆ ਦੇ ਪ੍ਰਧਾਨ ਮੰਤਰੀ (ਜੋ ਲੋਕਾਂ ਨੇ ਚੁਣਿਆ ਸੀ) ਦੇ ਨਹੀਂ ਸਗੋਂ ਬਰਤਾਨੀਆ ਦੇ ਸਮਰਾਟ ਦੇ ਅਧੀਨ ਸਨ। ਵੀਹਵੀਂ ਸਦੀ ਦੇ ਇਤਿਹਾਸ ਦਾ ਇਹ ਸਭ ਤੋਂ ਵੱਡਾ ਵਿਰੋਧਾਭਾਸ ਹੈ ਕਿ ਦੁਨੀਆ ਦੀਆਂ ਸਭ ਤੋਂ ਵਿਕਸਤ ਜਮਹੂਰੀਅਤਾਂ ਬਰਤਾਨੀਆ, ਫਰਾਂਸ ਆਦਿ ਹੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਬਸਤੀਵਾਦੀ ਤਾਕਤਾਂ ਸਨ।

ਆਪਣੀ ਵਿਆਪਕ ਤਾਕਤ ਨੂੰ ਕਾਇਮ ਰੱਖਣ ਲਈ ਬਰਤਾਨੀਆ ਤੇ ਹੋਰ ਬਸਤੀਵਾਦੀ ਤਾਕਤਾਂ ਲਈ ਇਹ ਜ਼ਰੂਰੀ ਸੀ ਕਿ ਉਹ ਮੁਕਾਮੀ ਲੋਕਾਂ, ਸਿਆਸਤਦਾਨਾਂ ਤੇ ਰਾਜੇ-ਰਜਵਾੜਿਆਂ ਨੂੰ ਨਾ ਸਿਰਫ਼ ਆਪਸ ਵਿਚ ਪਾੜ ਕੇ ਰੱਖਣ ਸਗੋਂ ਇਹ ਵਿਸ਼ਵਾਸ ਵੀ ਦਿਵਾਉਣ ਕਿ ਬਸਤੀਵਾਦੀ ਹਕੂਮਤਾਂ ਮੁਕਾਮੀ ਲੋਕਾਂ ਦੀ ਬਿਹਤਰੀ ਲਈ ਯਤਨਸ਼ੀਲ ਸਨ ਅਤੇ ਇਸੇ ਤਰ੍ਹਾਂ ਭਾਰਤ ਵਿਚ ਜਿਥੇ ਬਰਤਾਨਵੀ ਹਕੂਮਤ ਆਰਥਿਕ ਲੁੱਟ ਤੇ ਸਮਾਜਿਕ ਵੰਡਾਂ ਨੂੰ ਵਧਾਉਂਦੀ ਗਈ ਪਰ ਉਸ ਨਾਲ ਇਹ ਬਿਰਤਾਂਤ ਵੀ ਸਿਰਜਿਆ ਕਿ ਉਹ ਲੋਕ-ਭਲਾਈ ਲਈ ਕਈ ਕੰਮ ਕਰ ਰਹੀ ਹੈ ਜਿਨ੍ਹਾਂ ਵਿਚ 1909, 1919 ਅਤੇ 1935 ਵਿਚ ਬਣਾਏ ਗਏ ਕਾਨੂੰਨ ਸ਼ਾਮਲ ਸਨ, ਜਿਨ੍ਹਾਂ ਦੇ ਨਕਸ਼ ਜੋਗਿੰਦਰ ਸਿੰਘ ਤੂਰ ਨੇ ਇਸ ਕਿਤਾਬ ਵਿਚ ਉਲੀਕੇ ਹਨ।

ਇਸ ਤਰ੍ਹਾਂ ਜੋਗਿੰਦਰ ਸਿੰਘ ਤੂਰ ਅਤੇ ਹੋਰ ਲੇਖਕਾਂ ਤੇ ਇਤਿਹਾਸਕਾਰਾਂ ਦੀਆਂ ਲਿਖਤਾਂ 'ਚੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ 1946-47 ਵਿਚ ਲੋਕਾਂ ਸਾਹਮਣੇ ਦੋ ਮਹਾਂ-ਬਿਰਤਾਂਤ ਸਨ, ਆਜ਼ਾਦੀ ਮਿਲਣ ਦਾ ਬਿਰਤਾਂਤ ਅਤੇ ਦੂਸਰਾ ਸੱਤਾ ਤਬਦੀਲੀ ਦਾ ਬਿਰਤਾਂਤ। ਸਿਆਸੀ ਆਗੂਆਂ ਦੀ ਪੱਧਰ 'ਤੇ ਸੱਤਾ ਤਬਦੀਲੀ ਦਾ ਬਿਰਤਾਂਤ ਆਜ਼ਾਦੀ ਦੇ ਬਿਰਤਾਂਤ 'ਤੇ ਹਾਵੀ ਹੋ ਗਿਆ ਸੀ ਭਾਵੇਂ ਜਵਾਹਰ ਲਾਲ ਨਹਿਰੂ ਨੇ ਆਜ਼ਾਦੀ ਦੇ ਸਮੇਂ ਦਿੱਤੀ ਤਕਰੀਰ ਅਤੇ ਕਾਂਗਰਸੀ ਤੇ ਖੱਬੇਪੱਖੀ ਆਗੂਆਂ ਨੇ ਆਪਣੀਆਂ ਲਿਖਤਾਂ ਤੇ ਤਕਰੀਰਾਂ ਵਿਚ ਆਜ਼ਾਦੀ ਦੇ ਬਿਰਤਾਂਤ ਨੂੰ ਪ੍ਰਮੁੱਖਤਾ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਤਿਹਾਸ ਅਤੇ ਇਤਿਹਾਸਕਾਰੀ ਵਿਚ ਪ੍ਰਮੁੱਖਤਾ ਸੱਤਾ ਤਬਦੀਲੀ ਦੇ ਬਿਰਤਾਂਤ ਨੂੰ ਮਿਲੀ ਹੈ। ਇਸ ਤਬਦੀਲੀ ਕਾਰਨ ਹੋਈ ਵੰਡ ਦੌਰਾਨ ਹੋਏ ਕਤਲੇਆਮ ਅਤੇ ਉਜਾੜੇ ਦੇ ਨਾਲ ਨਾਲ ਬ੍ਰਿਟਿਸ਼ ਭਾਰਤ 'ਚੋਂ ਉਪਜੇ ਭਾਰਤ ਤੇ ਪਕਿਸਤਾਨ, ਪੰਜਾਬ ਤੇ ਪੰਜਾਬੀਆਂ ਨੂੰ ਹਮੇਸ਼ਾ ਇਸ ਸਵਾਲ ਦਾ ਸਾਹਮਣਾ ਕਰਨਾ ਪੈਣਾ ਹੈ ਕਿ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਅਪਰੈਲ 1919 ਵਿਚ ਰਾਮਨੌਮੀ ਇਕੱਠੇ ਮਨਾਉਣ ਵਾਲੇ, ਅੰਗਰੇਜ਼ਾਂ ਵਿਰੁੱਧ ਇਕੱਠੇ ਵਿਦਰੋਹ ਕਰਨ ਵਾਲੇ, ਜਲ੍ਹਿਆਂਵਾਲਾ ਬਾਗ਼ ਵਿਚ ਇਕੱਠੇ ਸ਼ਹੀਦ ਹੋਣ ਵਾਲੇ ਤੇ ਹੋਰ ਸੰਘਰਸ਼ਾਂ ਅਤੇ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ ਵਿਚ ਅੰਗਰੇਜ਼ਾਂ ਵਿਰੁੱਧ ਇਕੱਠੇ ਹੋ ਕੇ ਲੜਣ ਵਾਲੇ ਪੰਜਾਬੀ 1947 ਵਿਚ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਕਿਵੇਂ ਹੋ ਗਏ।

ਇਸ ਸੰਬੰਧ ਵਿਚ ਰਾਜਮੋਹਨ ਗਾਂਧੀ ਦੀ ਦਲੀਲ ਕਿ ਖ਼ੂਨ ਖ਼ਰਾਬੇ ਵਿਚ ਹਿੱਸਾ ਲੈਣ ਵਾਲਿਆਂ ਦੇ ਨਾਲ ਨਾਲ ਬਚਾਉਣ ਵਾਲਿਆਂ ਦਾ ਵੱਡੀ ਗਿਣਤੀ ਵਿਚ ਹੋਣਾ ਮਨ ਨੂੰ ਧਰਵਾਸ ਤਾਂ ਦਿੰਦਾ ਹੈ ਪਰ ਉਸ ਦਾ ਇਤਿਹਾਸਕ ਅਸਰ ਬਹੁਤ ਨਿਗੂਣਾ ਹੈ। ਇਹ ਵੀ ਪ੍ਰਤੱਖ ਹੈ ਕਿ ਉਸ ਸਮੇਂ ਵੰਡ ਦੌਰਾਨ ਹੋਏ ਕਤਲੇਆਮ ਦਾ ਵਿਰੋਧ ਕਰਨ ਤੇ ਲੋਕਾਂ ਨੂੰ ਬਚਾਉਣ ਵਾਲੀਆਂ ਗਵਾਹੀਆਂ ਦੇ ਬਾਵਜੂਦ ਸਦੀਆਂ ਦੀ ਲੋਕ-ਸਾਂਝੀਵਾਲਤਾ ਦਾ ਬਿਰਤਾਂਤ ਖਿੰਡਰ ਰਿਹਾ ਸੀ, ਗਵਾਚ ਰਿਹਾ ਸੀ, ਕਮਜ਼ੋਰ ਪੈ ਰਿਹਾ ਸੀ। ਪੈਂਡਰਲ ਮੂਨ ਅਨੁਸਾਰ ਇਕ ਪਾਸੇ ਪਿੰਡਾਂ ਤੇ ਸ਼ਹਿਰਾਂ ਵਿਚ ਲੋਕ ਇਹ ਕਹਿ ਰਹੇ ਸਨ ਕਿ 'ਸਾਨੂੰ ਕੁਝ ਵੀ ਪਤਾ ਨਹੀਂ' ਅਤੇ ਦੂਸਰੇ ਪਾਸੇ ਉਹ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਹੋ ਗਏ ਸਨ।

**(ਚੱਲਦਾ)**

# ਤ੍ਰੈ-ਭਾਸ਼ਾਈ ਫਾਰਮੂਲਾ ਅਤੇ ਪਰਸੀਮਨ ਯੁੱਧ ਹੈ ਵਿਸਫੋਟਕ ਮੁੱਦਾ

ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਅਤੇ ਸਮਾਨ ਨਾਗਰਿਕ ਸੰਹਿਤਾ (ਯੂ.ਸੀ.ਸੀ.) ਦੇਸ਼ ਵਿਚ ਕਿਸੇ ਲੋੜ ਨੂੰ ਪੂਰਿਆਂ ਕਰਨ ਲਈ ਨਹੀਂ, ਸਗੋਂ ਇਹ ਦੋਨੋਂ ਆਰ.ਐਸ.ਐਸ.-ਭਾਜਪਾ ਨੇ ਹਿੰਦੂ ਅਤੇ ਗ਼ੈਰ-ਹਿੰਦੂ ਫ਼ਿਰਕਿਆਂ ਵਿਚ ਮਤਭੇਦ ਪੈਦਾ ਕਰਨ ਲਈ ਲਿਆਂਦੇ ਹਨ ਅਤੇ ਇਨ੍ਹਾਂ ਨੂੰ ਅੱਗੇ ਵੀ ਵਧਾਇਆ ਜਾ ਰਿਹਾ ਹੈ। ਇਹ ਅਸਲ ਵਿਚ ਬਿਨਾਂ ਕਿਸੇ ਭੜਕਾਹਟ ਦੇ ਯੁੱਧ ਸ਼ੁਰੂ ਕਰਨ ਵਾਂਗਰ ਹੈ।

ਭਾਜਪਾ ਦੀ ਕੇਂਦਰ ਸਰਕਾਰ ਨੇ ਹੁਣ ਨਵਾਂ ਸ਼ਿਗੂਫਾ ਛੱਡਿਆ ਹੈ, ਭਾਸ਼ਾ ਦਾ ਤ੍ਰੈ-ਭਾਸ਼ਾਈ ਫਾਰਮੂਲਾ (ਟੀ.ਐਲ.ਐਫ)। ਇਸ ਫਾਰਮੂਲੇ ਦੇ ਵਿਰੋਧ ਵਿਚ ਦੇਸ਼ ਦੇ ਦੱਖਣੀ ਸੂਬੇ ਇੱਕਜੁੱਟ ਹੋ ਗਏ ਹਨ। ਭਾਸ਼ਾ 'ਸਿੱਖਿਆ' ਦੇ ਕਾਰਨ ਨਹੀਂ, ਸਗੋਂ ਸੰਵਿਧਾਨ ਦੀ ਧਾਰਾ 343 ਦੇ ਕਾਰਨ ਵਿਸਫੋਟਕ ਮੁੱਦਾ ਬਣ ਗਈ ਹੈ। ਸੰਵਿਧਾਨ ਵਿਚ ਘੋਸ਼ਣਾ ਕੀਤੀ ਗਈ ਕਿ ਹਿੰਦੀ ਭਾਸ਼ਾ ਭਾਰਤੀ ਸੰਘ ਦੀ ਅਧਿਕਾਰਕ ਭਾਸ਼ਾ ਹੋਏਗੀ, ਲੇਕਿਨ ਅੰਗਰੇਜ਼ੀ ਦੀ ਵਰਤੋਂ ਪੰਦਰਾਂ ਸਾਲ ਦੇ ਸਮੇਂ ਲਈ ਜਾਰੀ ਰਹੇਗੀ। ਮੌਜੂਦਾ ਵਿਵਾਦ ਨਵੀਂ ਸਿੱਖਿਆ ਨੀਤੀ (ਐਨ.ਈ.ਪੀ-2020) ਦੇ ਵੱਖੋ-ਵੱਖਰੇ ਪਹਿਲੂਆਂ ਅਤੇ ਵਿਸ਼ੇਸ਼ ਰੂਪ 'ਚ ਟੀ.ਐਲ.ਐਫ (ਤ੍ਰੈ-ਭਾਸ਼ਾਈ ਫਾਰਮੂਲਾ) 'ਤੇ ਹੈ। ਖੇਤਰੀ ਜਾਂ ਰਾਜ ਭਾਸ਼ਾ ਸਕੂਲਾਂ 'ਚ ਪਹਿਲੀ ਭਾਸ਼ਾ, ਜਦਕਿ ਅੰਗਰੇਜ਼ੀ ਦੂਜੀ ਭਾਸ਼ਾ ਲੇਕਿਨ ਤੀਜੀ ਭਾਸ਼ਾ ਕਿਹੜੀ ਹੈ? ਇਹ ਮੁੱਦਾ ਵੀ ਬਿਨਾਂ ਉਤੇਜਨਾ, ਬਿਨਾਂ ਭੜਕਾਹਟ ਯੁੱਧ ਸ਼ੁਰੂ ਕਰਨ ਜੇਹਾ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਭਾਰਤੀ ਸੰਵਿਧਾਨ ਦੀ ਧਾਰਾ 81 ਅਤੇ 82 ਇਨ੍ਹਾਂ ਦਿਨਾਂ 'ਚ ਵੱਡੀ ਚਰਚਾ ਵਿਚ ਹੈ। ਭਾਰਤੀ ਸੰਵਿਧਾਨ ਵਿਚ 42ਵੀਂ ਸੋਧ ਦੇ ਬਾਅਦ ਪਰਸੀਮਨ ਦੀ ਤਲਵਾਰ, 1977 ਤੋਂ ਹੀ ਸੂਬਿਆਂ ਦੀ ਗਰਦਨ 'ਤੇ ਲਟਕੀ ਹੋਈ ਹੈ। ਇਹ ਪਰਸੀਮਨ ਇਸ ਵੇਲੇ ਯੁੱਧ ਦਾ ਕਾਰਨ ਬਣਦੀ ਜਾ ਰਹੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਕੇਰਲ, ਕਰਨਾਟਕ, ਤਿਲੰਗਾਨਾ, ਪੱਛਮੀ ਬੰਗਾਲ, ਪੰਜਾਬ, ਉੜੀਸਾ ਦੇ ਮੁੱਖ ਮੰਤਰੀ ਅਤੇ ਇਥੇ ਰਾਜ ਕਰਦੀਆਂ ਸਿਆਸੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਖ਼ਤ ਲਿਖ ਕੇ ਲੋਕ ਸਭਾ ਸੀਟਾਂ ਦੀ ਪਰਸੀਮਨ ਉੱਤੇ ਇੱਕ ਸੰਯੁਕਤ ਕਾਰਵਾਈ ਸੰਮਤੀ ਦਾ ਹਿੱਸਾ ਬਣਨ ਦੀ ਬੇਨਤੀ ਕੀਤੀ ਹੈ, ਕਿਉਂਕਿ ਇਹ ਮਸਲਾ ਬਹੁਤ ਵੱਡਾ ਹੈ।

ਸੰਵਿਧਾਨ ਦੀ ਧਾਰਾ 81 ਅਤੇ 82 ਵਿਚ ਸਪਸ਼ਟ ਭਾਸ਼ਾ 'ਚ ਕਿਹਾ ਗਿਆ ਹੈ ਕਿ ਸੰਵਿਧਾਨ 'ਇੱਕ ਨਾਗਰਿਕ-ਇੱਕ ਵੋਟ' ਦੇ ਸਿਧਾਂਤ ਨੂੰ ਪ੍ਰਵਾਨ ਕਰਦਾ ਹੈ। ਸੰਵਿਧਾਨ ਦੀ ਧਾਰਾ 81 ਵਿਚ ਲੋਕ ਸਭਾ ਮੈਂਬਰਾਂ ਦੀ ਸੰਖਿਆ ਤੈਅ ਕੀਤੀ ਗਈ ਹੈ, ਜਿਸਦੇ ਅਨੁਸਾਰ ਸੂਬਿਆਂ ਤੋਂ ਚੁਣੇ ਜਾਣ ਵਾਲੇ ਕੁੱਲ 530 ਤੋਂ ਵੱਧ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ 'ਚ ਚੁਣੇ ਜਾਣ ਵਾਲੇ 20 ਤੋਂ ਜ਼ਿਆਦਾ ਮੈਂਬਰ ਨਹੀਂ ਹੋ ਸਕਦੇ। ਵਰਤਮਾਨ ਸੰਖਿਆ ਸੂਬਿਆਂ ਲਈ 530 ਅਤੇ ਕੇਂਦਰ ਸ਼ਾਸ਼ਿਤ ਸੂਬਿਆਂ ਲਈ 13 ਹੈ, ਭਾਵ ਕੁੱਲ 543 ਮੈਂਬਰ ਲੋਕ ਸਭਾ।

ਸੰਵਿਧਾਨ 'ਚ ਦਰਜ ਹੈ ਕਿ ਹਰੇਕ ਸੂਬੇ ਨੂੰ ਲੋਕ ਸਭਾ ਵਿਚ ਉਸ ਰਾਜ ਦੀ ਜਨਸੰਖਿਆ ਦੇ ਅਨੁਪਾਤ ਵਿਚ ਸੀਟਾਂ ਦਿੱਤੀਆਂ ਜਾਣਗੀਆਂ ਅਤੇ ਜਿੱਥੋਂ ਤੱਕ ਸੰਭਵ ਹੋਵੇਗਾ, ਸਾਰੇ ਰਾਜਾਂ ਲਈ ਨਿਯਮ ਇੱਕੋ ਜਿਹਾ ਹੋਏਗਾ। ਜਨਸੰਖਿਆ ਦਾ ਅਰਥ ਪਿਛਲੀ ਜਨਗਣਨਾ (ਮਰਦਮਸ਼ੁਮਾਰੀ) ਹੈ।

ਆਖ਼ਰੀ ਮਰਦਮਸ਼ੁਮਾਰੀ 2011 ਵਿਚ ਹੋਈ। ਅਗਲੀ ਮਰਦਮਸ਼ੁਮਾਰੀ 2021 ਵਿਚ ਹੋਣੀ ਸੀ। ਕੋਵਿਡ-19 ਕਾਰਨ ਮਰਦਮਸ਼ੁਮਾਰੀ ਟਾਲ ਦਿੱਤੀ ਗਈ। ਹੁਣ ਜਦੋਂ 2026 ਦੇ ਬਾਅਦ ਜਨਗਣਨਾ ਹੋਣੀ ਹੈ ਤਾਂ ਪਰਸੀਮਨ ਕਰਨਾ ਹੀ ਪਵੇਗਾ। ਕੁਝ ਰਾਜਾਂ ਵਿਚ ਜਨਸੰਖਿਆ ਬਹੁਤ ਵਧੀ ਹੈ। ਸਿੱਟੇ ਵਜੋਂ ਕੁਝ ਰਾਜਾਂ ਵਿਚ 2-0 ਜਾਂ ਉਸਤੋਂ ਥੋੜ੍ਹਾ ਘੱਟ ਸੀਟਾਂ ਵਧਾਉਣੀਆਂ ਪੈਣਗੀਆਂ।

ਜੇਕਰ ਲੋਕ ਸਭਾ ਸੀਟਾਂ ਦੀ ਕੁੱਲ ਸੰਖਿਆ 530+13 ਉਥੇ ਸਥਿਰ ਕਰ ਦਿੱਤੀ ਜਾਂਦੀ ਹੈ ਅਤੇ ਧਾਰਾ 81 ਅਤੇ 82 ਦੇ ਅਨੁਸਾਰ ਪਰਸੀਮਨ ਪੁਨਰ ਨਿਰਧਾਰਤ ਕੀਤਾ ਜਾਂਦਾ ਹੈ ਤਾਂ ਦੱਖਣੀ ਰਾਜਾਂ -ਆਂਧਰਾ ਪ੍ਰਦੇਸ਼, ਕਰਨਾਟਕ, ਕੇਰਲਾ, ਤਾਮਿਲਨਾਡੂ ਅਤੇ ਤੇਲੰਗਾਨਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਣਗੇ। ਉਨ੍ਹਾਂ ਦੀ ਸੰਖਿਆ 129 ਤੋਂ ਘਟ ਕੇ 103 ਰਹਿ ਜਾਣ ਦਾ ਅੰਦਾਜ਼ਾ ਹੈ। ਜੇਕਰ ਦੱਖਣੀ ਰਾਜਾਂ ਦਾ ਇਹ ਹਿੱਸਾ 103/543 ਰਹਿ ਜਾਂਦਾ ਹੈ ਤਾਂ ਦੱਖਣੀ ਰਾਜਾਂ ਦੀ ਅਵਾਜ਼ ਹੋਰ ਵੀ ਘੱਟ ਹੋ ਜਾਵੇਗੀ।

ਮੌਜੂਦਾ ਸਰਕਾਰ ਨੇ ਨਵੀਂ ਲੋਕ ਸਭਾ ਇਮਾਰਤ ਬਣਾ ਕੇ ਉਸ ਵਿਚ 888 ਮੈਂਬਰਾਂ ਦੇ ਬੈਠਣ ਦੀ ਥਾਂ ਬਹੁਤ ਹੀ ਚਤੁਰਾਈ ਨਾਲ ਬਣਾ ਦਿੱਤੀ ਹੈ। ਭਾਵੇਂ ਕਿ ਮੌਜੂਦਾ ਸਰਕਾਰ ਲਗਾਤਾਰ ਦੱਖਣੀ ਰਾਜਾਂ ਨੂੰ ਸੀਟਾਂ ਦੀ ਸੰਖਿਆ ਘੱਟ ਨਾ ਕਰਨ ਦਾ ਵਾਇਦਾ ਕਰਦੀ ਹੈ, ਪਰ ਇਹ ਖੋਖਲਾ ਵਾਇਦਾ ਕਰਦੀ ਹੈ। ਇਸੇ ਕੇਂਦਰੀ ਸਰਕਾਰ ਨੇ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀਆਂ ਸੀਟਾਂ ਦੀ ਸੰਖਿਆ 'ਚ ਵਾਧਾ ਨਾ ਕਰਨ ਦੀ ਗੱਲ ਕਦੇ ਵੀ ਨਹੀਂ ਕੀਤੀ।

ਇਹੋ ਜਿਹੇ ਹਾਲਾਤ 'ਚ ਜੇਕਰ ਦੱਖਣੀ ਰਾਜ ਜਨਸੰਖਿਆ ਦੇ ਅਧਾਰ 'ਤੇ ਪੁਨਰ ਨਿਰਧਾਰਣ ਦੇ ਆਪਣੇ ਵਿਰੋਧ 'ਤੇ ਖੜ੍ਹੇ ਰਹਿੰਦੇ ਹਨ, ਤਾਂ ਇਹ ਇੱਕ ਵੱਡੇ ਸੰਘਰਸ਼ ਦਾ ਮਾਮਲਾ ਹੋਏਗਾ। ਜੋ ਕਿਸੇ ਵੇਲੇ ਵੀ ਵੱਡੀ ਲੜਾਈ, ਇਥੋਂ ਤੱਕ ਕਿ ਦੇਸ਼ ਤੋਂ ਵੱਖ ਹੋਣ ਦੇ ਸੰਘਰਸ਼ ਤੱਕ ਪੁੱਜ ਸਕਦਾ ਹੈ। ਜਿਵੇਂ ਦੇਸ਼ ਦੇ ਉੱਤਰੀ ਰਾਜਾਂ ਵਿਚ ਖ਼ਾਸ ਕਰਕੇ ਸੀ.ਏ.ਏ. ਅਤੇ ਯੂ.ਸੀ.ਸੀ. ਨੇ ਲੋਕਾਂ ਦੇ ਜਨਜੀਵਨ ਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ। ਲੋਕਾਂ 'ਚ ਫਿਰਕੂ ਵੰਡੀਆਂ ਪਾਈਆਂ ਅਤੇ ਵਧਾਈਆਂ ਹਨ, ਇਵੇਂ ਦੱਖਣੀ ਰਾਜਾਂ ਦੇ ਲੋਕਾਂ 'ਚ ਤਿੰਨ ਭਾਸ਼ਾਈ ਫਾਰਮੂਲੇ ਅਤੇ ਪਰਸੀਮਨ ਨੇ ਬੇਚੈਨੀ ਪੈਦਾ ਕੀਤੀ ਹੋਈ ਹੈ। ਇਹ ਬੇਚੈਨੀ ਲਗਾਤਾਰ ਵਧਦੀ ਜਾ ਰਹੀ ਹੈ। ਦੱਖਣੀ ਰਾਜ ਹੋਰ ਪ੍ਰਭਾਵਿਤ ਹੋਣ ਵਾਲੇ ਰਾਜਾਂ ਪੱਛਮੀ ਬੰਗਾਲ ਅਤੇ ਪੰਜਾਬ ਨੂੰ ਆਪਣੇ ਨਾਲ ਲੈ ਕੇ ਦੇਸ਼ ਵਿਆਪੀ ਅੰਦੋਲਨ ਦੇ ਰਾਹ ਪੈ ਸਕਦੇ ਹਨ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।



**ਚੇਨੱਈ ਵਿਚ ਤ੍ਰੈ-ਭਾਸ਼ਾਈ ਫਾਰਮੂਲਾ (ਟੀ.ਐਲ.ਐਫ) ਦੇ ਖਿਲਾਫ਼ ਕੀਤੇ ਗਏ ਪ੍ਰਦਰਸ਼ਨ ਦੀ ਤਸਵੀਰ। -ਫੋਟੋ ਪੀਟੀਆਈ**

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ 'ਇੱਕ ਨਾਗਰਿਕ ਇੱਕ ਵੋਟ' ਇੱਕ ਬੁਨਿਆਦੀ ਸਿਧਾਂਤ ਹੈ। ਲੇਕਿਨ ਅਮਰੀਕੀ ਲੋਕਾਂ ਨੇ 1776 ਵਿਚ ਮਹਿਸੂਸ ਕੀਤਾ ਕਿ ਇਹ ਸੰਵਿਧਾਨ ਦੇ ਸਿਧਾਂਤ ਦੇ ਉਲਟ ਹੈ। ਉਨ੍ਹਾਂ ਨੇ ਇਸਦਾ ਇੱਕ ਹੱਲ ਕੱਢਿਆ, ਜੋ ਪਿਛਲੇ ਢਾਈ ਸੌ ਸਾਲਾਂ ਵਿਚ ਉਨ੍ਹਾਂ ਲਈ ਬਹੁਤ ਲਾਹੇਵੰਦ ਰਿਹਾ। ਉਨ੍ਹਾਂ ਨੇ ਸਮੇਂ-ਸਮੇਂ ਪ੍ਰਤੀਨਿਧ ਸਭਾ ਵਿਚ ਪੰਜਾਹ ਰਾਜਾਂ ਵਿੱਚੋਂ ਹਰੇਕ ਨੂੰ ਰਾਜ ਦੀ ਜਨਸੰਖਿਆ ਦੇ ਅਧਾਰ 'ਤੇ ਵੰਡੀਆਂ ਸੀਟਾਂ ਦਾ ਪੁਨਰ ਨਿਰਧਾਰਨ ਕੀਤਾ, ਲੇਕਿਨ ਸੇਨੈਟ ਵਿਚ ਹਰ ਰਾਜ ਨੂੰ ਬਰਾਬਰ ਪ੍ਰਤੀਨਿਧਤਾ ਦਿੱਤੀ। ਅਮਰੀਕਾ ਦੀ ਤਰ੍ਹਾਂ ਭਾਰਤ ਵੀ ਇਕ ਲੋਕਤੰਤਰ ਅਤੇ ਸੰਘ ਹੈ। ਭਾਰਤ ਨੇ 1971 ਦੀ ਜਨਸੰਖਿਆ ਦੇ ਅਨੁਪਾਤ ਦੇ ਅਧਾਰ 'ਤੇ ਪ੍ਰਤੀਨਿਧਤਵ ਦੇ ਨੁਕਸਾਨ ਦੇਖੇ ਸਨ, ਲੇਕਿਨ ਉਸਦਾ ਹੱਲ ਲੱਭਣ ਦੀ ਬਜਾਏ ਇਸ ਨੂੰ 2026 ਤੱਕ ਟਾਲ ਦਿੱਤਾ।

ਆਜ਼ਾਦੀ ਦੇ 78 ਸਾਲ ਬਾਅਦ ਵੀ ਦੇਸ਼ ਵਿਚ ਸਮੱਸਿਆਵਾਂ ਵੱਡੀਆਂ ਹਨ। ਬੇਜ਼ੁਬਾਨ ਅਤੇ ਗੁੰਮਨਾਮ ਲੋਕਾਂ ਦੀ ਅਵਾਜ਼ ਦੇਸ਼ 'ਚ ਸੁੰਗੜਦੀ ਜਾ ਰਹੀ ਹੈ। ਅਜ਼ਾਦੀ ਤੋਂ ਬਾਅਦ ਪਹਿਲੀ ਪਹਿਲ ਸੁਭਾਵਿਕ ਰੂਪ ਵਿਚ ਸਕੂਲਾਂ ਦਾ ਨਿਰਮਾਣ ਅਤੇ ਟੀਚਰਾਂ ਦੀ ਨਿਯੁਕਤੀ ਨੂੰ ਦਿਤੀ ਗਈ। ਦੂਜੀ ਪਹਿਲ ਬੱਚਿਆਂ ਨੂੰ ਸਕੂਲਾਂ 'ਚ ਭੇਜਣ ਦੀ ਰੱਖੀ ਗਈ। ਅਗਲਾ ਕੰਮ ਸਿੱਖਿਆ ਦੀ ਗੁਣਵੱਤਾ 'ਚ ਸੁਧਾਰ ਸੀ, ਜਿਸ ਵਿਚ ਨਾ ਕੇਵਲ ਭਾਸ਼ਾ, ਬਲਕਿ ਗਣਿਤ, ਸਾਇੰਸ, ਇਤਿਹਾਸ, ਭੂਗੋਲ ਜਿਹੇ ਵਿਸ਼ੇ ਵੀ ਸ਼ਾਮਲ ਹਨ। ਪਰ ਮਾਤ ਭਾਸ਼ਾ ਨੂੰ ਛੱਡ ਕੇ ਘੋਸ਼ਣਾ ਕੀਤੀ ਗਈ ਕਿ ਹਿੰਦੀ, ਭਾਰਤੀ ਸੰਘ ਦੀ ਅਧਿਕਾਰਤ ਭਾਸ਼ਾ ਹੋਏਗੀ। ਜਿਸਦਾ ਦੇਸ਼ ਦੇ ਕੁੱਝ ਹਿੱਸਿਆ 'ਚ ਵੱਡਾ ਵਿਰੋਧ ਹੋਇਆ। ਤਾਮਿਲਨਾਡੂ 'ਚ ਰਾਜਨੀਤੀ ਨੇ ਕਰਵਟ ਲਈ। ਅਤੇ ਦਰਾਵੜ ਪਾਰਟੀ (ਡੀ.ਐਮ.ਕੇ.) ਸੱਤਾ 'ਚ ਆਈ। ਅਤੇ ਦੱਖਣੀ ਰਾਜਾਂ 'ਚ ਖ਼ਾਸ ਕਰਕੇ ਹਿੰਦੀ ਦਾ ਵਿਸ਼ਾਲ ਵਿਰੋਧ ਹੋਇਆ।

ਦੇਸ਼ ਦੀ ਨਵੀਂ ਸਿੱਖਿਆ ਨੀਤੀ 'ਚ ਵਿਵਾਦਤ ਪਹਿਲੂ ਤਿੰਨ-ਭਾਸ਼ਾਈ ਫਾਰਮੂਲਾ, ਜਿਸਨੇ ਦੇਸ਼ ਦੇ ਵੱਡੇ ਹਿੱਸੇ ਨੂੰ ਝੰਜੋੜਿਆ ਹੈ। ਤਿੰਨ ਭਾਸ਼ਾਈ ਫਾਰਮੂਲਾ, ਉੱਤਰ ਪ੍ਰਦੇਸ਼, ਉਤਰਾਖੰਡ, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਹਰਿਆਣਾ 'ਚ ਲਾਗੂ ਨਹੀਂ ਕੀਤਾ ਗਿਆ ਲੇਕਿਨ ਗੈਰ-ਹਿੰਦੀ ਭਾਸ਼ਾ ਸੂਬਿਆਂ 'ਚ ਇਸ ਨੂੰ ਲਾਗੂ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਯੂਪੀ, ਉਤਰਾਖੰਡ, ਬਿਹਾਰ ਆਦਿ ਉਪਰੋਕਤ ਰਾਜਾਂ 'ਚ ਸਰਕਾਰੀ ਸਕੂਲ ਪ੍ਰਭਾਵੀ ਰੂਪ 'ਚ ਕੇਵਲ ਹਿੰਦੀ ਦੀ ਇਕ ਭਾਸ਼ਾ ਨੀਤੀ ਦਾ ਪਾਲਣ ਕਰਦੇ ਹਨ। ਇਥੇ ਹਿੰਦੀ ਤੋਂ ਬਿਨਾਂ ਬੱਚੇ ਕੋਈ ਹੋਰ ਭਾਸ਼ਾ ਨਹੀਂ ਸਿੱਖਦੇ। ਇਥੇ ਅੰਗਰੇਜ਼ੀ ਦੇ ਟੀਚਰ ਬਹੁਤ ਘੱਟ ਹਨ ਅਤੇ ਸ਼ਾਇਦ ਹੀ ਕਿਸੇ ਹੋਰ ਭਾਸ਼ਾ ਦੇ ਅਧਿਆਪਕ ਹੋਣ। ਨਿੱਜੀ ਸਕੂਲ ਵੀ ਹਿੰਦੀ ਪੜ੍ਹਾ ਕੇ ਖੁਸ਼ ਹਨ, ਕਈ ਸਕੂਲ ਅੰਗਰੇਜ਼ੀ ਪੜ੍ਹਾਉਂਦੇ ਹਨ, ਪਰ ਤੀਜੀ ਭਾਸ਼ਾ, ਉਥੇ ਕੋਈ ਨਹੀਂ ਹੈ ਜਦਕਿ ਪੰਜਾਬ, ਗੁਜਰਾਤ ਅਤੇ ਮਹਾਰਾਸ਼ਟਰ ਜਿਹੇ ਰਾਜਾਂ 'ਚ ਹਿੰਦੀ ਤੀਜੀ ਭਾਸ਼ਾ ਹੈ।

ਤ੍ਰੈ-ਭਾਸ਼ਾਈ ਫਾਰਮੂਲੇ ਅਤੇ ਪਰਸੀਮਨ ਕਾਰਨ ਦੇਸ਼ 'ਚ ਸਥਿਤੀ ਵਿਸਫੋਟਕ ਬਣਦੀ ਜਾ ਰਹੀ ਹੈ। ਦੇਸ਼ ਦੀ ਸਰਕਾਰ ਇਨ੍ਹਾਂ ਦੋਹਾਂ ਵੱਡੀਆਂ ਸਮੱਸਿਆਵਾਂ ਦਾ ਸਹੀ ਹੱਲ ਲੱਭਣ ਦੀ ਬਜਾਏ, ਇਨ੍ਹਾਂ ਮੁੱਦਿਆਂ ਨੂੰ ਲਟਕਵੀਂ ਸਥਿਤੀ ਵਿਚ ਰੱਖ ਰਹੀ ਹੈ।ਇਹ ਵੀ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਇਨ੍ਹਾਂ ਸਮੱਸਿਆਵਾਂ ਤੋਂ ਸਿਆਸੀ ਲਾਭ ਲੈਣ ਦੇ ਰੌਅ 'ਚ ਹੈ। ਉੱਤਰੀ ਰਾਜਾਂ ਦੀ ਆਪਣੀ ਵੱਡੀ ਸਿਆਸੀ ਤਾਕਤ ਨਾਲ ਉਹ ਦੇਸ਼ ਵਿਚ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਏਜੰਡੇ ਨੂੰ ਲਾਗੂ ਕਰਨ ਦੇ ਆਹਰ 'ਚ ਹੈ। ਜੋ ਕਿਸੇ ਤਰ੍ਹਾਂ ਵੀ ਦੇਸ਼ ਹਿੱਤ 'ਚ ਨਹੀਂ।

# ਟੈਰਿਫ਼ ਦਰਾਂ ਨੂੰ ਲੈ ਕੇ ਅਮਰੀਕਾ-ਚੀਨ 'ਚ ਜ਼ਬਾਨੀ ਜੰਗ ਤੇਜ਼

ਪਿਛਲੇ ਕਈ ਦਹਾਕਿਆਂ ਤੋਂ ਪਹਿਲਾਂ ਸੋਵੀਅਤ ਯੂਨੀਅਨ ਅਤੇ ਫਿਰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਰੂਸ ਅਤੇ ਅਮਰੀਕਾ ਵਿਚਕਾਰ ਲਗਾਤਾਰ ਸ਼ੀਤ ਜੰਗ ਦੇਖਣ ਨੂੰ ਮਿਲਦੀ ਰਹੀ ਹੈ। ਪਰ ਹਾਲ ਹੀ ਵਿਚ ਰੂਸ-ਯੂਕਰੇਨ ਜੰਗ ਦੇ ਮਾਮਲੇ ਵਿਚ ਜਿਸ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ ਦੇ ਹੱਕ ਵਿਚ ਅਤੇ ਯੂਕਰੇਨ ਦੇ ਖ਼ਿਲਾਫ਼ ਯੂ-ਟਰਨ ਮਾਰਿਆ ਹੈ, ਇਸ ਤੋਂ ਆਉਣ ਵਾਲੇ ਦਿਨਾਂ ਵਿਚ ਵਿਸ਼ਵ ਪੱਧਰ 'ਤੇ ਕਾਫ਼ੀ ਉਥਲ-ਪੁਥਲ ਹੋਣ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ।

**ਮੂਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਪਿਛਲੇ ਕਈ ਹਫ਼ਤਿਆਂ ਤੋਂ ਲਗਾਤਾਰ ਟਰੰਪ ਭਾਰਤ, ਚੀਨ ਸਮੇਤ ਵੱਖ-ਵੱਖ ਦੇਸ਼ਾਂ 'ਤੇ ਟੈਰਿਫ਼ ਦਾ ਪ੍ਰਤੀਸ਼ਤ ਵਧਾਉਣ ਦੀ ਗੱਲ ਕਹਿ ਰਹੇ ਸਨ। ਇਸ ਲਈ ਹੁਣ ਇਸ 'ਤੇ ਅਮਲ ਕਰਦੇ ਹੋਏ ਉਨ੍ਹਾਂ ਨੇ ਸਾਰੇ ਚੀਨੀ ਉਤਪਾਦਾਂ 'ਤੇ ਟੈਰਿਫ਼ ਵਿਚ ਵਾਧਾ ਕਰ ਦਿੱਤਾ ਹੈ, ਜਿਸ ਤੋਂ ਬਾਅਦ ਦੁਨੀਆ ਦੀਆਂ ਦੋ ਵੱਡੀਆਂ ਅਰਥ-ਵਿਵਸਥਾਵਾਂ, ਯਾਨੀ ਅਮਰੀਕਾ ਅਤੇ ਚੀਨ, ਵਿਚਕਾਰ ਵਪਾਰਕ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਇਸ ਤੋਂ ਬਾਅਦ ਚੀਨ ਨੇ ਵੀ ਅਮਰੀਕੀ ਖੇਤੀਬਾੜੀ ਉਤਪਾਦਾਂ 'ਤੇ 10-15% ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਇਸ ਸੰਬੰਧ ਵਿਚ ਮੰਗਲਵਾਰ ਨੂੰ ਚੀਨੀ ਦੂਤਾਵਾਸ ਨੇ ਆਪਣੇ ਸ਼ੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਲਿਖਿਆ, "ਚਾਹੇ ਟੈਰਿਫ਼ ਜੰਗ ਹੋਵੇ, ਵਪਾਰਕ ਜੰਗ ਹੋਵੇ ਜਾਂ ਕੋਈ ਹੋਰ ਜੰਗ, ਜੇਕਰ ਅਮਰੀਕਾ ਜੰਗ ਚਾਹੁੰਦਾ ਹੈ ਤਾਂ ਅਸੀਂ ਇਸ ਦੇ ਅੰਤ ਤੱਕ ਜੰਗ ਲੜਨ ਲਈ ਤਿਆਰ ਹਾਂ।" ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਚੀਨ ਦੀ ਤਰਫ਼ੋਂ ਇਹ ਸਭ ਤੋਂ ਤਿੱਖਾ ਬਿਆਨ ਹੈ ਅਤੇ ਇਹ ਉਸ ਸਮੇਂ ਆਇਆ ਹੈ ਜਦੋਂ ਨੈਸ਼ਨਲ ਪੀਪਲਜ਼ ਕਾਂਗਰਸ ਦੇ ਸਾਲਾਨਾ ਸਮਾਗਮ ਵਿਚ ਬੀਜਿੰਗ ਵਿਚ ਚੀਨ ਦੇ ਨੇਤਾ ਇਕੱਠੇ ਹੋਏ ਹਨ।

ਇਸ ਦੇ ਦੂਜੇ ਦਿਨ, ਯਾਨੀ ਬੁੱਧਵਾਰ ਨੂੰ, ਚੀਨ ਦੇ ਪ੍ਰਧਾਨ ਮੰਤਰੀ ਲੀ ਕੇਚਿਆਂਗ ਨੇ ਐਲਾਨ ਕੀਤਾ ਕਿ ਚੀਨ ਇਸ ਸਾਲ ਆਪਣੇ ਰੱਖਿਆ ਖਰਚਿਆਂ ਵਿਚ 7.2% ਵਾਧਾ ਕਰੇਗਾ। ਉਨ੍ਹਾਂ ਨੇ ਕਿਹਾ, "ਪੂਰੀ ਦੁਨੀਆ ਵਿਚ ਤੇਜ਼ੀ ਨਾਲ ਅਜਿਹੇ ਬਦਲਾਅ ਹੋ ਰਹੇ ਹਨ ਜੋ ਇੱਕ ਸਦੀ ਵਿਚ ਕਦੇ ਨਹੀਂ ਦੇਖੇ ਗਏ।" ਹਾਲਾਂਕਿ ਰੱਖਿਆ ਬਜਟ ਵਿਚ ਇਹ ਵਾਧਾ ਉਮੀਦਾਂ ਅਨੁਸਾਰ ਹੈ ਅਤੇ ਪਿਛਲੇ ਸਾਲ ਦੇ ਐਲਾਨ ਨਾਲ ਮੇਲ ਖਾਂਦਾ ਹੈ। ਬੀਜਿੰਗ ਵਿਚ ਨੇਤਾ ਚੀਨ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਦੇਸ਼ ਦੀ ਅਰਥ ਵਿਵਸਥਾ ਵਪਾਰਕ ਜੰਗ ਦੇ ਖ਼ਤਰਿਆਂ ਦੇ ਬਾਵਜੂਦ ਵਧ ਸਕਦੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਚੀਨ ਅਮਰੀਕਾ ਦੇ ਮੁਕਾਬਲੇ ਆਪਣੀ ਛਵੀ ਨੂੰ ਸਥਿਰ ਅਤੇ ਸ਼ਾਂਤੀਪੂਰਨ ਦੇਸ਼ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ।

ਉਧਰ, ਉਪਰੋਕਤ ਹਾਲਾਤ 'ਤੇ ਬੀਬੀਸੀ ਦੀ ਪੱਤਰਕਾਰ ਲੌਰਾ ਬੇਕਰ ਕਹਿੰਦੀ ਹੈ ਕਿ ਕੈਨੇਡਾ ਅਤੇ ਮੈਕਸੀਕੋ ਵਰਗੇ ਅਮਰੀਕੀ ਸਹਿਯੋਗੀਆਂ 'ਤੇ ਟਰੰਪ ਦੇ ਫੈਸਲਿਆਂ ਦੇ ਪ੍ਰਭਾਵਾਂ ਨੂੰ ਚੀਨ ਆਪਣੇ ਫਾਇਦੇ ਲਈ ਵਰਤਣ ਦੀ ਉਮੀਦ ਕਰ ਸਕਦਾ ਹੈ। ਪਰ ਉਹ ਬਿਆਨਬਾਜ਼ੀ ਨੂੰ ਇੱਕ ਹੱਦ ਤੋਂ ਵੱਧ ਨਹੀਂ ਵਧਾਉਣਾ ਚਾਹੁੰਦਾ ਜਿਸ ਨਾਲ ਉਸ ਦੇ ਸੰਭਾਵੀ ਨਵੇਂ ਵਿਸ਼ਵ ਭਾਈਵਾਲ ਡਰ ਜਾਣ।

ਚੀਨ ਨੇ ਪਹਿਲਾਂ ਵੀ ਕਿਹਾ ਹੈ ਕਿ ਉਹ ਜੰਗ ਲਈ ਤਿਆਰ ਹੈ। ਪਿਛਲੇ ਸਾਲ ਅਕਤੂਬਰ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤਾਈਵਾਨ ਦੇ ਆਸ-ਪਾਸ ਫੌਜੀ ਅਭਿਆਸਾਂ ਦੌਰਾਨ ਫੌਜੀਆਂ ਨੂੰ ਜੰਗ ਲਈ ਤਿਆਰ ਰਹਿਣ ਲਈ ਕਿਹਾ ਸੀ।

ਵਾਸ਼ਿੰਗਟਨ ਵਿਚ ਚੀਨੀ ਦੂਤਾਵਾਸ ਨੇ ਇੱਕ ਦਿਨ ਪਹਿਲਾਂ ਵਿਦੇਸ਼ ਮੰਤਰਾਲੇ ਦੇ ਬਿਆਨ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਨਸ਼ੀਲੀ ਦਵਾਈ ਫੈਂਟਨਾਈਲ ਦੀ ਤਸਕਰੀ ਲਈ ਅਮਰੀਕਾ ਚੀਨ 'ਤੇ ਬੇਬੁਨਿਆਦ ਇਲਜ਼ਾਮ ਲਗਾ ਰਿਹਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ, "ਚੀਨੀ ਉਤਪਾਦਾਂ ਦੀ ਆਯਾਤ 'ਤੇ ਅਮਰੀਕੀ ਟੈਰਿਫ਼ ਵਧਾਉਣ ਲਈ ਫੈਂਟਨਾਈਲ ਦਾ ਮਸਲਾ ਇੱਕ ਕਮਜ਼ੋਰ ਬਹਾਨਾ ਹੈ।" ਬਿਆਨ ਅਨੁਸਾਰ, "ਅਸੀਂ ਧਮਕੀਆਂ ਤੋਂ ਨਹੀਂ ਡਰਦੇ। ਸਾਡੇ 'ਤੇ ਜ਼ਬਰਦਸਤੀ ਦਾ ਕੋਈ ਅਸਰ ਨਹੀਂ ਹੁੰਦਾ। ਦਬਾਅ, ਜ਼ੋਰ ਜਾਂ ਧਮਕੀਆਂ, ਚੀਨ ਨਾਲ ਨਜਿੱਠਣ ਦਾ ਸਹੀ ਤਰੀਕਾ ਨਹੀਂ ਹਨ।"

ਇਸ ਦੇ ਨਾਲ ਹੀ, ਚੀਨ ਦੇ ਸਖ਼ਤ ਪ੍ਰਤੀਕਰਮ 'ਤੇ ਅਮਰੀਕੀ ਰੱਖਿਆ ਮੰਤਰੀ ਪੈਟ ਹੇਗਸਟੀ ਨੇ ਫੌਕਸ ਨਿਊਜ਼ ਦੇ ਇੱਕ ਪ੍ਰੋਗਰਾਮ ਵਿਚ ਕਿਹਾ, "ਅਸੀਂ ਤਿਆਰ ਹਾਂ। ਜੋ ਸ਼ਾਂਤੀ ਚਾਹੁੰਦੇ ਹਨ, ਉਨ੍ਹਾਂ ਨੂੰ ਜੰਗ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।" ਉਨ੍ਹਾਂ ਨੇ ਕਿਹਾ, ਇਹੀ ਕਾਰਨ ਹੈ ਕਿ "ਅਮਰੀਕਾ ਆਪਣੀ ਫੌਜ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਡਿਟਰੈਂਸ ਨੂੰ ਬਹਾਲ ਕਰ ਰਿਹਾ ਹੈ।"

"ਅਸੀਂ ਇੱਕ ਖ਼ਤਰਨਾਕ ਦੁਨੀਆ ਵਿਚ ਰਹਿ ਰਹੇ ਹਾਂ, ਜਿੱਥੇ ਅਜਿਹੇ ਸ਼ਕਤੀਸ਼ਾਲੀ ਅਤੇ ਵਿਕਸਿਤ ਦੇਸ਼ ਹਨ ਜਿਨ੍ਹਾਂ ਦੇ ਬਹੁਤ ਵੱਖਰੇ ਵਿਚਾਰ ਹਨ। ਉਹ ਆਪਣੇ ਰੱਖਿਆ ਖਰਚਿਆਂ ਨੂੰ ਤੇਜ਼ੀ ਨਾਲ ਵਧਾ ਰਹੇ ਹਨ, ਟੈਕਨਾਲੌਜੀ ਨੂੰ ਆਧੁਨਿਕ ਬਣਾ ਰਹੇ ਹਨ, ਅਤੇ ਉਹ ਅਮਰੀਕਾ ਦੀ ਜਗ੍ਹਾ ਲੈਣਾ ਚਾਹੁੰਦੇ ਹਨ।"

ਹੇਗਸਟੀ ਨੇ ਕਿਹਾ ਕਿ ਫੌਜੀ ਸ਼ਕਤੀ ਨੂੰ ਕਾਇਮ ਰੱਖਣਾ ਤਣਾਅ ਤੋਂ ਬਚਣ ਦਾ ਮੁੱਢਲਾ ਤਰੀਕਾ ਹੈ। ਉਨ੍ਹਾਂ ਨੇ ਕਿਹਾ, "ਜੇਕਰ ਅਸੀਂ ਚੀਨ ਜਾਂ ਹੋਰ ਦੇਸ਼ਾਂ ਨਾਲ ਜੰਗ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ਕਤੀਸ਼ਾਲੀ ਹੋਣਾ ਪਵੇਗਾ।" ਉਧਰ ਐਕਸ 'ਤੇ ਜਾਰੀ ਚੀਨੀ ਵਿਦੇਸ਼ ਮੰਤਰਾਲੇ ਦੇ ਬਿਆਨ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਸ਼ੇਅਰ ਕੀਤਾ ਗਿਆ ਹੈ ਅਤੇ ਟਰੰਪ ਦੇ ਕੈਬਨਿਟ ਵਿਚ ਚੀਨ ਵਿਰੋਧੀ ਨੇਤਾਵਾਂ ਲਈ ਇਹ ਇੱਕ ਸਬੂਤ ਦੇ ਤੌਰ 'ਤੇ ਪੇਸ਼ ਕੀਤਾ ਜਾ ਸਕਦਾ ਹੈ ਕਿ ਬੀਜਿੰਗ ਵਿਦੇਸ਼ ਨੀਤੀ ਦੇ ਮਾਮਲਿਆਂ ਵਿਚ ਅਤੇ ਆਰਥਿਕ ਤੌਰ 'ਤੇ ਵਾਸ਼ਿੰਗਟਨ ਲਈ ਸਭ ਤੋਂ ਵੱਡਾ ਖ਼ਤਰਾ ਹੈ।

ਇਸ ਦੇ ਨਾਲ ਹੀ, ਚੀਨ ਨੇ ਵੀ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਹੈ ਕਿ ਜੇ ਅਮਰੀਕਾ ਜੰਗ ਚਾਹੁੰਦਾ ਹੈ ਤਾਂ ਉਹ ਇਸ ਲਈ ਵੀ ਤਿਆਰ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ ਅਮਰੀਕਾ ਚੀਨੀ ਆਯਾਤ 'ਤੇ ਟੈਰਿਫ਼ ਵਧਾਉਣ ਲਈ ਫੈਂਟਨਾਈਲ (ਤੀਬਰ ਦਰਦ ਨੂੰ ਰੋਕਣ ਵਾਲੀ ਦਵਾ) ਦੀ ਤਸਕਰੀ ਦਾ ਬਹਾਨਾ ਬਣਾ ਰਿਹਾ ਹੈ। ਜੇਕਰ ਉਹ ਜੰਗ ਚਾਹੁੰਦਾ ਹੈ ਤਾਂ ਚੀਨ ਇਸ ਲਈ ਵੀ ਤਿਆਰ ਹੈ ਅਤੇ ਅੰਤ ਤੱਕ ਲੜੇਗਾ। ਇਹ ਬਿਆਨ ਨਿਊਯਾਰਕ ਟਾਈਮਜ਼ ਦੁਆਰਾ ਅਮਰੀਕਾ ਦੀ ਤਰਫ਼ੋਂ ਚੀਨ ਦੀਆਂ ਬਹੁਤ ਸਾਰੀਆਂ ਚੀਜ਼ਾਂ 'ਤੇ 10% ਟੈਰਿਫ ਲਗਾਉਣ 'ਤੇ ਪ੍ਰਤੀਕਿਰਿਆ ਵਜੋਂ ਚੀਨ ਦੁਆਰਾ ਦਿੱਤਾ ਗਿਆ ਹੈ। ਇਸ ਸਬੰਧ ਵਿਚ, ਲਿਨ ਜਿਆਨ ਨੇ ਕਿਹਾ ਕਿ ਫੈਂਟਨਾਈਲ ਦਾ ਮਸਲਾ ਟੈਰਿਫ ਵਧਾਉਣ ਲਈ ਇੱਕ ਬਹਾਨਾ ਹੈ। ਅਮਰੀਕਾ ਵਿਚ ਫੈਂਟਨਾਈਲ ਦੇ ਸੰਕਟ ਲਈ ਕੋਈ ਹੋਰ ਨਹੀਂ ਬਲਕਿ ਅਮਰੀਕਾ ਖ਼ੁਦ ਜ਼ਿੰਮੇਵਾਰ ਹੈ। ਫੈਂਟਨਾਈਲ ਦੇ ਨਸ਼ੇ ਵਜੋਂ ਇਸਤੇਮਾਲ ਦੇ ਮਸਲੇ 'ਤੇ ਅਮਰੀਕੀ ਲੋਕਾਂ ਨਾਲ ਭਲਾਈ ਅਤੇ ਇਨਸਾਨੀ ਭਾਵਨਾਵਾਂ ਨਾਲ ਅਸੀਂ ਅਮਰੀਕਾ ਨਾਲ ਸਹਿਯੋਗ ਕਰਦੇ ਹੋਏ ਕਈ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਸਾਡੇ ਯਤਨਾਂ ਦੀ ਪ੍ਰਸ਼ੰਸਾ ਕਰਨ ਦੀ ਬਜਾਏ ਅਮਰੀਕਾ ਸਾਡੇ ਖ਼ਿਲਾਫ਼ ਇਲਜ਼ਾਮ ਲਗਾ ਰਿਹਾ ਹੈ ਅਤੇ ਟੈਰਿਫ ਵਧਾ ਕੇ ਦਬਾਅ ਪਾਉਣ ਅਤੇ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਸਾਡੀ ਮਦਦ ਦੇ ਬਦਲੇ ਸਾਨੂੰ ਸਜ਼ਾ ਦੇ ਰਿਹਾ ਹੈ। ਇਸ ਨਾਲ ਅਮਰੀਕਾ ਦਾ ਮਸਲਾ ਹੱਲ ਨਹੀਂ ਹੋਵੇਗਾ ਅਤੇ ਇਸ ਨਾਲ ਨਸ਼ਿਆਂ ਦੇ ਖ਼ਿਲਾਫ਼ ਸਾਂਝੀ ਜੰਗ ਨੂੰ ਨੁਕਸਾਨ ਪਹੁੰਚੇਗਾ। ਚੀਨੀ ਬੁਲਾਰੇ ਨੇ ਹੋਰ ਕਿਹਾ ਕਿ ਧਮਕੀਆਂ ਸਾਨੂੰ ਡਰਾ ਨਹੀਂ ਸਕਦੀਆਂ। ਦਬਾਅ ਅਤੇ ਧਮਕੀਆਂ ਚੀਨ ਨਾਲ ਨਜਿੱਠਣ ਦਾ ਸਹੀ ਤਰੀਕਾ ਨਹੀਂ ਹਨ। ਚੀਨ 'ਤੇ ਦਬਾਅ ਪਾਉਣ ਵਾਲੇ ਗਲਤ-ਫਹਿਮੀ ਵਿਚ ਨਾ ਰਹਿਣ। ਜੇਕਰ ਅਮਰੀਕਾ ਫੈਂਟਨਾਈਲ ਦਾ ਮਸਲਾ ਅਸਲ ਵਿਚ ਹੱਲ ਕਰਨਾ ਚਾਹੁੰਦਾ ਹੈ ਤਾਂ ਚੀਨ ਨਾਲ ਬਰਾਬਰੀ ਦੀ ਬੁਨਿਆਦ 'ਤੇ ਸਲਾਹ-ਮਸ਼ਵਰਾ ਕਰੇ। ਜੇਕਰ ਅਮਰੀਕਾ ਜੰਗ ਚਾਹੁੰਦਾ ਹੈ, ਟੈਰਿਫ ਜੰਗ, ਵਪਾਰਕ ਜੰਗ ਜਾਂ ਕਿਸੇ ਹੋਰ ਕਿਸਮ ਦੀ ਜੰਗ, ਅਸੀਂ ਤਿਆਰ ਹਾਂ। ਹੁਣ ਭਵਿੱਖ ਵਿਚ ਇਹ ਦੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਟਰੰਪ ਦੁਆਰਾ ਵੱਖ-ਵੱਖ ਦੇਸ਼ਾਂ ਦੇ ਖ਼ਿਲਾਫ਼ ਛੇੜੀ ਟੈਰਿਫ ਜੰਗ ਕੀ ਕੀ ਫੁੱਲ ਖਿਲਾਉਂਦੀ ਹੈ।

# ਮਾਤਾ ਗੁਜਰੀ ਜਾਂ ਗੁੱਜਰ ਕੌਰ?

***ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਨਵੇਂ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਮਾਤਾ ਗੁਜਰੀ ਤੇ ਮਾਤਾ ਸੁੰਦਰੀ ਨੂੰ 'ਮਾਤਾ ਗੁੱਜਰ ਕੌਰ' ਤੇ 'ਮਾਤਾ ਸੁੰਦਰ ਕੌਰ' ਵਜੋਂ ਸੰਬੋਧਨ ਕੀਤੇ ਜਾਣ ਬਾਰੇ ਬਹਿਸ ਹੁੰਦੀ ਰਹਿੰਦੀ ਹੈ। ਇਸ ਹਵਾਲੇ ਨਾਲ ਮੇਰਾ ਇਕ ਇਤਿਹਾਸਕ ਤੱਥ ਸਾਂਝਾ ਕਰਨ ਨੂੰ ਜੀ ਕਰ ਆਇਆ।

ਜਿਹੜੇ ਵੀ ਸੱਜਣ ਮਾਤਾ ਗੁਜਰੀ ਨੂੰ 'ਮਾਤਾ ਗੁੱਜਰ ਕੌਰ' ਤੇ ਮਾਤਾ ਸੁੰਦਰੀ ਨੂੰ 'ਮਾਤਾ ਸੁੰਦਰ ਕੌਰ' ਲਿਖਦੇ ਤੇ ਆਖਦੇ ਨੇ, ਮੇਰਾ ਉਨ੍ਹਾਂ ਨਾਲ ਕਿਸੇ ਵਿਵਾਦ ਵਿਚ ਪੈਣ ਜਾਂ ਆਪਣੀ ਗੱਲ ਮਨਵਾਉਣ ਦਾ ਕੋਈ ਇਰਾਦਾ ਨਹੀਂ। ਉਹ ਜੰਮ-ਜੰਮ ਜਿੰਨੇ ਵੀ ਸਤਿਕਾਰ ਨਾਲ ਮਾਤਾਵਾਂ ਨੂੰ ਸੰਬੋਧਨ ਕਰਨਾ ਚਾਹੁਦੇ ਨੇ, ਕਰਨ। ਨਾ ਮੇਰੇ-ਤੁਹਾਡੇ ਆਖਿਆਂ ਉਨ੍ਹਾਂ ਨੇ ਹਟ ਜਾਣਾ ਹੈ। ਪਰ ਮਾਤਾਵਾਂ ਖੁਦ ਆਪਣੇ ਆਪ ਨੂੰ ਕੀ ਕਹਿ ਕੇ ਸੰਬੋਧਨ ਕਰਦੀਆਂ ਸਨ, ਇਸਦਾ ਇਤਿਹਾਸਕ ਹਵਾਲਾ ਦੇਣਾ ਜ਼ਰੂਰੀ ਸਮਝਦਾ ਹਾਂ।

1- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ 'ਹੁਕਮਨਾਮੇ ਤੇ ਨਿਸ਼ਾਨ' ਪੁਸਤਕ ਦੀ ਪ੍ਰਕਾਸ਼ਨਾ ਕੀਤੀ। ਡਾ: ਗੰਡਾ ਸਿੰਘ ਜੀ ਨੇ ਵੀ ਇਸੇ ਭਾਂਤ ਦੀ ਪੁਸਤਕ ਲਿਖੀ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਛਾਪੀ। ਇਸ ਪੁਸਤਕ ਦੇ ਪੰਨਾ ਨੰਬਰ 122 ਉੱਤੇ ਮਾਤਾ ਗੁਜਰੀ ਜੀ ਦੇ ਹੁਕਮਨਾਮੇ ਵਿਚ ਇਵੇਂ ਲਿਖਿਆ ਮਿਲਦਾ ਹੈ:

ਸ਼੍ਰੀ ਮਾਤਾ ਗੁਜਰੀ ਜੀ ਵੱਲੋਂ ਸੰਗਤਿ ਧਰਿ ਬਸੀਆਂ ਜੋਗੁ...।

2 -ਇਸੇ ਪੁਸਤਕ ਦੇ ਪੰਨਾ 197 ਉੱਤੇ ਮਾਤਾ ਸੁੰਦਰੀ ਜੀ ਦੇ ਹੁਕਮਨਾਮਾ ਨੰਬਰ 68 ਵਿਚ ਇਸ ਤਰ੍ਹਾਂ ਦਰਜ ਹੈ:

ਸ੍ਰੀ ਮਾਤਾ ਸੁੰਦਰੀ ਜੀ ਵੱਲੋਂ ਸੰਗਤਿ ਵਾਸੀ ਪਟਣੇ ਕੀ ਜੋਗੁ...।

ਇਸ ਪੁਸਤਕ ਵਿਚ ਹੁਕਮਨਾਮਾ ਨੰਬਰ 68 ਤੋਂ 73 ਤੱਕ 6 ਹੁਕਮਨਾਮੇ ਛਪੇ ਮਿਲਦੇ ਹਨ, ਜਿਨ੍ਹਾਂ ਵਿਚ ਮਾਤਾ ਸੁੰਦਰੀ ਦੇ ਨਾਂਅ ਨਾਲ ਕਿਧਰੇ ਵੀ 'ਕੌਰ' ਸ਼ਬਦ ਵਰਤਿਆ ਨਹੀਂ ਮਿਲਦਾ। ਇਸ ਪੁਸਤਕ ਵਿਚ ਮਾਤਾ ਸੁੰਦਰੀ ਜੀ, ਮਾਤਾ ਸਾਹਬ ਦੇਵੀ ਜੀ ਅਤੇ ਮਾਤਾ ਗੁਜਰੀ ਜੀ ਦੇ ਕਈ ਹੁਕਮਨਾਮੇ ਦਰਜ ਹਨ, ਜਿਨ੍ਹਾਂ ਵਿਚ ਕਿਧਰੇ ਵੀ ਮਾਤਾਵਾਂ ਦੇ ਨਾਂਅ ਨਾਲ 'ਕੌਰ' ਸ਼ਬਦ ਵਰਤਿਆ ਨਹੀਂ ਮਿਲਦਾ। ਮੇਰੀ ਫੇਰ ਬੇਨਤੀ ਹੈ ਕਿ ਸ਼ਰਧਾਲੂਆਂ ਨਾਲ ਬਹਿਸ ਵਿਚ ਪੈਣ ਦਾ ਮੇਰਾ ਕੋਈ ਇਰਾਦਾ ਨਹੀਂ।

# ਗੁਰੂ ਨਾਨਕ ਦੇਵ ਸਿੰਘ...? ਜਾਂ ਗੁਰੂ ਨਾਨਕ ਦੇਵ ਜੀ

'ਪਿੱਪਲ ਦਿਆ ਪੱਤਿਆ ਕੀ ਖੜ-ਖੜ ਲਾਈ ਆ,
ਦਿਨ ਗਏ ਪੁਰਾਣੇ ਰੁੱਤ ਨਵਿਆਂ ਦੀ ਆਈ ਆ।'

ਪ੍ਰਸਿੱਧ ਵਿਦਵਾਨ ਖੋਜੀ ਪਿਆਰਾ ਸਿੰਘ 'ਪਦਮ' ਨੇ ਸਿੱਖ ਧਰਮ ਬਾਰੇ ਅਨੇਕਾਂ ਪੁਸਤਕਾਂ ਲਿਖ ਕੇ ਸਿੱਖ ਪੰਥ ਦੀ ਵੱਡਮੁੱਲੀ ਸੇਵਾ ਕੀਤੀ ਹੈ। ਆਪ ਆਪਣੇ ਇੱਕ ਪ੍ਰਸਤਾਵ ਵਿਚ ਲਿਖਦੇ ਹਨ:

'-ਬਾਬਾ ਬਘੇਲ ਸਿੰਘ ਆਖਿਆ ਕਰਦੇ ਸਨ, 'ਭੁਝੰਗੀਓ, ਤੁਸੀਂ ਪਹਿਲੀ ਪਾਤਸ਼ਾਹੀ ਦਾ ਨਾਮ ਅੱਧਾ ਨਾ ਲਿਆ ਕਰੋ, ਕਿਉਂਕਿ ਉਹ ਵੱਡੇ ਬਲਵਾਨ ਸਿੰਘ ਸਨ ਤੇ ਉਨ੍ਹਾਂ ਨੇ ਹੀ ਇਸ 'ਸਿੰਘ ਲਹਿਰ' ਦੀ ਨੀਂਹ ਰੱਖੀ ਸੀ।'

'-ਅਸੀਂ ਕਈ ਵਾਰ ਅਸਲੀਅਤ ਨੂੰ ਨਾ ਜਾਣਦਿਆਂ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਅਣਗੌਲਿਆ ਕਰ ਕੇ ਕਹਿ ਛੱਡਦੇ, 'ਬਾਬਾ ਜੀ, ਅਸੀਂ ਤਾਂ ਕਿਤਾਬ ਵਿਚ ਇਹੋ ਨਾਮ ਪੜ੍ਹਿਆ ਹੈ, ਤੇ ਲੋਕੀਂ ਵੀ ਇਵੇਂ ਹੀ ਕਹਿੰਦੇ ਆ ਰਹੇ ਹਨ।'

**ਡਾ. ਮਾਨ ਸਿੰਘ ਨਿਰੰਕਾਰੀ**

-ਫ਼ਿਰ ਬਾਬਾ ਜੀ ਜਲਾਲ ਵਿਚ ਆ ਕੇ ਉੱਚੀ-ਉੱਚੀ ਬੋਲਦੇ, 'ਬੱਚਿਓ! ਤੁਹਾਨੂੰ ਪਤਾ ਹੈ ਕਿ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਿੰਘ ਉੱਤੇ ਪੂਰੀ ਵਾਰ ਲਿਖੀ ਹੈ, ਤੇ ਵਾਰਾਂ ਹਮੇਸ਼ਾਂ ਸੂਰਬੀਰ ਯੋਧਿਆਂ, ਵਰਿਆਮਾਂ ਉੱਤੇ ਹੀ ਲਿਖੀਆਂ ਜਾਂਦੀਆਂ ਹਨ। ਫ਼ਿਰ ਇਸ ਵਾਰ ਵਿਚ ਕਵੀ ਨੇ ਸਾਫ਼ ਲਿਖ ਦਿੱਤਾ ਹੈ ਕਿ ਉਹ ਮਹਾਂਪੁਰਸ਼ ਸ਼ੇਰ ਵਾਂਗ ਬੁੱਕਿਆ ਤੇ ਉਸ ਨੇ ਸਾਰੀ ਮ੍ਰਿਗਾਵਲੀ ਭਜਾ ਦਿੱਤੀ। ਇਹ ਮ੍ਰਿਗਾਵਲੀ ਸੀ ਕਮਜ਼ੋਰ ਤੇ ਬੁਜ਼ਦਿਲ ਪ੍ਰਪੰਚੀ ਸਾਧਾਂ ਦੀ ਮੰਡਲੀ ਜਾਂ ਕਾਇਰ ਹਾਕਮਾਂ ਦੀ ਟੋਲੀ। ਇਹ ਬਚਨ ਮੈਂ ਆਪਣੇ ਕੋਲੋਂ ਨਹੀਂ ਕਹਿੰਦਾ, ਇਹ ਬਚਨ ਉਨ੍ਹਾਂ ਦਾ ਹੈ, ਜੋ ਚਾਰ ਪਾਤਸ਼ਾਹੀਆਂ ਦੀ ਹਜ਼ੂਰੀ ਵਿਚ ਰਹੇ ਸਨ ਤੇ ਸਭ ਕੁਝ ਜਾਣਦੇ ਸਨ। ਇਹ ਬਚਨ ਧਿਆਨ ਨਾਲ ਸੁਣ ਲਵੋ:

'ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ ਨਾ ਧੀਰ ਧਰੋਹਾ,
ਜਾਂ ਬੁਕਿਆ ਸਿੰਘ ਉਜਾੜ ਵਿਚ ਸਭ ਮ੍ਰਿਗਾਵਲੀ ਭੰਨੀ ਜਾਈ
ਚੜ੍ਹਿਆ ਚੰਦ ਨ ਲੁਕਈ ਕੱਢ ਕੁਨਾਲੀ ਜੋਤਿ ਛਪਾਈ......।

'ਬਾਬਾ ਨਾਨਕ ਹਰ ਤੀਰਥ 'ਤੇ ਗਿਆ। ਸੁਮੇਰ ਪਰਬਤ ਦੀ ਚੋਟੀ 'ਤੇ ਪਹੁੰਚਿਆ। ਫੇਰ ਮੱਕੇ ਮਦੀਨੇ, ਬਗਦਾਦ ਵਿਚ ਵੀ ਉਸ ਫੇਰੀ ਪਾਈ। ਪਰ ਉਸ ਦੇ ਸਾਹਮਣੇ ਕੋਈ ਕੁਸਕਿਆ ਤੱਕ ਨਹੀਂ। ਸਭ ਨੇ ਉਸ ਅੱਗੇ ਸਿਰ ਝੁਕਾਇਆ।'

ਇਹ ਇੱਕ ਪੁਰਾਣੀ ਵਾਰਤਾ ਹੈ। ਮੈਂ ਪਦਮ ਜੀ ਦੀਆਂ ਉਪਰੋਕਤ ਸਤਰਾਂ ਵਾਲੇ ਲੇਖ ਬਾਰੇ ਆਪਣੇ ਵਿਚਾਰ ਲਿਖ ਰਿਹਾ ਸਾਂ। ਸਬੱਬੀਂ ਸਾਡੇ ਵਿਦਵਾਨ ਮਿੱਤਰ ਪ੍ਰਿੰਸੀਪਲ ਨਰਿੰਦਰ ਸਿੰਘ ਸੋਚ ਜੀ ਸਾਨੂੰ ਮਿਲਣ ਲਈ ਆ ਗਏ। ਗੱਲਾਂ-ਬਾਤਾਂ ਕਰਦਿਆਂ ਪਦਮ ਜੀ ਦੇ ਉਪਰੋਕਤ ਲੇਖ ਬਾਰੇ ਵਿਚਾਰ ਛਿੜ ਪਈ। ਮੈਂ ਉਨ੍ਹਾਂ ਨੂੰ ਪਦਮ ਜੀ ਦੇ ਇਸ ਲੇਖ ਬਾਰੇ ਆਪਣੇ ਵੱਲੋਂ ਲਿਖੇ ਜਾ ਰਹੇ ਵਿਚਾਰਾਂ ਬਾਰੇ ਦੱਸਿਆ ਤਾਂ ਸੋਚ ਸਾਹਿਬ ਆਖਣ ਲੱਗੇ, 'ਜੇ ਲਿਖਣ ਹੀ ਲੱਗੇ ਹੋ ਤਾਂ ਇਨ੍ਹਾਂ ਵਿਚਾਰਾਂ ਨੂੰ ਵਿਅੰਗ ਨਾਲ ਲਿਖੋ। ਸੋ, ਅਸੀਂ ਉਸ ਸਮੇਂ ਜੋ ਵਿਚਾਰ ਲਿਖੇ, ਉਹ ਹੇਠਾਂ ਦਰਜ ਕਰ ਰਹੇ ਹਾਂ:

ਬਾਬਾ ਬਘੇਲ ਸਿੰਘ ਜੀ ਦੇ ਵਿਚਾਰ ਅੱਜ ਤੱਕ ਪ੍ਰਵਾਨ ਨਹੀਂ ਚੜ੍ਹੇ। ਇਸੇ ਗੱਲ ਦਾ ਹਿਰਖ ਸ਼ਾਇਦ ਵਿਦਵਾਨ ਪਿਆਰਾ ਸਿੰਘ 'ਪਦਮ' ਨੂੰ ਹੈ। ਸਮੇਂ ਨਾਲ ਕਦਮ ਮਿਲਾ ਕੇ ਤੁਰਨਾ ਹੀ 'ਸਿਆਣੇ ਪੁਰਸ਼ਾਂ' ਦਾ ਕੰਮ ਹੈ, ਤੇ ਇਹ ਕੰਮ ਲਾਹੇਵੰਦ ਵੀ ਹੈ।

ਅੱਜ ਸਿੰਘਾਂ ਦੀ ਮਹਿਫ਼ਲ ਵਿਚ ਕੋਈ 'ਦਾਸ', 'ਚੰਦ', 'ਲਾਲ' ਅਤੇ 'ਦੇਵ' ਆਦਿ ਕਿਵੇਂ ਸ਼ੋਭਾ ਪਾ ਸਕਦਾ ਹੈ! ਅਸੀਂ ਬਾਬੇ ਦੇ ਨਾਮ ਦੀ ਸਮੁੱਚੀ ਤਬਦੀਲੀ ਕਰਨ ਦੀ ਵਕਾਲਤ ਕਰਾਂਗੇ। ਗੁਰੂ ਬਾਬੇ ਨੂੰ ਅਸੀਂ ਸਾਰੇ ਸਿੱਖ 'ਗੁਰੂ ਨਾਨਕ ਦੇਵ ਜੀ' ਦੇ ਨਾਮ ਨਾਲ ਯਾਦ ਕਰਦੇ ਅਤੇ ਸਿਮਰਦੇ ਹਾਂ। ਜੇਕਰ ਨਵਾਂ ਨਾਮਕਰਨ ਕਰਨਾ ਹੀ ਹੈ ਤਾਂ ਗੁਰੂ ਬਾਬੇ ਦਾ ਨਾਮ 'ਗੁਰੂ ਨਾਨਕ ਦੇਵ ਸਿੰਘ' ਹੀ ਠੀਕ ਜਾਪੇਗਾ।

ਭਾਈ ਨੰਦ ਲਾਲ ਜੀ ਦੇ ਨਾਂਅ ਨਾਲ 'ਲਾਲ' ਸ਼ਬਦ ਨਹੀਂ ਢੁੱਕਦਾ ਤੇ ਅੱਜ ਦੇ ਅਗਾਂਹ-ਵਧੂ ਸਿੰਘਾਂ ਨੇ 'ਭਾਈ ਨੰਦ ਲਾਲ ਸਿੰਘ' ਨਾਮ ਠੀਕ ਹੀ ਰੱਖਿਆ ਹੈ।

ਆਰੰਭ ਵਿਚ ਅੰਮ੍ਰਿਤਸਰ ਵਿਸ਼ਵਵਿਦਿਆਲਿਆ ਦਾ ਨਾਮ 'ਗੁਰੂ ਨਾਨਕ ਯੂਨੀਵਰਸਿਟੀ' ਸੀ। ਨਾਮ ਅਧੂਰਾ ਹੋਣ ਕਰਕੇ ਪੂਰਾ ਨਾਮ ਮੁੜ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਰੱਖਣਾ ਪਿਆ। ਅੱਜ ਦੇ ਸਿੰਘਾਂ ਦੀ ਸਭਾ ਵਿਚ ਇਹ ਨਾਮ ਕਿਵੇਂ ਪ੍ਰਵਾਨ ਚੜ੍ਹੇ? ਯੂਨੀਵਰਸਿਟੀ ਦਾ ਨਾਮ 'ਗੁਰੂ ਨਾਨਕ ਦੇਵ ਸਿੰਘ ਯੂਨੀਵਰਸਿਟੀ' ਹੋਣਾ ਹੀ ਸ਼ੋਭਦਾ ਹੈ। ਅਸੀਂ ਯੂਨੀਵਰਸਿਟੀ ਦੇ ਵਾਈਸ- ਚਾਂਸਲਰ ਸਾਹਿਬ ਨੂੰ ਬੇਨਤੀ ਕਰਾਂਗੇ ਕਿ ਇਸ ਪਾਸੇ ਛੇਤੀ ਧਿਆਨ ਦੇਣ ਅਤੇ ਨਾਮ ਦੀ ਸੋਧ-ਸੁਧਾਈ ਕਰਕੇ ਵਡਮੁੱਲਾ ਕਾਰਜ ਕਰਨ ਦੀ ਸ਼ੋਭਾ ਖੱਟਣ।



ਸਿੱਖ ਇੱਕ ਲੋਕਤੰਤਰੀ ਸਮਾਜ ਹੈ। ਇਸ ਵਿਚ ਸਮੇਂ-ਸਮੇਂ ਅਨੁਸਾਰ ਸੁਧਾਰ ਕੀਤਾ ਜਾਂਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਗੁਰੂ ਸਾਹਿਬ ਦੇ ਸੇਵਕਾਂ ਨੇ ਕਈ ਰਹਿਤਾਂ-ਕੁਰਹਿਤਾਂ ਸਿਰਜੀਆਂ ਤੇ ਕਈ ਰਹਿਤਨਾਮੇ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ। ਰੋਜ਼ਾਨਾ 'ਅਰਦਾਸ' ਵਿਚ ਵੀ ਅਸੀਂ ਕਈ ਸੋਧਾਂ ਕੀਤੀਆਂ ਹਨ ਤੇ ਕਈ ਨਵੇਂ ਪ੍ਰਕਰਣ ਪਾਏ ਹਨ। ਚਾਰ ਤਖ਼ਤਾਂ ਦੀ ਥਾਂ ਪੰਜ ਤਖ਼ਤਾਂ ਦੀ 'ਅਰਦਾਸ' ਪ੍ਰਵਾਨ ਹੋਈ ਹੈ। ਮਾਤਾਵਾਂ ਦੇ ਨਾਮ ਵੀ ਬਦਲੇ ਹਨ, ਜਿਵੇਂ: ਮਾਤਾ ਜੀਤੋ ਜੀ ਤੋਂ ਮਾਤਾ ਅਜੀਤ ਕੌਰ ਜੀ, ਮਾਤਾ ਸੁੰਦਰੀ ਜੀ ਤੋਂ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਦੇਵੀ ਤੋਂ ਮਾਤਾ ਸਾਹਿਬ ਕੌਰ ਜੀ ਕਰ ਦਿੱਤਾ ਹੈ। ਜਦੋਂ ਸਿੰਘਣੀਆਂ ਦੇ ਨਾਮ ਨਾਲ 'ਕੌਰ' ਲਾਉਣ ਦਾ ਫ਼ੈਸਲਾ ਹੀ ਪੰਥ ਨੇ ਕਰ ਲਿਆ ਹੈ ਤਾਂ ਮਾਤਾਵਾਂ ਦੇ ਨਾਮ ਨਾਲ 'ਕੌਰ' ਜੋੜਨਾ ਆਵੱਸ਼ਕ ਸੀ।

ਸਹਿਜਧਾਰੀ ਪ੍ਰਣਾਲੀ ਦੀ ਹੁਣ ਕੀ ਲੋੜ ਰਹਿ ਗਈ ਹੈ? ਇਹ ਸਹਿਜੇ-ਸਹਿਜੇ ਤੁਰਨ ਵਾਲੇ ਪੱਛੜੇ ਲੋਕ ਨੇ। ਅੱਜ ਤਾਂ ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ ਪ੍ਰਕਿਰਿਆ ਚੱਲ ਪਈ ਹੈ। ਦੌੜ ਲਗਾ ਕੇ ਇੱਕ-ਦੂਜੇ ਤੋਂ ਅੱਗੇ ਨਿਕਲਣਾ ਸਮੇਂ ਦੀ ਲੋੜ ਹੈ। ਇਹ ਸਹਿਜੇ- ਸਹਿਜੇ ਤੁਰਨ ਵਾਲੇ ਪੁਰਸ਼ ਅੱਜ ਦੇ 'ਪੰਥ' ਦੀ ਤਿੱਖੀ ਰਫ਼ਤਾਰ ਨਾਲ ਕਿਵੇਂ ਮੇਲ ਖਾ ਸਕਦੇ ਹਨ? ਭਾਈ ਘਨੱਈਆ ਜੀ ਅਤੇ ਭਾਈ ਨੰਦ ਲਾਲ ਜੀ ਵਰਗੇ ਸਹਿਜਧਾਰੀ ਮਹਾਂਪੁਰਖ਼ਾਂ ਦਾ ਸਹਿਜ ਦੀ ਪਹਿਲੀ ਪੌੜੀ 'ਤੇ ਸਾਰੀ ਆਯੂ ਖੜੋਤੇ ਰਹਿਣਾ ਅੱਜ ਕਿਵੇਂ ਪ੍ਰਵਾਨ ਹੋ ਸਕਦਾ ਹੈ? ਸਿੱਖੀ ਦੀ ਸਿਖ਼ਰ 'ਤੇ ਅੱਪੜਨ ਦੀ ਪ੍ਰਕਿਰਿਆ ਸਿੰਘ ਸਜਣਾ ਹੈ। ਭਾਈ ਘਨੱਈਆ ਜੀ ਅਤੇ ਭਾਈ ਨੰਦ ਲਾਲ ਜੀ ਦੇ ਨਾਵਾਂ ਵਿਚ ਪਰਿਵਰਤਨ ਕਰਕੇ ਉਨ੍ਹਾਂ ਨੂੰ ਸਿੰਘਾਂ ਦੀ ਪ੍ਰਕਿਰਿਆ ਵਿਚ ਲਿਆਉਣਾ ਆਵੱਸ਼ਕ ਸੀ। 'ਭਾਈ ਘਨੱਈਆ ਸਿੰਘ' ਅਤੇ 'ਭਾਈ ਨੰਦ ਲਾਲ ਸਿੰਘ ਜੀ' ਕਿੰਨੇ ਸੁੰਦਰ ਅਤੇ ਸਜੀਲੇ ਨਾਮ ਹਨ। ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਾਡਾ ਫ਼ਰਜ਼ ਬਣਦਾ ਹੈ, ਇਸ ਲਈ ਉਨ੍ਹਾਂ ਦੇ ਨਾਮ ਸੁੰਦਰ ਰੱਖਣੇ ਬਣਦੇ ਹਨ।

ਹਰਿਆਣੇ ਦੇ ਸਰ ਛੋਟੂ ਰਾਮ ਵੱਡੇ ਵੱਡੇ ਮਾਅਰਕੇ ਮਾਰ ਗਏ। ਉਨ੍ਹਾਂ ਨੂੰ 'ਛੋਟੂ' ਆਖਣਾ ਕਿੰਨਾ ਅਜੋੜ ਹੈ? ਹਰਿਆਣਵੀ ਭਰਾਵਾਂ ਅੱਗੇ ਬੇਨਤੀ ਹੈ ਕਿ ਉਹ ਵੀ ਪੰਜਾਬੀਆਂ ਨਾਲ ਕਦਮ ਮਿਲਾਉਣ। ਅਸੀਂ ਸਭ ਨਾਮ ਬਦਲਣੇ ਹਨ ਅਤੇ ਸਭ ਨੂੰ ਸ਼ੇਰਾਂ ਦੀ ਸਭਾ ਵਿਚ ਲਿਆਉਣਾ ਹੈ। ਤੁਸੀਂ ਸਾਡੀ ਬੇਨਤੀ ਮੰਨੋ- ਛੋਟੂ ਰਾਮ ਦਾ ਨਾਮ 'ਵਡਕਾ ਰਾਮ ਸਿੰਘ' ਰੱਖੋ, ਜੋ ਉਨ੍ਹਾਂ ਦੀ ਸ਼ਾਨ ਨੂੰ ਵਧਾਇਆ ਕਰੇਗਾ ਤੇ ਉਨ੍ਹਾਂ ਦੇ ਮਹਾਨ ਕੰਮਾਂ ਦੇ ਨਾਲ ਉਨ੍ਹਾਂ ਦਾ ਨਾਮ 'ਹਾਣੀ' ਹੋਇਆ ਜਾਪੇਗਾ।

ਸਹਿਜਧਾਰੀ ਪਿਛਲੇ ਸਮੇਂ ਦੀ ਲੋੜ ਸੀ, ਅੱਜ ਉਨ੍ਹਾਂ ਦਾ ਪੰਥ ਨਾਲ ਕੀ ਨਾਤਾ ਜੋੜਾਂਗੇ? ਸ਼ੇਰਾਂ ਦੇ ਸ਼ੇਰ ਹੀ ਪ੍ਰਾਹੁਣੇ ਹੁੰਦੇ ਹਨ, ਨਾ ਕਿ ਲੂੰਬੜ ਅਤੇ ਬਿੱਲੀਆਂ।

ਕੁਨੰਦ ਹਮ ਜਿਨਸ ਬਾ ਹਮ ਜਿਨਸ ਪ੍ਰਵਾਜ਼
ਕਬੂਤਰ ਬਾ ਕਬੂਤਰ, ਬਾਜ਼ ਬਾ ਬਾਜ਼

ਕਬੂਤਰ ਕਬੂਤਰਾਂ ਨਾਲ ਅਤੇ ਬਾਜ਼ ਬਾਜ਼ਾਂ ਨਾਲ ਹੀ ਉੱਡਦੇ ਸੋਹਣੇ ਲੱਗਦੇ ਹਨ। ਸਿੰਘ ਪ੍ਰਥਾ ਦੀ ਨੀਂਹ ਬਾਬਾ ਬਘੇਲ ਸਿੰਘ ਜੀ ਦੇ ਅਨੁਸਾਰ 'ਬਾਬਾ ਨਾਨਕ ਸਿੰਘ ਜੀ' ਨੇ ਰੱਖੀ ਸੀ। ਸੰਨ: 1699 ਈ: ਵਿਚ ਗੁਰੂ ਦਸਵੇਂ ਪਾਤਸ਼ਾਹ ਨੇ ਇਸ ਪ੍ਰਥਾ ਨੂੰ ਪ੍ਰਵਾਨ ਕਰਕੇ ਅੱਗੇ ਤੋਰਿਆ। ਇਸ ਲਈ ਸਹੀ ਗੱਲ ਤਾਂ ਇਹ ਬਣਦੀ ਹੈ ਕਿ ਜਿਸ 'ਬਾਬਾ ਨਾਨਕ ਦੇਵ ਸਿੰਘ' ਨੇ 'ਸਿੰਘ ਪ੍ਰਥਾ' ਚਲਾਈ ਸੀ, ਉਨ੍ਹਾਂ ਦੇ ਅਵਤਾਰ ਧਾਰਨ ਵਾਲੇ ਦਿਨ ਹੀ 'ਸਿੰਘ ਪ੍ਰਥਾ' ਦੀ ਵਰ੍ਹੇਗੰਢ ਮਨਾਉਣੀ ਢੁੱਕਵੀਂ ਗੱਲ ਹੋਵੇਗੀ। ਜੇਕਰ ਮੇਰੀ ਬੇਨਤੀ ਪ੍ਰਵਾਨ ਚੜ੍ਹੇ ਤਾਂ ਮੈਂ ਆਪਣਾ ਧੰਨਭਾਗ ਸਮਝਾਂਗਾ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਸਿੰਘ ਤੋਂ ਬਾਅਦ ਵਾਲੇ ਉਨ੍ਹਾਂ ਦੇ ਉੱਤਰਾਧਿਕਾਰੀ ਸਾਰੇ 'ਸਿੰਘ' ਅਖਵਾਉਣ ਦੇ ਅਧਿਕਾਰੀ ਹਨ।

ਓਸ਼ੋ ਰਜਨੀਸ਼ ਤਾਂ ਆਪਣੇ ਭਾਸ਼ਣਾਂ ਵਿਚ ਤੇ ਪ੍ਰਵਚਨਾਂ ਵਿਚ ਸਿੱਖ ਧਰਮ ਦੀ ਵਿਚਾਰਧਾਰਾ ਨੂੰ 'ਆਜ ਕੀ ਤਾਜ਼ਾ ਖ਼ਬਰ' ਆਖਦਾ ਸੀ। ਇਹ ਵਿਚਾਰ ਉਦੋਂ ਹੀ ਸਾਰਥਕ ਸਮਝੇ ਜਾਣਗੇ ਜੇ ਕੋਈ ਢੁੱਕਵੀਂ ਨਵੀਂ ਪਿਰਤ ਦਾ ਆਰੰਭ ਕੀਤਾ ਜਾਵੇ। ਇਸ ਲਈ ਪ੍ਰੋ. ਪਿਆਰਾ ਸਿੰਘ ਪਦਮ ਸਾਡਾ ਸਭ ਦਾ ਧੰਨਵਾਦ ਕਬੂਲ ਕਰਨ ਕਿ ਉਨ੍ਹਾਂ ਨੇ ਭੁੱਲੀ ਵਿਸਰੀ ਗੱਲ ਨੂੰ ਸੰਗਤਾਂ ਦੇ ਸਾਹਮਣੇ ਲਿਆਂਦਾ ਹੈ।

ਸਿੱਖ ਇਤਿਹਾਸ ਵਿਚ ਕਈ ਉਕਾਈਆਂ ਰਹਿ ਗਈਆਂ ਹਨ: ਜਿਵੇਂ ਸ੍ਰੀ ਅਕਾਲ ਬੂੰਗਾ/ ਅਕਾਲ ਤਖ਼ਤ ਦੀ ਸਾਜਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ, ਪਰ ਗੁਰੂ ਸਾਹਿਬ ਨੇ ਇਸ ਦੀ ਸੇਵਾ ਸੰਭਾਲ ਲਈ ਕੋਈ ਸੇਵਾਦਾਰ ਜਾਂ ਜਥੇਦਾਰ ਆਦਿ ਨਹੀਂ ਸੀ ਥਾਪਿਆ। ਇਸ ਘਾਟ ਨੂੰ ਪੂਰਾ ਕਰਨ ਲਈ ਅਜੋਕੇ ਸਮੇਂ ਭਾਈ ਗੁਰਦਾਸ ਜੀ ਨੂੰ ਸ੍ਰੀ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ ਵਜੋਂ ਲਿਖਣਾ ਆਰੰਭਿਆ ਹੈ। ਸੋ, ਇਸ ਤਰ੍ਹਾਂ ਦੀਆਂ ਹੋਰ ਕਈ ਤਰੁੱਟੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਬਣਦਾ ਹੈ।

ਸੋ, ਉਪਰੋਕਤ ਵਿਚਾਰਾਂ ਨੂੰ ਪੜ੍ਹ ਕੇ ਪਾਠਕ ਇਹ ਨਾ ਸਮਝਣ ਕਿ ਮੈਂ ਇਨ੍ਹਾਂ ਵਿਚਾਰਾਂ ਦਾ ਹਾਮੀ ਹਾਂ। ਪੁਰਾਣੇ ਸਮੇਂ ਦੀਆਂ ਮਹਾਨ ਹਸਤੀਆਂ ਦੇ ਨਾਵਾਂ ਨਾਲ ਖਿਲਵਾੜ ਕਰਨਾ ਇੱਕ ਵੱਡੀ ਅਵੱਗਿਆ ਹੈ। ਦਿੱਲੀ ਵਿਚ ਮਾਤਾ ਸੁੰਦਰੀ ਜੀ ਦਾ ਗੁਰਦੁਆਰਾ ਅਤੇ ਮਾਤਾ ਸੁੰਦਰੀ ਰੋਡ ਅੱਜ ਵੀ ਮੌਜੂਦ ਹੈ। ਮਾਤਾ ਜੀ ਨੂੰ ਸੁੰਦਰ ਕੌਰ ਆਖਣਾ ਅਢੁੱਕਵਾਂ ਜਾਪਦਾ ਹੈ। ਇਹ ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਕਿਸੇ ਪੁਰਸ਼ ਦੇ ਨਾਂਅ ਨਾਲ 'ਕੌਰ' ਸ਼ਬਦ ਵਰਤਿਆ ਗਿਆ ਹੋਵੇ। ਸੁੰਦਰੀ ਸ਼ਬਦ ਇੱਕ ਅਤਿਅੰਤ ਆਕਰਸ਼ਕ ਨਾਮ ਹੈ। ਪ੍ਰਸਿੱਧ ਵਿਦਵਾਨ ਲੇਖਕ ਭਾਈ ਵੀਰ ਸਿੰਘ ਜੀ ਨੇ ਇਸ ਨਾਂਅ ਤੋਂ ਪ੍ਰਭਾਵਿਤ ਹੋ ਕੇ 'ਸੁੰਦਰੀ' ਸਿਰਲੇਖ ਹੇਠ ਇੱਕ ਨਾਵਲ ਲਿਖਿਆ, ਜੋ ਬੇਹੱਦ ਮਕਬੂਲ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ 'ਹੁਕਮਨਾਮੇ ਤੇ ਨਿਸ਼ਾਨ' ਪੁਸਤਕ ਦੀ ਪ੍ਰਕਾਸ਼ਨਾ ਕੀਤੀ। ਡਾ: ਗੰਡਾ ਸਿੰਘ ਜੀ ਨੇ ਵੀ ਇਸੇ ਭਾਂਤ ਦੀ ਪੁਸਤਕ ਲਿਖੀ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਛਾਪੀ। ਇਸ ਪੁਸਤਕ ਦੇ ਪੰਨਾ ਨੰਬਰ 122 ਉੱਤੇ ਮਾਤਾ ਗੁਜਰੀ ਜੀ ਦੇ ਹੁਕਮਨਾਮੇ ਵਿਚ ਇਵੇਂ ਲਿਖਿਆ ਮਿਲਦਾ ਹੈ:

ਸ੍ਰੀ ਮਾਤਾ ਗੁਜਰੀ ਜੀ ਵੱਲੋਂ ਸੰਗਤਿ ਧਰਿ ਬਸੀਆਂ ਜੋਗੁ......।

ਅਜੋਕੇ ਸਮੇਂ ਅਸੀਂ ਮਹਾਨ ਮਾਤਾ ਦੇ ਆਕਰਸ਼ਕ ਨਾਮ 'ਮਾਤਾ ਗੁਜਰੀ ਜੀ' ਨੂੰ 'ਮਾਤਾ ਗੁਜਰ ਕੌਰ' ਲਿਖਣਾ ਆਰੰਭ ਕਰ ਦਿੱਤਾ ਹੈ। ਇਸੇ ਪੁਸਤਕ ਦੇ ਪੰਨਾ 197 ਉੱਤੇ ਮਾਤਾ ਸੁੰਦਰੀ ਜੀ ਦੇ ਹੁਕਮਨਾਮਾ ਨੰਬਰ 68 ਵਿਚ ਇਸ ਤਰ੍ਹਾਂ ਦਰਜ ਹੈ:

ਸ੍ਰੀ ਮਾਤਾ ਸੁੰਦਰੀ ਜੀ ਵੱਲੋਂ ਸੰਗਤਿ ਵਾਸੀ ਪਟਣੇ ਕੀ ਜੋਗੁ......।

ਇਸ ਪੁਸਤਕ ਵਿਚ ਹੁਕਮਨਾਮਾ ਨੰਬਰ 68 ਤੋਂ 73 ਤੱਕ 6 ਹੁਕਮਨਾਮੇ ਛਪੇ ਮਿਲਦੇ ਹਨ, ਜਿਨ੍ਹਾਂ ਵਿਚ ਮਾਤਾ ਸੁੰਦਰੀ ਦੇ ਨਾਂਅ ਨਾਲ ਕਿਧਰੇ ਵੀ 'ਕੌਰ' ਸ਼ਬਦ ਵਰਤਿਆ ਨਹੀਂ ਮਿਲਦਾ। ਇਸ ਪੁਸਤਕ ਵਿਚ ਮਾਤਾ ਸੁੰਦਰੀ ਜੀ, ਮਾਤਾ ਸਾਹਬ ਦੇਵੀ ਜੀ ਅਤੇ ਮਾਤਾ ਗੁਜਰੀ ਜੀ ਦੇ ਕਈ ਹੁਕਮਨਾਮੇ ਦਰਜ ਹਨ, ਜਿਨ੍ਹਾਂ ਵਿਚ ਕਿਧਰੇ ਵੀ ਮਾਤਾਵਾਂ ਦੇ ਨਾਂਅ ਨਾਲ 'ਕੌਰ' ਸ਼ਬਦ ਵਰਤਿਆ ਨਹੀਂ ਮਿਲਦਾ।

ਕੁਝ ਦਿਨ ਪਹਿਲਾਂ ਖ਼ਬਰ ਛਪੀ ਸੀ ਕਿ ਦਮਦਮਾ ਸਾਹਿਬ ਵਿਖੇ ਦੋ ਅਸਥਾਨ ਸੰਤ ਹਰਬੰਸ ਸਿੰਘ ਕਾਰਸੇਵਾ ਵਾਲਿਆਂ ਨੇ ਜਥੇਦਾਰ ਅਵਤਾਰ ਸਿੰਘ ਮੁਕੜ ਨੂੰ ਸੌਂਪੇ ਹਨ। ਇੱਕ ਦਾ ਨਾਂਅ ਮਾਤਾ ਸੁੰਦਰ ਕੌਰ ਅਤੇ ਦੂਜੇ ਦਾ ਨਾਂਅ ਮਾਤਾ ਸਾਹਿਬ ਕੌਰ ਰੱਖਿਆ ਗਿਆ ਹੈ। ਮੱਕੜ ਸਾਹਿਬ ਨੇ ਆਪਣੇ ਨਾਂਅ ਨਾਲੋਂ ਮੱਕੜ ਸ਼ਬਦ ਹਟਾ ਦਿੱਤਾ, ਜੋ ਉਨ੍ਹਾਂ ਦਾ ਪ੍ਰਚੱਲਤ ਨਾਂਅ ਸੀ ਤੇ ਮਾਤਾਵਾਂ ਦੇ ਪ੍ਰਚੱਲਤ ਨਾਵਾਂ ਨਾਲ 'ਕੌਰ' ਸ਼ਬਦ ਵਰਤਿਆ ਜਾ ਰਿਹਾ ਹੈ। ਇਹ ਸਭ ਕੁਝ ਉਹ ਆਪਣੀ ਨਿੱਜੀ ਸੋਚ ਦੇ ਪ੍ਰਭਾਵ ਅਧੀਨ ਕਰ ਰਹੇ ਹਨ, ਜੋ ਇੱਕ ਵੱਡੀ ਅਵੱਗਿਆ ਹੈ।

ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਅੱਗੇ ਸਨਿਮਰ ਬੇਨਤੀ ਕਰਦੇ ਹਾਂ ਕਿ ਉਹ ਸਿੱਖ ਪੰਥ ਵਿਚਲੇ ਇਤਿਹਾਸਕ ਨਾਵਾਂ ਨਾਲ ਹੋ ਰਹੀ ਅਵੱਗਿਆ ਨੂੰ ਹੁਕਮਨਾਮੇ ਜਾਰੀ ਕਰਕੇ ਬੰਦ ਕਰਾਉਣ ਦਾ ਯਤਨ ਕਰਨ। ਇਤਿਹਾਸਕ ਮਹੱਤਤਾ ਵਾਲੇ ਨਾਵਾਂ ਨੂੰ ਬਦਲਣ ਨਾਲ ਕਈ ਤਰ੍ਹਾਂ ਦੀਆਂ ਉਲਝਣਾਂ ਪੈਦਾ ਹੁੰਦੀਆਂ ਹਨ। ਅਸੀਂ ਆਪਣੇ ਵਿਦਵਾਨ ਲਿਖਾਰੀਆਂ ਨੂੰ ਬੇਨਤੀ ਕਰਾਂਗੇ ਕਿ ਉਹ ਆਪਣੀਆਂ ਲਿਖਤਾਂ ਵਿਚ ਪ੍ਰਚੱਲਿਤ ਇਤਿਹਾਸਕ ਨਾਂਅ ਹੀ ਵਰਤਣ।

ਇਹ ਪੜ੍ਹ ਕੇ ਤਸੱਲੀ ਹੁੰਦੀ ਹੈ ਕਿ ਮੁਕਤਸਰ ਦੀ ਲੜਾਈ ਵਿਚ ਹਿੱਸਾ ਲੈਣ ਵਾਲੀ ਮਹਾਨ ਇਸਤਰੀ ਮਾਤਾ ਭਾਗੋ ਦਾ ਨਾਂਅ ਹਾਲੇ ਤੱਕ 'ਮਾਤਾ ਭਾਗੋ' ਹੀ ਰਹਿਣ ਦਿੱਤਾ ਗਿਆ ਹੈ, 'ਮਾਤਾ ਭਾਗ ਕੌਰ' ਨਹੀਂ ਬਣਾਇਆ ਗਿਆ। ਇਸ ਤੋਂ ਸੇਧ ਲੈਣੀ ਬਣਦੀ ਹੈ.

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਫਿਕਰਮੰਦੀ 'ਚੋਂ ਉਪਜੀ ਪੁਸਤਕ 'ਪੰਜਾਬੀਆਂ ਦੇ ਅਥਾਹ ਤੇ ਫਜ਼ੂਲ ਖਰਚੇ'

## ਪੁਸਤਕ ਚਰਚਾ

ਗੁਰਪ੍ਰੀਤ ਸਿੰਘ ਤੂਰ ਮਿੱਠੀ ਪਿਆਰੀ ਤੇ ਅਰਥ ਭਰਪੂਰ ਵਾਰਤਕ ਲਿਖਣ ਵਾਲਾ ਲੇਖਕ ਹੈ। ਉਹ ਪੰਜਾਬ ਦੀ ਧਰਤੀ ਦਾ ਫਿਕਰਮੰਦ ਤੇ ਜ਼ਹੀਨ ਪੁੱਤ ਹੈ ਜੋ ਪੰਜਾਬ ਤੇ ਪੰਜਾਬੀਆਂ ਨੂੰ ਦਰਪੇਸ਼ ਸੰਕਟਾਂ ਬਾਰੇ ਆਪਣੀ ਕਲਮ ਰਾਹੀਂ ਫਿਕਰ ਜ਼ਾਹਿਰ ਕਰਦਾ ਹੈ। ਗੁਰਪ੍ਰੀਤ ਸਿੰਘ ਤੂਰ ਨੇ ਪੰਜਾਬ ਦੇ ਗੰਧਲੇ ਹੋ ਰਹੇ ਪਾਣੀਆਂ, ਪ੍ਰਦੂਸ਼ਤ ਹੋ ਰਹੀ ਆਬੋ-ਹਵਾ, ਪੰਜਾਬੀਆਂ ਵੱਲੋਂ ਕੀਤੇ ਜਾਂਦੇ ਫਜ਼ੂਲ ਖਰਚਿਆਂ, ਨਸ਼ਿਆਂ ਵਿਚ ਰੁੜ੍ਹਦੇ ਜਾਣ ਤੇ ਪੰਜਾਬ ਦੇ ਲੋਕਾਂ ਦੀਆਂ ਆਪਣੀਆਂ ਲਾਪਰਵਾਹੀਆਂ, ਫੁਕਰੀਆਂ ਕਾਰਨ ਉਨ੍ਹਾਂ ਸਿਰ ਆ ਰਹੇ ਸੰਸਿਆਂ ਝੋਰਿਆਂ ਬਾਰੇ ਬਹੁਤ ਬੇਬਾਕੀ ਨਾਲ ਲਿਖਿਆ ਹੈ।



"ਪੰਜਾਬੀਆਂ ਦੇ ਅਥਾਹ ਤੇ ਫਜ਼ੂਲ ਖਰਚੇ" ਗੁਰਪ੍ਰੀਤ ਸਿੰਘ ਤੂਰ ਵੱਲੋਂ ਪ੍ਰਿੰਸੀਪਲ ਬਲਵੰਤ ਸਿੰਘ ਸੰਧੂ ਨਾਲ ਮਿਲ ਕੇ

**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਸੰਪਾਦਿਤ ਕੀਤੀ ਪੁਸਤਕ ਹੈ, ਜੋ ਬੜੀ ਅਰਥ ਭਰਪੂਰ ਹੈ ਤੇ ਜਿਸ ਨੇ ਟੁੱਟਦੇ-ਖੁਰਦੇ ਜਾ ਰਹੇ ਪੰਜਾਬ ਬਾਰੇ ਫਿਕਰਮੰਦੀ ਜ਼ਾਹਿਰ ਕੀਤੀ ਹੈ। ਪੁਸਤਕ ਦੀ ਭੂਮਿਕਾ ਵਿਚ ਹੀ ਗੁਰਪ੍ਰੀਤ ਸਿੰਘ ਤੂਰ ਪੰਜਾਬ ਦੇ ਲੋਕਾਂ ਦੇ ਆਪਣੇ ਹਾਸ਼ੀਏ ਤੋਂ ਖਿਸਕਦਾ ਜਾਣ 'ਤੇ ਦੁਖੀ ਹੁੰਦਾ ਹੈ। ਉਸਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਪੰਜਾਬ ਦੇ ਹਾਲਾਤ ਗਾਰ ਵਿਚ ਫਸੇ ਹਿਰਨ ਵਰਗੇ ਹਨ ਪਰ ਵਖਰੇਵਾਂ ਇਹ ਹੈ ਕਿ ਰਾਜਨੀਤਕ ਤੇ ਪ੍ਰਸ਼ਾਸਨਿਕ ਲੋਕ ਉਸ ਨੂੰ ਗਾਰ ਵਿਚੋਂ ਕੱਢਣ ਦੇ ਯਤਨਾਂ ਦੀ ਬਜਾਏ ਕਿਨਾਰੇ ਖੜ੍ਹ ਕੇ ਸਭ ਕੁਝ ਵੇਖ ਰਹੇ ਹਨ।

ਗੁਰਪ੍ਰੀਤ ਸਿੰਘ ਤੂਰ 'ਕਾਫਲਾ ਜੀਵੇ ਪੰਜਾਬ' ਸੰਸਥਾ ਰਾਹੀਂ ਪੰਜਾਬੀਆਂ ਨੂੰ ਸੁਚੇਤ ਕਰਨ ਦਾ ਕਾਰਜ ਲੰਮੇ ਸਮੇਂ ਤੋਂ ਨਿਭਾ ਰਿਹਾ ਹੈ। ਇਹ ਪੁਸਤਕ ਵੀ ਉਸੇ ਕੜੀ ਦਾ ਇਕ ਸਾਰਥਿਕ ਹਿੱਸਾ ਹੈ। ਸੱਤ ਭਾਗਾਂ ਵਿਚ ਵੰਡੀ ਪੁਸਤਕ ਦੇ 24 ਲੇਖਾਂ ਰਾਹੀਂ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਮਸਲਿਆਂ ਬਾਰੇ ਬੇਬਾਕ ਰਾਇ ਰੱਖ ਕੇ ਪੰਜਾਬੀਆਂ ਨੂੰ ਹਲੂਣਾ ਦੇਣ ਦਾ ਕਾਰਜ ਕੀਤਾ ਹੈ।

ਡਾਕਟਰ ਬਿਕਰਮ ਸਿੰਘ ਵਿਰਕ ਪੰਜਾਬੀਆਂ ਦੇ ਪੈਸੇ ਦੀ ਸਾਂਭ ਸੰਭਾਲ ਤੇ ਵਰਤੋਂ ਪੱਖੋਂ ਉੱਕਾ ਲਾਪ੍ਰਵਾਹ ਹੋਣ ਦਾ ਫਿਕਰ ਜ਼ਾਹਿਰ ਕਰਦਾ ਹੈ। ਉਹ ਲਿਖਦਾ ਕਿ ਪੈਲੇਸ ਦਾ ਵਿਆਹ ਦੋ ਘੰਟਿਆਂ ਵਿਚ ਇੱਕ ਏਕੜ ਖਾ ਜਾਂਦਾ ਹੈ। ਵਿਆਹਾਂ 'ਤੇ ਹੁੰਦੇ ਬੇਥਾਹ ਖਰਚਿਆਂ ਨੂੰ ਉਹ ਇੱਕ ਤਰ੍ਹਾਂ ਦਾ ਅਪਰਾਧ ਆਖਦਾ ਹੈ। ਉਸਦਾ ਕਹਿਣਾ ਹੈ ਕਿ ਜੇਕਰ ਵੱਧ ਪੈਸਾ ਹੋਵੇ ਤਾਂ ਇਸ ਦਾ ਯੋਗਦਾਨ ਸੁਚੱਜੇ ਕਾਰਜ ਲਈ ਹੋਣਾ ਚਾਹੀਦਾ ਹੈ ਨਾ ਕਿ ਕੁਚੱਜੇ ਕੰਮਾਂ ਲਈ। ਬਹੁਤ ਹੀ ਮਹੱਤਵਪੂਰਨ ਲੇਖ ਡਾਕਟਰ ਚਰਨਜੀਤ ਕੌਰ ਦਾ ਹੈ ਜਿਸ ਵਿਚ ਵਿਆਹਾਂ ਵਿਚ ਹੁੰਦੇ ਫਜ਼ੂਲ ਖਰਚਿਆਂ ਨੂੰ ਘਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਹ ਲਿਖਦੇ ਨੇ ਕਿ ਪੰਜਾਬੀ ਸਮਾਜ ਨੇ ਇੱਕ ਪਾਸੇ ਤਾਂ ਪੁਰਾਣੇ ਰਸਮ ਰਿਵਾਜ ਰੱਖ ਲਏ ਨੇ ਤੇ ਦੂਜੇ ਪਾਸੇ ਪੱਛਮੀ ਢੰਗ ਦੇ ਨਵੇਂ ਰਸਮੋ ਰਿਵਾਜ਼ ਵੀ ਅਪਣਾ ਲਏ ਨੇ ਜਿਸ ਕਰਕੇ ਰਸਮਾਂ ਰਿਵਾਜ਼ਾਂ ਦੀ ਗਿਣਤੀ ਲੋੜੋਂ ਵਧ ਗਈ ਹੈ। ਉਹ ਕੁਝ ਸਮਾਂ ਪਹਿਲਾਂ ਹੁੰਦੇ ਵਿਆਹ ਤੇ ਸ਼ਗਨਾਂ ਨੂੰ ਯਾਦ ਕਰਦਿਆਂ ਹੁਣ ਦੇ ਵਿਆਹਾਂ ਨਾਲ ਤੁਲਨਾ ਕਰਦੇ ਹਨ। ਰਿੰਗ ਸੈਰੇਮਨੀ, ਜਾਗੋ, ਮਹਿੰਦੀ, ਰੋਕਾ, ਲੇਡੀਜ਼ ਸੰਗੀਤ ਤੇ ਅਜਿਹੇ ਕਈ-ਕਈ ਦਿਨ ਚੱਲਣ ਵਾਲੇ ਫੰਕਸ਼ਨ ਖਰਚਿਆਂ ਦੀ ਧੁੱਕੀ ਕੱਢ ਦਿੰਦੇ ਹਨ। ਮਹਿੰਗੇ ਆਲੀਸ਼ਾਨ ਪੈਲਸਾਂ ਵਿਚ ਲਗਾਏ ਜਾਂਦੇ ਲੱਖਾਂ ਰੁਪਈਆਂ ਦਾ ਖਰਚਾ, ਚੜ੍ਹਦੇ ਕਰਜ਼ੇ ਤੇ ਅਜਿਹੇ ਵਿਆਹਾਂ ਰਾਹੀਂ ਮਾਨਸਿਕ ਆਰਥਿਕ ਸ਼ੋਸ਼ਣ ਦੇ ਨਾਲ ਰਿਸ਼ਤਿਆਂ ਵਿਚ ਆਉਂਦੀ ਟੁੱਟ ਭੱਜ ਦਾ ਜ਼ਿਕਰ ਕਰ ਕੇ ਇਨ੍ਹਾਂ ਖਰਚਿਆਂ ਨੂੰ ਕਾਬੂ ਕਰਨ ਲਈ ਬੜੇ ਮੁੱਲਵਾਨ ਸੁਝਾਅ ਵੀ ਦਿੰਦੇ ਹਨ।

ਇੱਕ ਹੋਰ ਆਰਟੀਕਲ ਵਿਚ ਸੁਖਮੀਤ ਕੌਰ ਨੇ ਬੜਾ ਮੁੱਲਵਾਨ ਨੁਕਤਾ ਉਭਾਰਿਆ ਹੈ ਕਿ ਸਾਡੀ ਜਾਣ-ਪਛਾਣ ਭਾਵੇਂ ਹਜ਼ਾਰਾਂ ਨਾਲ ਹੁੰਦੀ ਹੈ ਪਰੰਤੂ ਨਜ਼ਦੀਕੀ ਪਰਿਵਾਰਕ ਸਬੰਧ ਪੰਜ ਸੱਤ ਦਰਜਨ ਪਰਿਵਾਰਾਂ ਤੋਂ ਵੱਧ ਨਹੀਂ ਹੁੰਦੇ। ਇਸ ਤਰ੍ਹਾਂ ਉਹ ਵਿਆਹਾਂ ਵਿਚ ਕਾਨਫਰੰਸਾਂ ਵਾਂਗ ਕੀਤੇ ਜਾਂਦੇ ਇਕੱਠਾਂ ਨੂੰ ਰੱਦ ਕਰਦੀ ਹੈ। ਵਿਆਹਾਂ ਵਿਚ ਸੋਨੇ ਦੀਆਂ ਮੁੰਦੀਆਂ, ਚੈਨੀਆਂ, ਕੰਬਲਾਂ, ਨਕਦੀ, ਬ੍ਰਾਂਡਡ ਕੱਪੜਿਆਂ ਨਾਲ ਹੁੰਦੀਆਂ ਮਿਲਣੀਆਂ ਵਿਆਹਾਂ ਦੀ ਭਾਵਨਾ ਨੂੰ ਲੀਰੋ-ਲੀਰ ਕਰ ਰਹੀਆਂ ਹਨ। ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੇ ਪਾਕਿਸਤਾਨੀ ਪੰਜਾਬ ਦੀ ਸਰਕਾਰ ਵੱਲੋਂ 'ਪੰਜਾਬ ਮੈਰਿਜ ਫੰਕਸ਼ਨ ਐਕਟ 2016' ਰਾਹੀਂ ਵਿਆਹ ਸਮਾਗਮਾਂ 'ਤੇ ਕੀਤੇ ਜਾਂਦੇ ਬੇਲੋੜੇ ਖਰਚਿਆਂ ਨੂੰ ਸੀਮਤ ਕਰਨ ਲਈ ਚੁੱਕੇ ਗਏ ਦਲੇਰਾਨਾ ਕਦਮ ਦੀ ਸ਼ਲਾਘਾ ਕਰਦਿਆਂ ਭਾਰਤੀ ਪੰਜਾਬ ਦੀ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣ ਲਈ ਹਲੂਣਿਆ ਹੈ। ਪਾਕਿਸਤਾਨ ਦੀ ਪੰਜਾਬੀ ਸਰਕਾਰ ਨੇ ਕਾਨੂੰਨ ਦੀ ਸਖ਼ਤੀ ਨਾਲ ਵਿਆਹ ਦੀਆਂ ਰਸਮਾਂ ਸਮੇਂ ਖਾਣੇ, ਆਤਿਸ਼ਬਾਜ਼ੀ, ਮਹਿਮਾਨਾਂ ਦੀ ਗਿਣਤੀ, ਸ਼ੋਰ ਸ਼ਰਾਬੇ, ਹਥਿਆਰਾਂ ਦੇ ਵਿਖਾਵੇ, ਫਾਇਰਿੰਗ, ਸਜਾਵਟ ਤੇ ਫੁਕਰੇਪੰਥੀ ਨੂੰ ਕਾਫੀ ਹੱਦ ਤੱਕ ਕੰਟਰੋਲ ਕੀਤਾ ਹੈ। ਪ੍ਰਿੰਸੀਪਲ ਸਰਵਣ ਸਿੰਘ ਨੇ ਆਰਟੀਕਲ ਦੇ ਅੰਤ ਵਿਚ ਦੱਸਿਆ ਹੈ ਕਿ ਪੰਜਾਬ ਵਿਚ ਮੈਰਿਜ ਪੈਲਸਾਂ ਦੀ ਗਿਣਤੀ 4500 ਤੋਂ ਉੱਪਰ ਹੈ ਜਿਨ੍ਹਾਂ ਨੇ ਹਜ਼ਾਰਾਂ ਏਕੜ ਸਨਅਤੀ ਤੇ ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਅਣਉਪਜਾਊ ਕਾਰਜਾਂ ਲਈ ਦੱਬ ਰੱਖੀ ਹੈ। ਇਸੇ ਤਰ੍ਹਾਂ ਡੇਰਿਆਂ ਨੇ ਹਜ਼ਾਰਾਂ ਏਕੜ ਜ਼ਮੀਨ ਦੱਬੀ ਹੋਈ ਹੈ। ਲੋਟੂ ਸਿਆਸਤਦਾਨਾਂ, ਭ੍ਰਿਸ਼ਟ ਅਫਸਰਾਂ ਤੇ ਮਾਫੀਆ ਗਰੁੱਪਾਂ ਦੇ ਨਾਜਾਇਜ਼ ਕਬਜ਼ੇ ਵਾਲੀਆਂ ਜ਼ਮੀਨਾਂ ਦਾ ਵੀ ਲੇਖਾ-ਜੋਖਾ ਨਹੀਂ। ਇਹ ਰੰਗਲੇ ਪੰਜਾਬ ਨੂੰ ਕੰਗਾਲ ਪੰਜਾਬ ਬਣਾਉਣ ਵਾਲੀਆਂ ਸਾਜ਼ਿਸ਼ਾਂ ਹੀ ਨੇ।

ਗੁਰਪ੍ਰੀਤ ਸਿੰਘ ਤੂਰ ਨੇ "ਵਿਆਹ ਅਤੀਤ ਅਤੇ ਵਰਤਮਾਨ ਦੇ ਝਰੋਖਿਆਂ ਵਿੱਚੋਂ" ਨਾਂ ਦੇ ਆਰਟੀਕਲ ਰਾਹੀਂ ਪਹਿਲੇ ਸਮਿਆਂ ਵਿਚ ਹੁੰਦੇ ਵਿਆਹਾਂ ਦੀ ਅਜੋਕੇ ਸਮਿਆਂ ਵਿਚ ਧੂਮ-ਧੜੱਕੇ ਵਾਲੇ ਵਿਆਹਾਂ ਨਾਲ ਤੁਲਨਾ ਕੀਤੀ ਹੈ। ਉਹ ਲਿਖਦੇ ਨੇ ਕਿ ਵਿਆਹ ਦੋ ਰੂਹਾਂ ਦਾ ਮੇਲ ਹੈ ਪਰ ਹੁਣ ਇਹ ਰਸਮ ਬੇਹੱਦ ਮਹਿੰਗੀ ਤੇ ਕੁਰੀਤੀਆਂ ਦਾ ਸ਼ਿਕਾਰ ਹੋ ਗਈ ਹੈ। ਕੋਈ ਵੇਲਾ ਸੀ ਜਦੋਂ ਵਿਆਹ ਦੀਆਂ ਤਿਆਰੀਆਂ ਦੋ-ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋ ਜਾਂਦੀਆਂ ਸਨ। ਕੰਧਾਂ ਕੰਧੋਲੀਆਂ ਤੇ ਪਰੋਲਾ ਫੇਰਦੀਆਂ ਔਰਤਾਂ ਤੇ ਬਨੇਰਿਆਂ ਨੂੰ ਰੰਗ ਕਰਨ ਵਾਲੇ ਕਾਮੇ ਵਿਆਹ ਦੀਆਂ ਖੁਸ਼ੀਆਂ ਦਾ ਪਹਿਲਾ ਪੂਰ ਹੁੰਦੇ ਸਨ। ਘਰ ਦਰਜੀ ਬਿਠਾਇਆ ਜਾਂਦਾ ਸੀ। ਕੜਾਹੀ ਵਾਲੇ ਦਿਨ ਵਿਆਹ ਦੀਆਂ ਖੁਸ਼ੀਆਂ 'ਚ ਵਾਧਾ ਹੋ ਜਾਂਦਾ ਸੀ। ਦਰਵਾਜ਼ਿਆਂ ਨਾਲ ਕੇਲਿਆਂ ਦੀਆਂ ਗੇਲੀਆਂ ਗੱਡ ਦਿੱਤੀਆਂ ਜਾਂਦੀਆਂ। ਘਰ ਰੰਗ ਬਰੰਗੀਆਂ ਝੰਡੀਆਂ ਨਾਲ ਸ਼ਿੰਗਾਰਿਆ ਜਾਂਦਾ ਸੀ। ਸਹਿਜ ਸਧਾਰਨ ਸਾਰਾ ਕੁਝ ਵਾਪਰਦਾ ਸੀ। ਗੁਰਪ੍ਰੀਤ ਸਿੰਘ ਤੂਰ ਕਈ




ਵਿਆਹਾਂ ਦਾ ਜ਼ਿਕਰ ਕਰਦੇ ਹਨ ਜਿੱਥੇ ਪੈਲਸਾਂ ਵਿਚ ਸ਼ਰਾਬ ਦਾ ਖੁੱਲ੍ਹਾ ਸੇਵਨ ਹੁੰਦਾ ਹੈ। ਬੇਲੋੜਾ ਅਥਾਹ ਖਰਚਾ ਹੁੰਦਾ ਹੈ। ਡੀਜੇ ਦਾ ਕੰਨ ਪਾੜਵਾਂ ਸ਼ੋਰ ਹੁੰਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਨਾਲ ਸਾਰਾ ਕੁਝ ਤੂਸਿਆ ਪਿਆ ਹੁੰਦਾ ਹੈ। ਖਾਧਾ ਘੱਟ ਜਾਂਦਾ ਹੈ ਤੇ ਖਰਾਬ ਬਹੁਤਾ ਕੀਤਾ ਜਾਂਦਾ। ਤੂਰ ਸਾਹਿਬ ਬੜਾ ਭਾਵੁਕ ਹੋ ਕੇ ਲਿਖਦੇ ਨੇ ਵਿਆਹਾਂ 'ਤੇ ਜਦੋਂ ਅਸੀਂ ਪਲੇਟਾਂ ਵਿਚ ਖਾਣਾ ਖਾ ਰਹੇ ਹੁੰਦੇ ਹਾਂ ਤਾਂ ਉਸੇ ਪਲੇਟ ਵਿਚ ਕਿਸੇ ਬੇਵੱਸ ਧੀ ਦੇ ਹੰਝੂ ਤੇ ਕਿਸੇ ਅਭਾਗੇ ਬਾਬਲ ਦਾ ਪਸੀਨਾ ਪਹਿਲਾਂ ਹੀ ਮੌਜੂਦ ਹੁੰਦਾ ਹੈ। ਪ੍ਰੀ-ਵੈਡਿੰਗ ਸ਼ੂਟ ਨਾਂ ਦੀ ਰਸਮ ਨੇ ਤਾਂ ਵਿਆਹ ਦੀ ਉਪਚਾਰਕਤਾ ਹੀ ਖਤਮ ਕਰ ਦਿੱਤੀ ਹੈ। ਉਹ ਆਖਦੇ ਨੇ ਕਿ ਬੜੀ ਕਮਾਲ ਹੁਣ ਵਿਆਹਾਂ ਵਿਚ ਸਾਡਾ ਵਿਹਾਰ ਤੇ ਵਿਚਰਨ ਚੋਣ ਡਿਊਟੀ ਸਬੰਧੀ ਹੋ ਰਹੀ ਰਿਹਰਸਲ ਜਿਹਾ ਹੁੰਦਾ ਹੈ। ਭਾਈ ਲਾਲੋ ਦੇ ਵਾਰਸ ਹੁਣ ਸਲਾਦ ਦੀਆਂ ਵੰਨਗੀਆਂ ਵਿਚ ਵਹਿ ਗਏ ਹਨ। ਰਾਤ ਸਮੇਂ ਗਿਲਾਸਾਂ ਵਿਚ ਭਰ ਭਰ ਕੇ ਸ਼ਰਾਬਾਂ ਪੀਂਦੇ ਤੇ ਡੀਜੇ 'ਤੇ ਨੱਚਦੇ ਪੰਜਾਬੀ ਆਂਢ-ਗੁਆਂਢ ਦੀਆਂ ਰਾਤਾਂ ਦੀ ਨੀਂਦ ਵੀ ਹਰਾਮ ਕਰ ਰਹੇ ਹਨ। ਗੁਰਪ੍ਰੀਤ ਸਿੰਘ ਤੂਰ ਇਹ ਸਭ ਕਾਸੇ 'ਤੇ ਆਪਣੀ ਫਿਕਰਮੰਦੀ ਜ਼ਾਹਰ ਕਰਦਾ ਪੰਜਾਬੀਆਂ ਨੂੰ ਇਸ ਬਾਰੇ ਸੁਚੇਤ ਹੋਣ ਲਈ ਪ੍ਰੇਰਦਾ ਹੈ।

ਇਸ ਪੁਸਤਕ ਵਿਚ ਖੇਤੀ ਖੇਤਰ ਵਿਚ ਹੋ ਰਹੇ ਬੇਲੋੜੇ ਖਰਚਿਆਂ ਬਾਰੇ ਵੀ ਫਿਕਰਮੰਦੀ ਜ਼ਾਹਿਰ ਕੀਤੀ ਗਈ ਹੈ। ਡਾ. ਰਜਿੰਦਰ ਸਿੰਘ ਸਿੱਧੂ ਨੇ ਸਹਿਕਾਰੀ ਸੁਸਾਇਟੀਆਂ ਰਾਹੀਂ ਖੇਤੀ ਖਰਚਿਆਂ ਨੂੰ ਸੀਮਤ ਕੀਤੇ ਜਾਣ ਬਾਰੇ ਪਾਏਦਾਰ ਗੱਲਾਂ ਕੀਤੀਆਂ ਹਨ। ਸਹਿਕਾਰੀ ਸਭਾ ਹੰਬੜਾਂ, ਕੋਆਪ੍ਰੇਟਿਵ ਸੁਸਾਇਟੀ ਪਿੰਡ ਜਲਾਲਦੀਵਾਲ ਤੇ ਹੋਰ ਸੁਸਾਇਟੀਆਂ ਦੀਆਂ ਉਦਾਹਰਨਾਂ ਦੇ ਕੇ ਉਸ ਨੇ ਛੋਟੇ ਕਿਸਾਨਾਂ ਨੂੰ ਮਹਿੰਗੀ ਮਸ਼ੀਨਰੀ ਮੁੱਲ ਲੈਣ ਦੀ ਥਾਂ ਸੁਸਾਇਟੀਆਂ ਦੇ ਸੰਦਾਂ ਦੀ ਵਰਤੋਂ ਕਰਨ ਦੀ ਗੱਲ ਕੀਤੀ ਹੈ। ਸੁਰਿੰਦਰ ਸਿੰਘ ਕੁਕਲ ਨੇ ਪਾਣੀ ਦੀ ਲਾਪਰਵਾਹੀ ਨਾਲ ਕੀਤੀ ਜਾ ਰਹੀ ਦੁਰਵਰਤੋਂ ਤੋਂ ਪੰਜਾਬੀਆਂ ਨੂੰ ਸੁਚੇਤ ਕੀਤਾ ਹੈ। ਇੰਜੀਨੀਅਰ ਨਰਿੰਦਰ ਕੁਮਾਰ ਸ਼ਰਮਾ ਨੇ ਬਿਜਲੀ ਦੀ ਮਹੱਤਤਾ ਤੇ ਖਪਤ ਨੂੰ ਘਟਾਉਣ ਸਬੰਧੀ ਬੜੇ ਮੁੱਲਦਾਰ ਵਿਚਾਰ ਰੱਖੇ ਹਨ। ਪੁਸਤਕ ਵਿਚ ਬੈਂਕ ਕਰਜ਼ਿਆਂ ਦੀ ਲਾਪਰਵਾਹੀ ਨਾਲ ਵਰਤੋਂ ਨਾ ਕਰਨ ਸੰਬੰਧੀ ਵੀ ਜਾਗਰੂਕ ਕੀਤਾ ਗਿਆ ਹੈ। ਪੁਸਤਕ 'ਚ ਮਹਿਲਾਂ ਵਰਗੇ ਵਿਸ਼ਾਲ ਮਕਾਨ ਉਸਾਰ ਕੇ ਫੋਕੀ ਦਿਖਾਵੇਬਾਜ਼ੀ ਤੋਂ ਪਾਸਾ ਵੱਟਣ ਬਾਰੇ ਵੀ ਇਸ਼ਾਰਾ ਕੀਤਾ ਗਿਆ ਹੈ, ਫੁਕਰੇ ਪੰਥੀ ਵਿਚ ਮਹਿੰਗੀਆਂ ਮਹਿੰਗੀਆਂ ਮੋਟਰ ਗੱਡੀਆਂ ਖਰੀਦ ਕੇ ਘੂੰ ਘੂੰ ਕਰਾਉਣ ਦੀ ਵੀ ਚਰਚਾ ਕੀਤੀ ਗਈ ਹੈ, ਅਣਅਧਿਕਾਰਤ ਤੌਰ 'ਤੇ ਡੌਂਕੀ ਲਾ ਕੇ ਪ੍ਰਦੇਸਾਂ ਵੱਲ ਤੁਰੇ ਜਾਂਦੇ ਪੰਜਾਬੀਆਂ ਦਾ ਵੀ ਜ਼ਿਕਰ ਹੈ ਤੇ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਨੂੰ ਲੱਗੇ ਘੁਣ ਦਾ ਵੀ ਦਰਦ ਬਿਆਨ ਕੀਤਾ ਗਿਆ ਹੈ। ਪੇਂਡੂ ਖੇਡ ਮੇਲਿਆਂ ਵਿਚ ਕੀਤੇ ਜਾ ਰਹੇ ਅਥਾਹ ਖਰਚਿਆਂ ਦੀ ਗੱਲ ਹੈ। ਖੇਡ ਮੇਲੇ ਜੋ ਕਿਸੇ ਸਮੇਂ ਭਾਈਚਾਰਕ ਸਾਂਝ ਦੇ ਪ੍ਰਤੀਕ ਸਨ ਤੇ ਜੋ ਹੁਣ ਨਸ਼ਿਆਂ ਤੇ ਪਾਰਟੀਬਾਜ਼ੀ ਦਾ ਸ਼ਿਕਾਰ ਹੋ ਗਏ ਹਨ। ਗੁਰਪ੍ਰੀਤ ਸਿੰਘ ਤੂਰ ਦੁੱਖ ਜ਼ਾਹਰ ਕਰਦਾ ਹੈ ਕਿ ਅਸੀਂ ਮਾਂ ਖੇਡ ਕਬੱਡੀ ਦੇ ਮੱਥੇ 'ਤੇ ਕਲੰਕ ਲਾ ਦਿੱਤਾ ਹੈ। ਅਜਿਹੇ ਖੇਡ ਮੇਲਿਆਂ ਦੌਰਾਨ ਮੋਟਰਾਂ ਤੇ ਕੰਧਾਂ ਕੋਲਿਆਂ, ਖੇਤਾਂ 'ਚੋਂ ਮਿਲ ਰਹੀਆਂ ਟੀਕਿਆਂ ਦੀਆਂ ਸਰਿੰਜਾਂ ਨੌਜਵਾਨੀ ਵਿਚ ਨਸ਼ਿਆਂ ਦੀ ਵਧ ਰਹੀ ਵਰਤੋਂ ਵੱਲ ਇਸ਼ਾਰਾ ਕਰਦੀਆਂ ਹਨ। ਟੋਚਨ ਮੁਕਾਬਲੇ ਤੇ ਇਸ ਤਰ੍ਹਾਂ ਦੀਆਂ ਹੋਰ ਫੁਕਰੇਬਾਜ਼ੀ ਵਾਲੀਆਂ ਖੇਡਾਂ ਦਾ ਪ੍ਰਚਾਰ ਪ੍ਰਸਾਰ ਪੰਜਾਬੀਆਂ ਨੂੰ ਰਸਾਤਲ ਵੱਲ ਲੈ ਕੇ ਜਾ ਰਿਹਾ ਹੈ।

ਇਸ ਤਰ੍ਹਾਂ ਇਹ ਪੁਸਤਕ ਅਜੋਕੇ ਪੰਜਾਬ ਦੀਆਂ ਬਹੁਤ ਹੀ ਮਹੱਤਵਪੂਰਨ ਸਮੱਸਿਆਵਾਂ 'ਤੇ ਉਂਗਲ ਧਰਦੀਆਂ ਪੰਜਾਬੀਆਂ ਨੂੰ ਆਪਣਾ ਰਵੱਈਆ ਬਦਲ ਕੇ ਸੋਚਣ, ਵਿਚਾਰਨ ਤੇ ਸਮੇਂ ਦੇ ਹਾਣੀ ਬਣਨ ਲਈ ਹਲੂਣਾ ਦੇਣ ਵਾਲੀ ਹੈ। ਗੁਰਪ੍ਰੀਤ ਸਿੰਘ ਤੂਰ ਅਤੇ ਮਿੱਤਰ ਪਿਆਰੇ ਬਲਵੰਤ ਸਿੰਘ ਸੰਧੂ ਦਾ ਇਹ ਯਤਨ ਬੜਾ ਸਾਰਥਿਕ ਅਤੇ ਅਹਿਮ ਹੈ।

---

# "ਮੱਝਾਂ ਮਚੀਆਂ ਅੱਗ ਦੀ ਲਾਟ ਵਾਂਗੂੰ"

## ਵਿਅੰਗ

ਜਦੋਂ ਦਾ ਗੋਕਿਆਂ ਦਾ ਗੁਣਗਾਣ ਸ਼ੁਰੂ ਹੋਇਐ, ਸਾਡੀਆਂ ਮੱਝਾਂ ਨੇ 'ਦੁਧ ਛੋੜ ਹੜਤਾਲ' ਕਰ ਦਿੱਤੀ ਹੈ। ਤੁਸੀਂ ਕਹੋਗੇ ਕਿ 'ਕਲਮ ਛੋੜ ਹੜਤਾਲ' ਤਾਂ ਸੁਣੀ ਸੀ, ਭਲਾ ਇਹ ਨਵੀਂ ਕਿਸਮ ਦੀ ਹੜਤਾਲ ਕਿਧਰੋਂ ਟਪਕ ਪਈ? ਸੱਜਣੋਂ! (ਤੇ ਸੱਜਣੀਓਂ!), ਕਲਮ ਛੋੜ ਹੜਤਾਲ ਤਾਂ ਓਹੀ ਕਰੂ ਜਿਹਨੂੰ ਕਲਮ ਚਲਾਉਣੀ ਆਉਂਦੀ ਹੋਊ। ਮੱਝਾਂ ਦਾ ਕਲਮ ਨਾਲ ਰਿਸ਼ਤਾ ਉਨਾ ਕੁ ਹੀ ਹੈ ਜਿਨਾ ਮੱਛੀ ਦਾ ਸੁੱਕੀ ਮਿੱਟੀ ਨਾਲ। ਜਿਸ ਪ੍ਰਜਾਤੀ ਬਾਰੇ ਮੁਹਾਵਰਾ ਹੀ ਹੈ 'ਕਾਲਾ ਅੱਖਰ ਭੈਂਸ ਬਰਾਬਰ', ਉਸ ਨੇ ਭਲਾ ਕਲਮ ਤੋਂ ਦਾਣੇ ਲੈਣੇ ਐਂ। ਸੋ, ਮੱਝਾਂ ਨੇ ਮਿਲਣਾ ਬੰਦ ਕਰਤਾ। ਉਹ ਸਾਡੇ ਵੱਲ ਭੂਸਰੇ ਝੋਟੇ ਵਾਂਗ ਦੇਖਦੀਆਂ ਹਨ। ਬਸ ਮੱਚੀਆਂ ਪਈਆਂ ਹਨ ਅੱਗ ਦੀ ਲਾਟ ਵਾਂਗੂੰ। ਬਰੂ ਖਾਧੇ ਮਹੇਂ ਬਣੀਆਂ ਬੈਠੀਆਂ ਹਨ। ਗੋਕੇ ਦੇ ਗੋਗੇ ਗਾਣ ਨੂੰ ਉਹ ਮਹਿਰੂ-ਪ੍ਰਜਾਤੀ ਦਾ ਘੋਰ ਅਪਮਾਨ ਸਮਝਦੀਆਂ ਹਨ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸਾਡੇ ਐਧਰ ਗਊਆਂ ਨਾਲੋਂ ਮੱਝਾਂ ਵਧੇਰੇ ਪਾਲੀਆਂ ਜਾਂਦੀਆਂ ਹਨ। ਅਸੀਂ ਆਪ ਵੀ ਮੱਝਾਂ ਦਾ ਦੁੱਧ ਪੀ ਪੀ ਕੇ ਵੱਡੇ ਹੋਏ ਹਾਂ। ਕਾੜ੍ਹਨੀ 'ਚ ਕੜ੍ਹ-ਕੜ੍ਹ ਤਾਂਬੇ-ਰੰਗੇ ਦੁੱਧ ਦੀ ਮਲਾਈ, ਚਾਟੀ 'ਚ ਰਿੜਕੀ ਲੱਸੀ, ਮੱਖਣ, ਅਧਰਿੜਕਾ ਆਦਿ ਦਾ ਅਨੰਦ ਮਾਣਦੇ ਰਹੇ ਹਾਂ। ਮੱਝਾਂ ਚਾਰਦੇ ਵੀ ਰਹੇ ਹਾਂ ਤੇ ਛੋਟੇ ਹੁੰਦੇ ਮੱਝ ਦੀ ਪੂਛ ਫੜ ਕੇ ਛੱਪੜ ਵਿਚ ਨਹਾਉਂਦੇ ਵੀ ਰਹੇ ਹਾਂ।

ਮੁਰਾਹ ਨਸਲ ਦੀਆਂ ਮੱਝਾਂ ਤਾਂ ਵਿਸ਼ਵ ਭਰ ਵਿਚ ਪ੍ਰਸਿੱਧ ਹਨ। ਸਾਡੀ ਪੰਜ-ਕਲਿਆਣੀ ਮੱਝ (ਜਿਸ ਦੇ ਮੱਥੇ ਅਤੇ ਪੈਰਾਂ ਵਿਚ ਫੁੱਲ ਹੋਣ) ਤਾਂ ਇਹ ਸਭ ਕੁਝ ਸੁਣ ਕੇ ਤੀਂਗੜ ਗਈ ਅਤੇ ਮਿਲਣੋਂ/ਦੁੱਧ ਦੇਣੋਂ ਹੀ ਇਨਕਾਰੀ ਹੋ ਗਈ। ਜਦ ਅਸੀਂ ਉਸ ਨੂੰ ਚੋਣ ਬੈਠੇ ਤਾਂ ਉਸ ਨੇ ਅੜੰਬਦਿਆਂ ਪਿਛਲੀਆਂ ਦੋਵੇਂ ਲੱਤਾਂ ਮਾਰ-ਮਾਰ ਸਾਡਾ ਬੁਝਾਤਾ ਭੰਨ ਦਿਤਾ। ਉਸ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਅਸੀਂ ਦੁੱਧ ਤਾਂ ਉਸ ਦਾ ਪੀਂਦੇ ਹਾਂ ਪਰ ਕਸੀਦੇ ਗੋਕਿਆਂ ਦੇ ਪੜ੍ਹਦੇ ਹਾਂ।

ਇਥੇ ਸਾਨੂੰ ਇਕ ਮਜ਼ਾਹੀਆ ਪੋਸਟ ਚੇਤੇ ਆ ਗਈ-'ਮੱਝ ਦੀ ਦੁਖਭਰੀ ਕਹਾਣੀ'।

ਇਸ ਵਿਚ ਵਿਤਕਰੇ ਤੋਂ ਪੀੜਤ ਮੱਝ ਕੁਝ ਇਸ ਤਰ੍ਹਾਂ ਕਹਿੰਦੀ ਹੈ-"ਬੱਚਾ ਜਦ ਥੋੜ੍ਹਾ ਵੱਡਾ ਹੁੰਦਾ ਤਾਂ ਦੁੱਧ ਮੇਰਾ ਪੀਂਦਾ, ਉਹ ਵੀ ਬੋਰਨਵੀਟਾ ਪਾ ਕੇ। ਪਰ ਨਿਬੰਧ ਲਿਖਣ ਲਈ ਗਾਂ, ਹਾਥੀ ਜਾਂ ਕੁੱਤਾ? ਜੇ ਬੱਚਾ ਲਿਖ ਨਹੀਂ ਸਕਦਾ ਤਾਂ ਕਹਿੰਦੇ-ਕਾਲਾ ਅੱਖਰ ਭੈਂਸ ਬਰਾਬਰ; ਕੀ ਦੂਜੇ ਜਾਨਵਰ ਪੋਸਟ ਗਰੈਜੂਏਟ ਹਨ? ਕੋਈ ਗ਼ਲਤੀ ਕਰੇ ਤਾਂ ਲੋਕ ਕਹਿਣਗੇ-ਗਈ ਭੈਂਸ ਪਾਨੀ ਮੇਂ, ਭਲਾ ਬਾਕੀ ਜਾਨਵਰ ਕੀ ਕੋਕਾ ਕੋਲਾ 'ਚ ਜਾਂਦੇ ਹਨ? ਗੋਕੇ ਤਾਂ ਪਾਣੀ ਤੋਂ ਐਂ ਡਰਦੇ ਹਨ ਜਿਦਾਂ ਸਾਹਨ ਲਾਲ ਕੱਪੜੇ ਤੋਂ। ਇਹ ਤਾਂ ਮਹਿਰੂ ਹੀ ਹਨ ਜੋ ਪਾਣੀ ਨੂੰ ਦੇਖ ਕੇ ਮਚਲਦੇ ਹਨ। ਫਿਰ ਜੇ ਕੋਈ ਨਾ ਸੁਣੇ ਤਾਂ ਕਹਿਣਗੇ-ਭੈਂਸ ਅੱਗੇ ਬੀਨ ਵਜਾਉਣਾ; ਬਾਕੀਆਂ ਅੱਗੇ ਕੀ ਲਤਾ ਮੰਗੇਸ਼ਕਰ ਦਾ ਗਾਣਾ ਵਜਾਉਂਦੇ ਹਨ? ਅਸੀਂ ਮੱਝਾਂ ਨੇ ਤੁਹਾਡਾ ਕੀ ਵਿਗਾੜਿਆ ਕਿ ਸਾਡੇ ਲਈ ਮੱਝ ਵਰਗੀ ਮੋਟੀ ਅਤੇ ਸਾਡੇ 'ਪਤੀ-ਪ੍ਰਮੇਸ਼ਰਾਂ' ਲਈ 'ਮਹੇਂ' ਵਾਂਗ ਮਾਸ ਚੜ੍ਹਿਆ', 'ਝੋਟਾ ਜਿਹਾ' ਅਤੇ 'ਭੂਸਰਿਆ/ਬਰੂ ਖਾਧਾ ਝੋਟਾ' ਵਰਗੇ ਨਾਂਹ-ਵਾਚੀ ਵਿਸ਼ੇਸ਼ਣ ਵਰਤੇ ਜਾਂਦੇ ਹਨ?

ਜਨੌਰੀ ਵਿਤਕਰੇ ਤੋਂ ਗੱਲ ਲਿੰਗੀ (ਜੈਂਡਰ) ਵਿਤਕਰੇ ਤਕ ਅੱਪੜ ਗਈ। ਬਲਦਾਂ/ਬੈਲਾਂ ਨੂੰ ਬੜਾ ਇਤਰਾਜ਼ ਹੋਇਆ ਕਿ 'ਮਾਦਾ-ਪ੍ਰਧਾਨ ਪਸ਼ੂ-ਸਮਾਜ' ਵਿਚ 'ਨਰ ਨਸਲ' ਨਾਲ ਦੁਜੈਗ ਹੋ ਰਹੀ ਹੈ। ਇਹ ਤਾਂ ਮਾਦਾ-ਮਾਨਸਿਕਤਾ ਦੀ ਸੰਕੀਰਨਤਾ ਦਾ ਪ੍ਰਤੀਕ ਹੋਈ। ਗੁੱਸੇ ਵਿਚ ਆਏ ਬਲਦਾਂ ਨੇ 'ਹਲ-ਛੋੜ' ਹੜਤਾਲ ਕਰ ਦਿੱਤੀ। ਜੇ ਕਿਸੇ ਨੇ ਕੁਝ ਸਖ਼ਤੀ ਕਰਨੀ ਚਾਹੀ ਤਾਂ ਉਹ ਸਿੰਗੋ-ਸਿੰਗੀ ਹੋ ਪਏ। ਚਾਰੇ ਪਾਸੇ ਬਾਂ-ਬਾਂ ਹੋਣ ਲੱਗ ਪਈ। ਸੰਢੇ/ਮੈਂਹੇਂ ਵੀ ਖਰੂਦ ਕਰਨ ਲੱਗ ਪਏ। ਬਸ ਇਉਂ ਸਮਝੋ ਕਿ 'ਕੁੰਢੀਆਂ ਦੇ ਸਿੰਗ ਫਸ ਪਏ ਕੋਈ ਨਿੱਤਰੂ ਵੜੇਵੇਂ ਖਾਣੀ'। ਸਾਹਨਾਂ ਦੇ ਭੇੜ 'ਚ ਭਲਾ ਕੌਣ ਪੰਗਾ ਲਵੇ?

ਉਂਝ ਗਊ ਹੁੰਦੀ ਤਾਂ ਭੋਲੀ ਭਾਲੀ ਐ ਪਰ ਸਾਡੇ ਸਿਆਸਤਦਾਨਾਂ ਨੇ ਇਸ ਮਾਸੂਮ ਦਾ ਵੀ ਸਿਆਸੀਕਰਨ ਕਰ ਦਿੱਤੈ। ਹਾਂ, ਸਾਡੇ ਤਾਂ ਇਧਰ ਬਹੁਤੇ ਲੋਕ ਗਊ ਨੂੰ ਮਾਤਾ ਮੰਨ ਕੇ ਪੂਜਦੇ ਹਨ।

ਗਊ ਬਾਰੇ ਕਈ ਮੁਹਾਵਰੇ/ਅਖਾਣ ਵੀ ਹਨ-ਗਊ ਦਾ ਜਾਇਆ, ਗਊ-ਗਰੀਬ ਦੀ ਰੱਖਿਆ ਕਰਨੀ, ਗਊ ਹੋਣਾ, ਅਖੇ ਬੜ੍ਹਕ ਕਿਉਂ ਮਾਰਦੈਂ? ਕਿਉਂਕਿ ਅਸੀਂ ਸਾਹਨ ਹੁੰਦੇ ਹਾਂ। ਫਿਰ ਮੋਕ ਕਿਉਂ ਮਾਰਦੈਂ? ਕਿਉਂਕਿ ਅਸੀਂ ਗਊ ਦੇ ਜਾਏ ਹੁੰਦੇ ਹਾਂ!

ਸ਼ਬਦ-ਵਿਗਿਆਨ ਅਨੁਸਾਰ ਪਹਿਲੇ ਪਹਿਲ ਇਹ ਸ਼ਬਦ ਸਾਰੇ ਗੋਕਿਆਂ ਲਈ ਵਰਤਿਆ ਜਾਂਦਾ ਸੀ ਪਰ ਫਿਰ ਇਸ ਨੂੰ ਸਿਰਫ ਮਾਦਾ ਲਈ ਵਰਤਿਆ ਜਾਣ ਲੱਗ ਪਿਆ। ਮਹਾਨਕੋਸ਼ ਅਨੁਸਾਰ ਗਊ ਸੰਸਕ੍ਰਿਤ ਦੇ 'ਗੋ/ਗੌ' ਮੂਲ ਤੋਂ ਪੈਦਾ ਹੋਇਆ ਹੈ। ਸੰਗਯਾ ਵਜੋਂ ਇਸ ਦਾ ਅਰਥ 'ਬੈਲ' ਕੀਤਾ ਗਿਆ ਹੈ। ਮਦੀਨ ਲਈ ਸ਼ਬਦ 'ਗਾਂ' ਵਰਤਿਆ ਗਿਆ ਹੈ। ਭਾਵਾਤਮਕ ਤੌਰ 'ਤੇ ਇਸ ਦਾ ਅਰਥ ਗਰੀਬ, ਨਿਮਰਤਾ ਵਾਲਾ ਕੀਤਾ ਗਿਆ ਹੈ-'ਗਊ ਕਉ ਚਾਰੇ ਸਾਰਦੂਲੁ'॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 898)।

ਮੱਝ ਸ਼ਬਦ ਬਾਰੇ ਵਿਕੀਪੀਡੀਆ ਵਿਚ ਦੱਸਿਆ ਗਿਐ ਕਿ ਪਾਣੀ ਵਾਲੀ ਮੱਝ (ਬੁਬਲਸ ਬੁਬਲਿਸ) ਜਾਂ ਘਰੇਲੂ ਪਾਣੀ ਦੀਆਂ ਮੱਝਾਂ ਇੱਕ ਵਿਸ਼ਾਲ 'ਬੋਵਿਡ' ਹੈ ਜੋ ਭਾਰਤੀ ਉਪ ਮਹਾਂਦੀਪ, ਦੱਖਣ-ਪੂਰਬੀ ਏਸ਼ੀਆ ਅਤੇ ਚੀਨ ਵਿਚ ਪੈਦਾ ਹੁੰਦਾ ਹੈ। ਅੱਜ ਇਹ ਯੂਰਪ, ਆਸਟਰੇਲੀਆ, ਉੱਤਰੀ ਤੇ ਦੱਖਣੀ ਅਮਰੀਕਾ ਅਤੇ ਕੁਝ ਅਫਰੀਕੀ ਦੇਸ਼ਾਂ ਵਿਚ ਵੀ ਪਾਇਆਂ ਜਾਂਦੈ।

ਮੁਹਾਵਰੇ/ਅਖਾਣ ਤਾਂ ਮੱਝਾਂ ਬਾਰੇ ਵੀ ਬਥੇਰੇ ਹਨ-ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ ਲਿੱਦ ਚੁੱਕਣੀ ਪਈ; ਜਿਸ ਦੀ ਲਾਠੀ ਉਸ ਦੀ ਮੱਝ, ਮੱਝ ਫਿਰੇ ਠਕੇ ਦੀ ਮਾਰੀ, ਮਾਹੀ ਚੁੰਘਾਟ; ਸ਼ਰੀਕ ਦੀ ਮੱਝ ਜਾਣੀ ਚਾਹੀਦੀ ਐ, ਸੰਗਲ ਭਾਵੇਂ ਸਾਡਾ ਚਲੇ ਜਾਏ; ਕੱਟਾ ਕੱਟੀ ਕਢਣਾ, ਕੱਟੇ ਕਦੀ ਨਾ ਚੁੰਘਣ ਵੱਟੇ, ਨਾ ਕੱਟਾ ਨਾ ਵੱਛੀ, ਨੀਂਦ ਆਵੇ ਅੱਛੀ; ਮੈਂਹ ਨਾ ਮਿਲੇ ਤਾਂ ਕੱਟੇ ਦੀਆਂ ਲੱਤਾਂ ਨਹੀਂ ਭੰਨਣੀਆਂ ਚਾਹੀਦੀਆਂ, ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ ਆਦਿ।

1960 ਦੀ ਪੰਜਾਬੀ ਫਿਲਮ 'ਦੋ ਲੱਛੀਆਂ' ਵਿਚ ਇੱਕ ਬੜਾ ਈ ਮਜ਼ਾਹੀਆ ਗੀਤ ਹੈ- "ਓਏ ਮੈਂਹ ਗਾਂ ਵਾਲਿਆ, ਓਏ ਵੱਡੇ ਨਾਂ ਵਾਲਿਆ/ਬਾਰਾਂ ਪੈਸੇ ਨਵੇਂ ਨਵੇਂ ਜਾਂ ਦੁਆਨੀ ਮੈਨੂੰ ਦੇ। /ਦੁਆਨੀ ਨਹੀਂ ਦੇਵੇਂਗਾ ਤੇ ਬਦ-ਦੁਆਵਾਂ ਦੇਵਾਂਗਾ/ਬਦ-ਦੁਆਵਾਂ ਦੇਵਾਂਗਾ ਤੇ ਤਾਪ ਚੜ੍ਹ ਜਾਏਗਾ/ਤਾਪ ਚੜ੍ਹ ਜਾਏਗਾ ਤੇ ਸਾਹ ਨਹੀਓਂ ਆਏਗਾ/ ਸਾਹ ਨਹੀਓਂ ਆਏਗਾ ਤੇ ਦੁੱਧ ਕੌਣ ਚੋਏਗਾ/ਦੁੱਧ ਕੌਣ ਚੋਏਗਾ ਤੇ ਦੁੱਧ ਸੁਕ ਜਾਏਗਾ...ਬਾਰਾਂ ਪੈਸੇ ਨਹੀਂ ਦੇਣੇ ਪੰਜ ਪੈਸੇ ਈ ਚਾ ਦੇ/ ਪੰਜ ਪੈਸੇ ਨਹੀਂ ਦੇਵੇਂਗਾ ਤਾਂ ਮੱਝ ਮਰ ਜਾਏਗੀ/ਮੱਝ ਮਰ ਜਾਏਗੀ ਤਾਂ ਭੂਤ ਬਣ ਆਏਗੀ/ਭੂਤ ਬਣ ਆਏਗੀ ਤੇ ਤੈਨੂੰ ਉਹ ਡਰਾਏਗੀ/ ਤੈਨੂੰ ਉਹ ਡਰਾਏਗੀ ਤੇ ਸਿੰਗਾਂ 'ਚ ਫਸਾਏਗੀ/ਸਿੰਗਾਂ 'ਚ ਫਸਾਏਗੀ ਤਾਂ ਹੱਡੀਆਂ ਤੂੰ ਤੁੜਾਏਂਗਾ...ਹਕੀਮ ਨੂੰ ਬੁਲਾਏਂਗਾ...ਤੇ ਸੈਂਕੜੇ ਤੂੰ ਲਾਏਂਗਾ/ਇਹਦੇ ਨਾਲੋਂ ਚੰਗਾ ਈ ਪੰਜ ਪੈਸੇ ਮੈਨੂੰ ਦੇ..."। ਜਦ ਮੱਖੀ ਚੂਸ ਬੰਦਾ ਇੱਕ ਪੈਸਾ ਵੀ ਨਹੀਂ ਦਿੰਦਾ ਤਾਂ ਆਖਿਰ 'ਚ ਗਾਉਣ ਵਾਲਾ ਬਦ-ਦੁਆ ਦਿੰਦਾ ਹੈ-'ਸਾਨੂੰ ਕੁਛ ਵੀ ਨਹੀਂ ਦਿਤਾ ਤੇਰਾ ਕੱਖ ਨਾ ਰੁਵੇ'!

ਖੈਰ, 'ਭੈਂਸ ਕੀ ਪੂਛ' ਛੱਡਦੇ ਹਾਂ ਅਤੇ 1970 ਦੀ ਇੱਕ ਹਿੰਦੀ ਫਿਲਮ 'ਪਗਲਾ ਕਹੀਂ ਕਾ' ਦਾ ਇੱਕ ਹੋਰ ਮਜ਼ਾਹੀਆ ਗੀਤ ਸੁਣਾਉਂਦੇ ਹਾਂ-

"ਮੇਰੀ ਭੈਂਸ ਕੋ ਡੰਡਾ ਕਿਉਂ ਮਾਰਾ?
ਵੋਹ ਖੇਤ ਮੇਂ ਚਾਰਾ ਚਰਤੀ ਥੀ
ਤੇਰੇ ਬਾਪ ਕਾ ਵੋਹ ਕਯਾ ਕਰਤੀ ਥੀ...
ਵੋਹ ਲੱਡੂ ਪੇੜੇ ਖਾਤੀ ਹੈ
ਵੋਹ ਪੇੜ ਪੇ ਚੜ੍ਹ ਜਾਤੀ ਹੈ
ਜਬ ਮੱਛਰ ਬੀਨ ਬਜਾਤੇ ਹੈਂ
ਵੋਹ ਅਪਨਾ ਗਾਨਾ ਗਾਤੀ ਹੈ
ਵੋਹ ਠੁਮਕ ਠੁਮਕ ਨਾਚੇ ਜਬ
ਮੈਂ ਦਿਲ ਕਾ ਬਜਾਊਂ ਇਕਤਾਰਾ...

# ਆਤਮ-ਵਿਸ਼ਵਾਸ

ਆਤਮ-ਵਿਸ਼ਵਾਸ ਬਿਨਾ ਬੰਦਾ ਅਧੂਰਾ ਹੈ, ਇਹ ਜ਼ਿੰਦਗੀ ਦੀ ਚਾਲ ਨੂੰ ਸਥਿਰ ਰੱਖਣ ਲਈ ਬਹੁਤ ਜ਼ਰੂਰੀ ਹੈ। ਆਪਣੇ ਮਨ ਦੀ ਸੋਚ ਨੂੰ ਕਿਸੇ ਠੋਸ ਅਧਾਰ 'ਤੇ ਬਰਕਰਾਰ ਰੱਖਣ ਲਈ, ਸਮੇਂ ਅਨੁਸਾਰ ਕੀਤੇ ਫੈਸਲਿਆਂ ਦੇ ਸਿਰੇ ਚੜ੍ਹਨ ਲਈ ਅਤੇ ਜ਼ਿੰਦਗੀ ਦੀ ਗੱਡੀ ਨੂੰ ਲੀਹੇ ਰੱਖਣ ਲਈ ਆਤਮ-ਭਰੋਸਾ ਜਾਂ ਕਹਿ ਲਓ ਆਤਮ-ਵਿਸ਼ਵਾਸ ਹੋਣਾ ਸਹਾਈ ਹੁੰਦਾ ਹੈ। ਥਿੜਕਦਾ ਮਨ ਕਿਸੇ ਸਿਰੇ ਨਹੀਂ ਲੱਗਣ ਦਏਗਾ, ਭੰਬਲ਼ ਭੂਸੇ 'ਚ ਪਾਈ ਰੱਖੇਗਾ।

ਮੈਨੂੰ ਯਾਦ ਹੈ, ਮੈਂ ਛੇਵੀਂ ਜਮਾਤ 'ਚ ਪੜ੍ਹਦਾ ਸੀ। ਹਿੰਦੀ ਪੜ੍ਹਾਉਣ ਵਾਲੇ ਮਾਸਟਰ (ਟੀਚਰ) ਨੇ ਕਹਿਣਾ ਕਿ ਪੰਜਾਬੀ ਵੀ ਕੋਈ ਭਾਸ਼ਾ ਹੈ! ਇਹ ਅਨਪੜ੍ਹ ਪੇਂਡੂਆਂ ਦੀ ਬੋਲੀ ਹੈ; ਇਸ ਦੀ ਵਿਆਕਰਣ ਵੀ ਚਲਵੀਂ ਹੈ, ਦਰੁਸਤ ਨਹੀਂ। ਕਿਤੇ

**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

'ਬ' ਲਾ ਦਿੰਦੇ ਅਤੇ ਕਿਤੇ 'ਵ' ਕਿਤੇ 'ਨ' ਅਤੇ ਕਿਤੇ 'ਣ'। ਅਜਿਹੀਆਂ ਗੱਲਾਂ ਜਦੋਂ ਰੋਜ਼ ਹੀ ਸੁਣਨ ਨੂੰ ਮਿਲਦੀਆਂ ਰਹਿਣੀਆਂ ਤਾਂ ਸੱਚੀਂ ਮਨ 'ਚ ਪ੍ਰਭਾਵ ਬਣਨ ਲੱਗਾ ਕਿ ਪੰਜਾਬੀ ਭਾਸ਼ਾ ਪਿਛਲੇ ਦਰਜੇ ਦੀ ਭਾਸ਼ਾ ਹੈ। ਉਮਰ ਛੋਟੀ ਸੀ, ਸੋਚਣ ਦਾ ਦਾਇਰਾ ਸੀਮਤ ਹੋਣ ਕਰਕੇ ਹਿੰਦੀ ਮਾਸਟਰ ਦੇ ਅਸਰ ਥੱਲੇ ਲੱਗਣ ਲੱਗ ਪਿਆ ਕਿ ਜੋ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਬੋਲਦੇ ਹਨ ਉਹ ਸੱਚੀਂ ਸੱਭਿਅਕ ਹਨ ਤੇ ਅਸੀਂ ਪੇਂਡੂ ਪੰਜਾਬੀ ਬੋਲਣ ਵਾਲੇ ਅਸੱਭਿਅਕ ਅਤੇ ਪੇਂਡੂ ਗਵਾਰ ਹੀ ਹਾਂ। ਇਹ ਪ੍ਰਭਾਵ ਮਨ 'ਚ ਅਗਲੀਆਂ ਜਮਾਤਾਂ ਤੱਕ ਵੀ ਬਣਿਆ ਰਿਹਾ।

ਹਾਇਰ-ਸੈਕੰਡਰੀ ਸਕੂਲ ਪਾਸ ਕਰਨ ਮਗਰੋਂ ਜਦੋਂ ਡੀ ਏ ਵੀ ਕਾਲਜ ਜਲੰਧਰ (ਪੰਜਾਬ) ਪੜ੍ਹਨ ਲੱਗਾ ਤਾਂ ਮਹਾਸ਼ਾ ਨੁਮਾ ਪ੍ਰਬੰਧਕਾਂ ਦਾ ਵਤੀਰਾ ਹੋਰ ਵੀ ਅਚੰਭੇ ਵਾਲਾ ਲੱਗਿਆ। ਹਿੰਦੀ ਪ੍ਰਸਤ ਪ੍ਰੋਫੈਸਰ ਅਤੇ ਪ੍ਰਬੰਧਕ ਕੋਈ ਅਜਿਹਾ ਮੋਕਾ ਹੱਥੋਂ ਨਾ ਜਾਣ ਦਿੰਦੇ ਜਿਸ ਨਾਲ ਇਹ ਅਹਿਸਾਸ ਪ੍ਰਪੱਕ ਕਰਾਇਆ ਜਾ ਸਕੇ ਕਿ ਸਿੱਖ ਅਤੇ ਹੋਰ ਪੰਜਾਬੀ ਬੋਲਣ ਵਾਲੇ, ਹਿੰਦੀ ਅਤੇ ਅੰਗਰੇਜ਼ੀ ਬੋਲਣ ਵਾਲਿਆਂ ਨਾਲੋਂ ਨਖਿੱਧ ਅਤੇ ਪੇਂਡੂ ਗਵਾਰ ਹਨ। ਜਦੋਂ 1969 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸ਼ੁਰੂ ਹੋਈ ਤਾਂ ਉਸ ਨੇ ਅਜਿਹੇ ਰੁਝਾਨ ਨੂੰ ਠੱਲ੍ਹ ਪਾਉਣ 'ਚ ਅਹਿਮ ਭੂਮਿਕਾ ਨਿਭਾਈ ਅਤੇ ਪੰਜਾਬੀ ਦੇ ਵਕਾਰ ਨੂੰ ਉੱਪਰ ਚੁੱਕਿਆ। ਪਹਿਲਾਂ ਬੜੇ ਸੂਖਮ ਤਰੀਕੇ ਨਾਲ ਪੰਜਾਬੀ ਬੋਲੀ ਪ੍ਰਤੀ ਰਚੀ ਜਾਂਦੀ ਸਾਜ਼ਿਸ਼ ਤੇ ਵਿਤਕਰੇ ਦਾ ਮਨ 'ਚ ਗਹਿਰਾ ਸਵਾਲੀਆ ਚਿੰਨ੍ਹ ਬਣਿਆ ਰਿਹਾ।

ਕੈਨੇਡਾ ਪਹੁੰਚ ਪਹਿਲਾਂ ਪਹਿਲ ਮੈਂ ਇੱਕ ਲੱਕੜ ਮਿੱਲ 'ਚ ਕੰਮ ਕਰਨ ਲੱਗਾ ਤਾਂ ਦੇਖਿਆ ਕਿ ਲੰਚ ਰੂਮ 'ਚ ਪ੍ਰਬੰਧਕਾਂ ਵਲੋਂ ਬਹੁਤ ਮੋਟੇ ਅੱਖ਼ਰਾਂ 'ਚ ਲਿਖ ਕੇ ਇੱਕ ਨੋਟਿਸ ਲਾਇਆ ਹੋਇਆ ਸੀ ਕਿ ਇੱਥੇ ਸਿਰਫ ਅੰਗਰੇਜ਼ੀ ਭਾਸ਼ਾ 'ਚ ਹੀ ਗੱਲ ਕੀਤੀ ਜਾਏ। ਬੜਾ ਅਜੀਬ ਲੱਗਿਆ ਕਿ ਨੱਬੇ ਪ੍ਰਤੀਸ਼ਤ ਕਾਮੇ ਤਾਂ ਪੰਜਾਬੀ ਬੋਲਣ ਵਾਲੇ ਹਨ ਅਤੇ ਅੱਧਿਆਂ ਨੂੰ ਤਾਂ ਅੰਗਰੇਜ਼ੀ ਦਾ ਇੱਲ ਤੇ ਕੁੱਕੜ ਵੀ ਨਹੀਂ ਪਤਾ: ਇੱਥੇ ਇਹ ਹੁਕਮਨਾਮਾ ਕਿਸ ਖੁਸ਼ੀ 'ਚ ਚਾੜ੍ਹਿਆ ਹੋਇਆ ਹੈ? ਲੱਗਿਆ ਕਿ ਇੱਥੇ ਤਾਂ ਮਹਾਸ਼ਿਆਂ ਦੇ ਕਾਲਜ ਨਾਲੋਂ ਵੀ ਸਖਤੀ ਹੈ, ਉਹ ਪੰਜਾਬੀ ਬੋਲਣ ਵਾਲਿਆਂ ਨੂੰ ਨੱਕ ਬੁੱਲ੍ਹ ਤਾਂ ਜਰੂਰ ਚਾੜ੍ਹਦੇ ਸਨ ਪਰ ਪੰਜਾਬੀ ਬੋਲਣ ਤੋਂ ਮਨ੍ਹਾਂ ਨਹੀਂ ਸੀ ਕਰਦੇ। ਇਸ ਨੂੰ ਸਮਝ ਆਉਣ ਨੂੰ ਵੀ ਕਿੰਨਾ ਹੀ ਚਿਰ ਲੱਗਿਆ।

ਮੇਰਾ ਪੋਤਾ ਦੂਸਰੀ ਜਮਾਤ 'ਚ ਪੜ੍ਹਦਾ, ਉਨ੍ਹਾਂ ਦੀ ਕਲਾਸ ਦਾ ਇੱਕ ਦਿਨ ਫੀਲਡ ਟਰਿਪ ਸੀ, ਬੱਚੇ ਸਕੂਲ ਬੱਸ 'ਚ ਬੈਠਣ ਲਈ ਆਪਣੀ ਵਾਰੀ ਉਡੀਕਦੇ ਡਾਰ 'ਚ ਖੜ੍ਹੇ ਸਨ ਤਾਂ ਇੱਕ ਵਿਦਿਆਰਥਣ ਦਾ ਪਿਤਾ ਮੱਲਕ ਦੇ ਕੇ ਕੰਨ 'ਚ ਆ ਕੇ ਕਹਿੰਦਾ ਕਿ ਤੂੰ ਟਰਿੱਪ ਦੌਰਾਨ ਅੰਗਰੇਜ਼ੀ 'ਚ ਹੀ ਗੱਲ ਕਰੀਂ। ਇਹ ਸੁਣ ਮੈਨੂੰ ਉੱਪਰ ਵਾਲੀਆਂ ਬਿਆਨ ਕੀਤੀਆਂ ਘਟਨਾਵਾਂ ਦੀ ਸਾਰੀ ਫਿਲਮ ਇੱਕ ਫੁਰਨੇ 'ਚ ਹੀ ਅੱਖਾਂ ਮੂਹਰੇ ਉਜਾਗਰ ਹੋ ਹੋਈ। ਲੱਗਾ ਕਿ ਮੇਰੀ ਛੇਵੀਂ ਜਮਾਤ ਦੇ ਹਿੰਦੀ ਟੀਚਰ ਦਾ ਭੂਤ ਜਾਂ ਮਹਾਸ਼ਿਆਂ ਦੇ ਸੂਹੀਏ ਇੱਥੇ ਵੀ ਗੁਪਤ ਪਹੁੰਚ ਕੇ ਐਲੀਮੈਂਟਰੀ ਸਕੂਲ ਦੇ ਬੱਚਿਆਂ ਦੇ ਮਾਪਿਆਂ ਦੇ ਕੰਨਾਂ 'ਚ ਫੂਕ ਮਾਰ ਗਏ ਕਿ ਕਿਤੇ ਪੰਜਾਬੀ 'ਚ ਗੱਲ ਨਾ ਕਰ ਬੈਠਿਓ।

ਪਿਛਲੀਆਂ ਸਦੀਆਂ 'ਚ ਯੌਰਪੀਅਨ ਜਿੱਥੇ ਵੀ ਕਿਤੇ ਗਏ, ਚਾਹੇ ਉਹ ਏਸ਼ੀਆ ਸੀ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਅਫਰੀਕਨ ਕੰਟੀਨੈਂਟ ਜਾਂ ਅਸਟਰੇਲੀਆ; ਉਨ੍ਹਾਂ ਪੂਰੇ ਆਤਮ-ਵਿਸ਼ਵਾਸ ਨਾਲ ਆਪੋ ਆਪਣੀ ਮਾਂ ਬੋਲੀ ਦਾ ਰੱਜ ਕੇ ਪਰਚਾਰ ਅਤੇ ਪਸਾਰ ਕਰਿਆ। ਜਿਵੇਂ ਦੱਖਣੀ ਅਮਰੀਕਾ ਦੇ ਆਪਣੇ ਰਾਜ ਭਾਗ ਦੇ ਮੁਲਕਾਂ 'ਚ ਪੁਰਤਗਾਲੀ, ਸਪੈਨਿਸ਼ ਆਦਿ ਭਾਸ਼ਾਵਾਂ ਦੀ ਪਕੜ



ਮਜ਼ਬੂਤ ਕਰੀ। ਉੱਤਰੀ ਅਮਰੀਕਾ 'ਚ ਅੰਗਰੇਜ਼ੀ ਅਤੇ ਫਰਾਂਸੀਸੀ ਭਾਸ਼ਾ ਦਾ ਪਸਾਰ ਹੋਇਆ। ਇਵੇਂ ਹੀ ਅਫਰੀਕਨ ਕੰਟੀਨੈਂਟ ਅਤੇ ਏਸ਼ੀਆ 'ਚ ਵੀ ਅੰਗਰੇਜ਼ੀ, ਪੁਰਤਗਾਲੀ, ਫਰਾਂਸੀਸੀ ਆਦਿ ਭਾਸ਼ਾਵਾਂ ਦਾ ਪਸਾਰ ਹੋਇਆ। ਸਥਾਨਕ ਲੋਕਾਂ 'ਤੇ ਸੈਂਕੜੇ ਸਾਲ ਇਨ੍ਹਾਂ ਭਾਸ਼ਾਵਾਂ ਦੀ ਪਕੜ ਮਜ਼ਬੂਤ ਕਰ ਭਾਵੇਂ ਬਹੁਤੇ ਥਾਈਂ ਉਹ ਆਪਣਾ ਰਾਜ ਭਾਗ ਸਥਾਨਕ ਲੋਕਾਂ ਨੂੰ ਸੌਂਪ ਸਮੇਂ ਸਮੇਂ ਰੁਖ਼ਸਤ ਹੁੰਦੇ ਗਏ ਪਰ ਸਭ ਆਪੋ ਆਪਣੀਆਂ ਭਾਸ਼ਾਵਾਂ ਦੀਆਂ ਜੜ੍ਹਾਂ ਉੱਥੇ ਪਤਾਲ ਤੱਕ ਗੱਡ ਗਏ। ਆਪਣੇ ਰਾਜ ਭਾਗ ਨੂੰ ਸੁਵਿਧਾ ਨਾਲ ਚਲਾਉਣ ਅਤੇ ਲੋਕਾਂ ਦੀ ਨਬਜ਼ ਨੂੰ ਟੋਹਣ ਲਈ ਉਨ੍ਹਾਂ ਸਥਾਨਕ ਭਾਸ਼ਾਵਾਂ ਜ਼ਰੂਰ ਸਿੱਖੀਆਂ ਪਰ ਆਪਣੀ ਮਾਂ ਬੋਲੀ ਨੂੰ ਹਮੇਸ਼ਾਂ ਪਹਿਲੇ ਦਰਜੇ 'ਤੇ ਰੱਖ ਲੋਕਾਂ ਨੂੰ ਗੁਲਾਮੀ ਦੀ ਜਕੜ 'ਚ ਜਕੜੀ ਰੱਖਿਆ।

ਮਨ ਨੂੰ ਤਰੋ-ਤਾਜ਼ਾ ਅਤੇ ਸਰੀਰ ਨੂੰ ਸਿਹਤਮੰਦ ਰੱਖਣ ਦੇ ਮੱਦੇਨਜ਼ਰ ਮੈਂ ਲਗਾਤਾਰ ਵੈਨਕੂਵਰ ਬ੍ਰਿਟਸ਼ ਕੋਲੰਬੀਆ ਦੇ ਗਰਾਊਜ਼ ਪਹਾੜ 'ਤੇ ਹਾਈਕ ਕਰਦਾਂ। ਗਰਮੀਆਂ ਨੂੰ ਗਰਾਊਜ਼ ਗਰਾਈਂਡ ਡੰਡੀ ਰਾਹੀਂ ਥੱਲਿਓਂ ਤੁਰ ਕੇ ਉੱਪਰ ਤੱਕ ਜਾਣਾ, ਜਿਸ ਦੀ ਸਿੱਧੀ ਉਚਾਈ 850 ਮੀਟਰ ਅਤੇ ਵਾਟ ਤਕਰੀਬਨ ਤਿੰਨ ਕਿਲੋਮੀਟਰ ਹੈ। ਇਸੇ ਤਰ੍ਹਾਂ ਹੀ ਸਿਆਲਾਂ ਨੂੰ ਸਨੋ-ਸ਼ੂ ਗਰਾਈਂਡ ਕਰਦਾਂ। ਸਕੇਟਿੰਗ ਪੌਂਡ ਤੋਂ ਸ਼ੁਰੂ ਕਰ ਕੇ ਡੈਮ ਪਹਾੜ ਦੀ ਚੋਟੀ ਤੱਕ ਆਉਣ-ਜਾਣ ਪੰਜ ਕਿਲੋਮੀਟਰ ਹੋ ਜਾਂਦਾ। ਸਿੱਧੀ ਉਚਾਈ 240 ਮੀਟਰ ਹੈ, ਜੋ ਢਾਈ ਕਿਲੋਮੀਟਰ ਦੀ ਇੱਕ ਪਾਸੜ ਵਾਟ 'ਚ ਬਰਫ 'ਤੇ ਤੁਰ ਕੇ ਚੜ੍ਹਨੀ ਅਤੇ ਉੱਤਰਨੀ ਪੈਂਦੀ ਹੈ। ਨਿਰਭਰ ਕਰਦਾ ਕਿ ਬਰਫ਼ ਕਿਹੋ ਜਿਹੀ ਹੈ, ਕਈ ਵਾਰੀ ਵੱਡੇ ਸਨੋ-ਸ਼ੂ ਬੂਟਾਂ ਨਾਲ ਬੰਨ੍ਹ ਤੇ ਕਈ ਵਾਰੀ ਮੇਖੀ/ਕਿੱਲਾਂ ਵਾਲੀਆਂ ਸੰਗਲੀਆਂ ਬੂਟਾਂ 'ਤੇ ਚਾੜ੍ਹ ਹਾਈਕ ਕਰੀਦਾ। ਇਸ ਅਰਸੇ ਦੌਰਾਨ ਬਹੁਤ ਸਾਰੇ ਹੋਰ ਹਾਈਕਰਜ਼ ਨਾਲ ਮੇਲ-ਮਿਲਾਪ ਹੁੰਦਾ ਰਹਿੰਦਾ। ਅਕਸਰ ਮੈਂ ਦੇਖਦਾਂ ਕਿ ਜੋ ਹਾਈਕਰ ਪਰਿਵਾਰਕ ਜਾਂ ਸਮਾਜਿਕ ਟੋਲਿਆਂ ਨਾਲ ਗਰਮੀਆਂ ਅਤੇ ਸਿਆਲਾਂ ਦੀ ਹਾਈਕ ਦਾ ਅਨੰਦ ਮਾਣਦੇ ਆ, ਉਹ ਆਪਣੀ ਆਪਸੀ ਗੱਲਬਾਤ ਆਪਣੀ ਮਾਤ ਭਾਸ਼ਾ 'ਚ ਹੀ ਕਰਦੇ ਸੁਣੀਂਦੇ ਹਨ। ਚਾਹੇ ਉਹ ਭਾਸ਼ਾ ਮੈਂਡਰਿਨ ਹੋਵੇ, ਕੈਨਟੋਨੀਜ਼, ਕੋਰੀਅਨ, ਪੁਰਤਗਾਲੀ, ਸਪੈਨਿਸ਼, ਯੂਕਰੇਨੀਅਨ, ਫਰਾਂਸੀਸੀ, ਫ਼ਾਰਸੀ, ਪਸ਼ਤੋਂ, ਉਰਦੂ, ਅਰਬੀ, ਜਰਮਨ, ਹਿੰਦੀ, ਟਾਗਾਲੋਗ ਜਾਂ ਹੋਰ ਭਾਸ਼ਾਵਾਂ ਹੋਣ। ਉਹ ਆਪਣੇ ਜੱਕੜ ਖੁੱਲ੍ਹ ਕੇ ਆਪਣੀ ਮਾਂ ਬੋਲੀ 'ਚ ਹੀ ਮਾਰਦੇ ਹਨ। ਉਨ੍ਹਾਂ ਨਾਲ ਤੁਰਦਿਆਂ ਜਾਂ ਗੰਡੋਲਾ 'ਚ ਆਉਂਦਿਆਂ-ਜਾਂਦਿਆਂ ਜਦੋਂ ਮੈਂ ਉਨ੍ਹਾਂ ਦੀ ਕਿਚਨ-ਮਿਚਨ ਸੁਣਦਾਂ ਤਾਂ ਕਈ ਵਾਰੀ ਜਿਗਰਾ ਕਰ ਕੇ ਉਨ੍ਹਾਂ ਨੂੰ ਸਹਿਜ ਸੁਭਾਅ ਪੁੱਛ ਲੈਨਾਂ ਕਿ ਜੇ ਤੁਸੀਂ ਇਤਰਾਜ਼ ਨਾ ਕਰੋ ਤਾਂ ਕਿਰਪਾ ਕਰਕੇ ਮੈਨੂੰ ਦੱਸ ਸਕਦੇ ਹੋ ਕਿ ਤੁਸੀਂ ਕਿਹੜੀ ਭਾਸ਼ਾ 'ਚ ਗੱਲਬਾਤ ਕਰ ਰਹੇ ਹੋ? ਅੱਗੋਂ ਉਹ ਬੜੀ ਖੁਸ਼ੀ ਨਾਲ ਉੱਤਰ ਦੇਣਗੇ ਕਿ ਉੱਪਰ ਜ਼ਿਕਰ ਕੀਤੀਆਂ ਭਾਸ਼ਾਵਾਂ 'ਚੋਂ ਕਿਹੜੀ 'ਚ ਗੱਲਬਾਤ ਕਰ ਰਹੇ ਹਨ। ਲਗਦੇ ਈ ਹੱਥ ਮੈਂ ਅਕਸਰ ਉਨ੍ਹਾਂ ਨੂੰ ਜੁਆਬ 'ਚ ਜ਼ਿਕਰ ਕਰ ਦਿੰਨਾਂ ਕਿ ਮੈਨੂੰ ਖੁਸ਼ੀ ਹੈ ਕਿ ਤੁਸੀਂ ਆਪਣੀ ਮਾਂ ਬੋਲੀ ਨਾਲ ਜੁੜੇ ਹੋਏ ਹੋ। ਇਹ ਵੀ ਮੈਂ ਸਹਿਜ ਨਾਲ ਦੱਸ ਦਿੰਨਾਂ ਕਿ ਮੈਂ ਤਾਂ ਆਪ ਪੰਜਾਬੀ ਭਾਈਚਾਰੇ 'ਚ ਪੰਜਾਬੀ 'ਚ ਹੀ ਗੱਲ ਕਰ ਕੇ ਫ਼ਖ਼ਰ ਮਹਿਸੂਸਦਾਂ। ਇੰਜ ਮੇਰਾ ਵਿਸ਼ਵਾਸ ਹੋਰ ਮਜ਼ਬੂਤ ਹੁੰਦਾ ਕਿ ਮੇਰੇ ਵਰਗੇ ਹੋਰ ਵੀ ਬਹੁਤ ਲੋਕ ਹਨ ਜਿਹੜੇ ਆਪਣੀ ਮਾਂ ਬੋਲੀ ਨੂੰ ਪਿਆਰ ਕਰਦੇ ਹਨ। ਹਾਂ ਵੱਖੋ ਵੱਖਰੀਆਂ ਭਾਸ਼ਾਵਾਂ ਬੋਲਣ ਵਾਲਿਆਂ ਦੇ ਵਿਚਕਾਰ ਅੰਗਰੇਜ਼ੀ ਜਾਂ ਕੋਈ ਹੋਰ ਸਾਂਝੀ ਭਾਸ਼ਾ ਨੂੰ ਤਾਲਮੇਲ ਬਣਾਈ ਰੱਖਣ ਲਈ ਪੁਲ਼ ਵਜੋਂ ਤਾਂ ਜ਼ਰੂਰ ਵਰਤਿਆ ਜਾਏ ਪਰ ਉਸ ਦੀ ਕੀਮਤ 'ਤੇ ਮਾਂ ਬੋਲੀ ਨੂੰ ਤਲਾਕ ਨਾ ਦੇਈਏ।

ਕੋਈ ਸੱਤ ਕੁ ਸਾਲ ਪਹਿਲਾਂ ਦੀ ਗੱਲ ਹੈ ਮੈਂ ਗੰਡੋਲਾ 'ਚ ਪਹਾੜ ਤੋਂ ਥੱਲੇ ਆਉਣ ਲਈ ਕਤਾਰ 'ਚ ਖੜ੍ਹਾ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਿਹਾ ਸਾਂ ਤਾਂ ਦਸ ਕੁ ਬੰਦੇ ਛੱਡ ਕੇ ਪਿੱਛਿਓਂ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ" ਦੇ ਜੈਕਾਰੇ ਦੀ ਆਵਾਜ਼ ਆਈ ਤਾਂ ਮੈਂ ਪਿੱਛੇ ਮੁੜ ਕੇ ਦੇਖਿਆ ਤਾਂ ਇੱਕ ਪੰਜਾਬੀ ਨੌਜੁਆਨ ਮੇਰੇ ਵਲ ਵੇਖ ਮੁਸਕਰਾਇਆ ਅਤੇ ਹੱਥ ਖੜ੍ਹਾ ਕਰਿਆ। ਵਾਰੀ ਆਈ ਤੇ ਗੰਡੋਲੇ 'ਚ ਚੜ੍ਹ ਨਾਲੋ ਨਾਲ ਖੜ੍ਹ ਗੱਲਾਂ ਕਰਨ ਲੱਗੇ ਤਾਂ ਪਹਿਲੀ ਗੱਲ ਮੈਂ ਕਹੀ ਕਿ ਸਿੰਘ ਤੈਂ ਬੜੀ ਜੁਰਅਤ ਨਾਲ ਦੂਰੋਂ ਕਿਤਨੇ ਆਤਮ-ਵਿਸ਼ਵਾਸ ਨਾਲ ਮੈਨੂੰ ਫਤਿਹ ਬੁਲਾਈ ਮੈਂ ਤੇਰੀ ਜੁਰਅਤ ਦੀ ਦਾਦ ਦਿੰਨਾਂ। ਪਹਿਲਾਂ ਮੇਰਾ ਪ੍ਰਭਾਵ ਬਣਿਆ ਕਿ ਇਹ ਕੋਈ ਤਾਜ਼ਾ-ਤਾਜ਼ਾ ਪੰਜਾਬ ਤੋਂ ਆਇਆ ਵਿਦਿਆਰਥੀ ਹੋਊ ਜਾਂ ਫਿਰ ਕਿਸੇ ਕੱਟੜ ਸਿੱਖ ਸੰਪਰਦਾਏ ਨਾਲ ਸਬੰਧਤ ਹੋਊ। ਗੱਲਬਾਤ ਅੱਗੇ ਤੁਰੀ ਤਾਂ ਪਤਾ ਲੱਗਾ ਕਿ ਪੇਸ਼ੇ ਵਜੋਂ ਉਹ ਵਕੀਲ ਹੈ ਅਤੇ ਅੱਜ-ਕੱਲ੍ਹ ਉਹ ਕੈਨੇਡਾ ਦੀ ਇੱਕ ਸਿਆਸੀ ਪਾਰਟੀ 'ਚ ਸਰਗਰਮ ਹੈ ਅਤੇ ਉਸ ਦਾ ਵੱਡਾ ਭਰਾ ਉਸੇ ਪਾਰਟੀ ਦਾ ਨੈਸ਼ਨਲ ਲੀਡਰ ਹੈ।

ਆਲੇ-ਦੁਆਲੇ 'ਚ ਵਾਹ ਪੈਂਦਿਆਂ, ਲੋਕਾਂ ਨੂੰ ਵਿਚਰਦਿਆਂ ਦੇਖ ਆਤਮ-ਵਿਸ਼ਵਾਸ ਪ੍ਰਪੱਕ ਹੁੰਦਾ ਕਿ ਆਪਣੀ ਸੱਭਿਅਤਾ, ਭਾਸ਼ਾ, ਪਹਿਰਾਵਾ, ਰਹਿਣ-ਸਹਿਣ ਦਾ ਢੰਗ ਤਰੀਕਾ ਭਾਵੇਂ ਵਿਲੱਖਣ ਹੋਵੇ ਤੇ ਦੂਸਰਿਆਂ ਨੂੰ ਹੋਰ ਤਰ੍ਹਾਂ ਦਾ ਵੀ ਕਿਉਂ ਨਾ ਲੱਗੇ ਪਰ ਉਹ ਤੁਹਾਡੀ ਪ੍ਰਤਿਭਾ ਦਾ ਪ੍ਰਤੀਕ ਹੈ, ਜਿਸ ਦਾ ਤੁਹਾਨੂੰ ਮਾਣ ਅਤੇ ਫ਼ਖਰ ਹੋਣਾ ਚਾਹੀਦਾ।

# 1857: ਅਜ਼ਾਦੀ ਦੀ ਖ਼ਬਰ ਮੇਰੀ ਕਬਰ ਨੂੰ ਦੇ ਦੇਣਾ

ਉਸ ਦਾ ਨਾਂਅ ਅਲਾਮਾ-ਫ਼ਜ਼ਲੇ ਹੱਕ ਸੀ। ਗੱਲ, ਉਹਨਾਂ ਵੇਲਿਆਂ ਦੀ ਹੈ ਜਦ ਉੱਘਾ ਸ਼ਾਇਰ ਗਾਲਿਬ ਫੌਤ ਹੋਇਆ। ਉਦੋਂ 1857 ਦਾ ਗ਼ਦਰ ਨਹੀਂ ਸੀ ਹੋਇਆ, ਪਰ ਹੋਣ ਵਾਲਾ ਸੀ। ਫ਼ਜ਼ਲੇ ਹੱਕ ਉਹ ਵਿਅਕਤੀ ਸੀ, ਜਿਸ ਨੇ 'ਦੀਵਾਨੇ ਗਾਲਿਬ' ਦੀ ਸੰਪਾਦਨਾ ਕੀਤੀ ਸੀ। ਉਹ ਕਾਬਲ ਬੰਦਾ ਕੁਝ ਦਿਨ ਆਗਰਾ ਵਿਚ ਵੀ ਰਿਹਾ, ਐਨ ਉਨ੍ਹਾਂ ਸਮਿਆਂ 'ਚ ਜਦੋਂ ਆਗਰੇ ਦਾ ਕੁਲੈਕਟਰ

**ਵਿਜੈ ਬੰਬੇਲੀ**
**ਫੋਨ: 94634-39075**

ਉਹ ਅੰਗਰੇਜ਼ ਵਿਦਵਾਨ ਸੀ ਜੋ ਹਿੰਦੋਸਤਾਨੀ ਇਲਮ ਅਤੇ ਫਾਰਸੀ ਜ਼ੁਬਾਨ ਸਿੱਖਣਾ ਚਾਹੁੰਦਾ ਸੀ। ਉਸ ਦੀ ਬੇਨਤੀ ਉੱਤੇ ਫ਼ਜ਼ਲੇ-ਹੱਕ ਨੇ ਉਸ ਨੂੰ ਪੜ੍ਹਾਇਆ। ਉਸ ਤੋਂ ਬਾਅਦ ਉਹ ਦਿੱਲੀ ਵਾਪਸ ਆ ਗਿਆ।

ਉਨ੍ਹਾਂ ਦਿਨਾਂ ਵਿਚ 21 ਆਦਮੀਆਂ ਦਾ ਇੱਕ ਗੁਪਤ ਗਰੋਹ ਬਗ਼ਾਵਤ ਦੀ ਯੋਜਨਾ ਬਣਾ ਰਿਹਾ ਸੀ। ਫ਼ਜਲੇ ਹੱਕ ਉਸ ਦਾ ਮੈਂਬਰ ਸੀ, ਪ੍ਰੰਤੂ ਅਸਲ ਯੋਜਨਾ ਤੋਂ ਸੱਤ ਮਾਹ ਪਹਿਲਾਂ ਹੀ ਮਈ ਵਿਚ ਮੇਰਠ ਛਾਉਣੀ ਵਿਚ ਬਗ਼ਾਵਤ ਹੋ ਗਈ। ਉਸ ਤੋਂ ਬਾਅਦ ਜੋ ਹੋਇਆ, ਉਹ ਬਹੁਤਿਆਂ ਨੂੰ ਪਤੈ, ਅਤੇ ਇਹ ਵੀ ਕਿ ਕਿਵੇਂ ਗਦਾਰਾਂ ਨੇ ਬਗ਼ਾਵਤ ਫੇਲ੍ਹ ਕਰਵਾ ਦਿੱਤੀ। ਫਜ਼ਲੇ ਹੱਕ ਨੇ ਇਸ ਵਿਦਰੋਹ ਵਿਚ ਹਿੱਸਾ ਲਿਆ ਅਤੇ ਜਾਮਾ ਮਸਜਿਦ ਦਿੱਲੀ ਦੀਆਂ ਪੌੜੀਆਂ ਉੱਤੇ ਖੜ੍ਹੇ ਹੋ ਕੇ ਬਾਗ਼ੀ ਤਕਰੀਰ ਕੀਤੀ।

ਫ਼ਜ਼ਲੇ-ਹੱਕ ਨੂੰ ਉਦੋਂ ਇਸਲਾਮੀ ਇਲਮ ਦੀ ਇੱਕ ਬਹੁਤ ਵੱਡੀ ਹਸਤੀ ਮੰਨਿਆਂ ਜਾਂਦਾ ਸੀ। ਉਸ ਦਾ ਲਿਖਿਆ 'ਜਾਮਾ ਅਜ਼ਹਰ' ਅੱਜ ਵੀ ਮਿਸਰ ਦੀ ਇਸਲਾਮਿਕ ਯੂਨੀਵਰਸਿਟੀ ਵਿਚ ਮੌਜੂਦ ਹੈ। ਵਿਦਵਾਨ ਐਨਾ ਕਿ ਉਸ ਦੀਆਂ ਕਿਤਾਬਾਂ ਸ਼ਿਕਾਗੋ ਅਤੇ ਪੈਨਸਲਵੇਨੀਆਂ ਦੀਆਂ ਲਾਇਬ੍ਰੇਰੀਆਂ ਵਿਚ ਵੇਖੀਆਂ ਜਾ ਸਕਦੀਆਂ ਹਨ।

ਕੀ ਕਿਹਾ ਸੀ ਫ਼ਜ਼ਲੇ-ਹੱਕ ਨੇ ਆਪਣੀ ਤਕਰੀਰ ਵਿਚ?-'ਜੇ ਮੈਂ ਇਸਲਾਮ ਬਾਰੇ ਵਾਕਿਆ ਕੁਝ ਜਾਣਦਾ ਹਾਂ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਵਕਤ ਤੁਹਾਡਾ ਸੱਭ ਤੋਂ ਵੱਡਾ ਧਾਰਮਿਕ ਫਰਜ਼ ਇਹ ਹੈ ਕਿ ਤੁਸੀਂ ਗੋਰਾ-ਸ਼ਾਹੀ ਵਿਰੁੱਧ ਲੜੋ ਅਤੇ ਉਨ੍ਹਾਂ ਨੂੰ ਇਸ ਦੇਸ਼ ਵਿਚੋਂ ਕੱਢੋ। ਇਸ ਵਕਤ ਜੇ ਕੋਈ ਪੁੰਨ ਦਾ ਕੰਮ ਹੈ ਤਾਂ ਉਹ ਹੈ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਨਾ।'

ਜਦੋਂ ਉਹ ਬਗ਼ਾਵਤ ਨਾਕਾਮ ਹੋਈ ਤਾਂ ਫ਼ਜ਼ਲੇ-ਹੱਕ ਵੀ ਫੜਿਆ ਗਿਆ। ਆਗਰਾ ਦੀ ਉਸੇ ਅਦਾਲਤ ਵਿਚ ਉਸ ਉੱਤੇ ਕੇਸ ਚੱਲਿਆ, ਜਿਥੇ ਉਹੀ ਅੰਗਰੇਜ਼ ਕੁਲੈਕਟਰ ਜੱਜ ਬਣੀ ਬੈਠਾ ਸੀ, ਜੋ ਕਦੇ ਫ਼ਜ਼ਲੇ-ਹੱਕ ਦਾ ਸ਼ਗਿਰਦ ਰਿਹਾ ਸੀ। ਇਸ ਕੋਰਟ ਕੇਸ ਦੀ ਇਕ ਕਾਪੀ ਯੂਨੀਵਰਸਿਟੀ ਆਫ ਪੈਨਸਲਵੇਨੀਆਂ ਵਿਚ ਅਜੇ ਵੀ ਪਈ ਹੈ। ਜਿਹੜੇ ਲੋਕ ਫ਼ਜ਼ਲੇ-ਹੱਕ ਬਾਰੇ ਜਾਣਦੇ ਸਨ, ਉਨ੍ਹਾਂ ਨੂੰ ਪਤਾ ਹੀ ਸੀ ਕਿ ਸਾਰੇ ਦੇ ਸਾਰੇ ਗਵਾਹਾਂ ਨੇ ਕਹਿਣਾ ਹੈ ਕਿ ਫ਼ਜ਼ਲੇ-ਹੱਕ ਨੇ ਤਾਂ ਗੋਰਿਆਂ ਖ਼ਿਲਾਫ ਇਸ ਕਿਸਮ ਦੀ ਕਈ ਗੱਲ ਹੀ ਨਹੀਂ ਕਹੀ, ਦਰਅਸਲ ਉਹ ਅਲਾਮੇ-ਤਾਲੀਮ ਫ਼ਜ਼ਲੇ-ਹੱਕ ਨੂੰ ਗਵਾਉਣਾ ਨਹੀਂ ਸਨ ਚਾਹੁੰਦੇ। ਉਸ ਜੱਜ ਨੇ ਉਸ ਕੋਲ ਸੁਨੇਹਾ ਭਿਜਵਾਇਆ ਕਿ ਜੇ ਉਹ ਇਹ ਬਿਆਨ ਦੇ ਦੇਵੇ ਕਿ ਉਸ ਨੇ ਅੰਗਰੇਜ਼ਾਂ ਨੂੰ ਮਾਰਨਾ ਪੁੰਨ ਨਹੀਂ ਕਿਹਾ ਤਾਂ ਉਹ ਉਸ ਨੂੰ ਬਚਾ ਲਵੇਗਾ।

ਫ਼ਜ਼ਲੇ-ਹੱਕ ਖ਼ੁਦ ਵੀ ਕਦੇ ਦਿੱਲੀ ਮੁਗਲ ਅਦਾਲਤ ਦੇ ਜੱਜ ਰਹਿ ਚੁੱਕੇ ਸਨ। ਇਸ ਕੇਸ ਦੇ ਗਵਾਹਾਂ ਨੂੰ ਉਹ ਸਵਾਲ ਕਰਨਾ ਚਾਹੁੰਦਾ ਸੀ। ਉਸ ਨੇ ਅਦਾਲਤ ਦੇ ਸਾਹਮਣੇ ਹੀ ਉਨ੍ਹਾਂ ਨੂੰ ਮੋੜਵੇਂ ਸਵਾਲ ਕਰਕੇ ਸਿੱਧ ਕਰ ਦਿੱਤਾ ਕਿ ਉਸ ਨੇ ਖ਼ੁਦ ਅਜਿਹਾ ਕਿਹਾ ਸੀ। ਉਸ ਨੇ ਅਦਾਲਤ ਨੂੰ ਇਹ ਵੀ ਆਖਿਆ ਕਿ ਗਵਾਹ ਤਾਂ ਐਵੇਂ ਹੀ ਉਸ ਨੂੰ ਬਚਾਉਣ ਖਾਤਰ ਝੂਠ ਬੋਲ ਰਹੇ ਸਨ। ਇਸ ਦੇ ਬਾਵਜੂਦ ਉਸ ਜੱਜ ਨੇ ਉਸ ਨੂੰ ਫ਼ਾਂਸੀ ਦੀ ਸਜ਼ਾ ਨਹੀਂ ਸੀ ਦਿੱਤੀ, ਜਦ ਕਿ ਇਕੱਲੇ ਯੂ.ਪੀ ਵਿਚ ਹੀ ਉਸ ਸਮੇਂ ਲੱਗਪੱਗ ਇੱਕੀ ਹਜ਼ਾਰ ਦੇਸ਼ ਭਗਤਾਂ ਨੂੰ ਦਰੱਖਤਾਂ ਨਾਲ ਫਾਹੇ ਟੰਗ ਦਿੱਤਾ ਗਿਆ ਸੀ। ਫ਼ਜ਼ਲੇ-ਹੱਕ ਵਤਨ ਪ੍ਰਤੀ ਅਦਾ ਕੀਤੇ ਆਪਣੇ ਫਰਜ਼ਾਂ ਦਾ ਮੁੱਲ ਨਹੀਂ ਸੀ ਵੱਟਣਾ ਚਾਹੁੰਦਾ ਉਹ ਆਪਣੇ ਹਮ-ਸਾਇਆਂ ਸੰਗ ਹੀ ਸਦੀਵੀਂ ਉਡਾਰੀ ਮਾਰ ਜਾਣਾ ਚਾਹੁੰਦਾ ਸੀ। ਆਪਣੇ ਵਤਨ ਦਾ ਇੱਕ ਗੁੰਮਨਾਮ ਫਰਜੰਦ ਵੀ ਬਣਨਾ ਚਾਹੁੰਦਾ ਸੀ, ਉਹ।

ਫ਼ਜ਼ਲੇ-ਹੱਕ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ। ਸੰਨ 1859 ਦੀ ਮਈ 7 ਨੂੰ ਉਸ ਨੂੰ ਕਲਕੱਤਾ ਤੋਂ ਫਾਇਰ ਕਵੀਨ ਨਾਮੀ ਬਹਿਰੀ ਬੇੜੇ 'ਚ ਬਿਠਾ ਅੰਡੇਮਾਨ ਨੂੰ ਤੋਰ ਦਿੱਤਾ। ਉਹ ਯੋਧਾ ਉੱਥੇ ਚਾਰ ਸਾਲ ਰਿਹਾ। ਉਸ ਜ੍ਹੇਲ ਦਾ ਜੇਲ੍ਹਰ ਇਕ ਕਿਤਾਬ ਲਿਖ ਰਿਹਾ ਸੀ। ਉਸ ਨੇ ਆਪਣੀ ਪੁਸਤਕ ਦੀ ਮੂਲ ਕਾਪੀ ਇਕ ਪੜ੍ਹੇ-ਲਿਖੇ ਕੈਦੀ ਨੂੰ ਪੜ੍ਹ ਕੇ ਰਾਏ ਦੇਣ ਲਈ ਕਿਹਾ। ਉਹ ਕੈਦੀ ਫ਼ਜ਼ਲੇ-ਹੱਕ ਨੂੰ ਜਾਣਦਾ ਸੀ। ਇਸ ਲਈ ਉਹ ਹੱਥ ਲਿਖਤ ਫ਼ਜ਼ਲੇ-ਹੱਕ ਕੋਲ ਪਹੁੰਚ ਗਈ। ਫ਼ਜ਼ਲੇ-ਹੱਕ ਨੇ ਉਸ ਲਿਖਤ ਦੇ ਹਾਸ਼ੀਏ ਉੱਤੇ ਕੁਝ ਮਹੱਤਵਪੂਰਨ ਨੁਕਤੇ ਲਿਖੇ। ਜਦੋਂ ਉਹ ਟਿੱਪਣੀਆਂ ਜੇਲ੍ਹਰ ਕੋਲ ਪਹੁੰਚੀਆਂ ਤਾਂ ਉਹ ਹੈਰਾਨ-ਪ੍ਰੇਸ਼ਾਨ ਹੋ ਉੱਠਿਆ ਕਿ ਇੱਥੇ ਕਿਤਾਬਾਂ ਕਿਵੇਂ ਸਮੱਗਲ ਹੋ ਕੇ ਪਹੁੰਚ ਰਹੀਆਂ ਹਨ। ਇਸੇ ਸ਼ੱਕ ਕਾਰਨ ਉਸ ਨੇ ਵਿਆਪਕ ਤਲਾਸ਼ੀ ਦਾ ਹੁਕਮ ਦੇ ਦਿੱਤਾ। ਦਰਅਸਲ ਜ਼ੁਬਾਨੀ ਕੀਤੀਆਂ ਉਨ੍ਹਾਂ ਭਾਵਪੂਰਤ ਟਿੱਪਣੀਆਂ ਕਾਰਨ ਜੇਲ੍ਹਰ ਸ਼ੰਕਾ ਮਈ ਭੁਲੇਖੇ ਦਾ ਸ਼ਿਕਾਰ ਹੋ ਗਿਆ ਸੀ।

ਜੇਲ੍ਹਰ ਇਹ ਜਾਣਨਾ ਚਾਹੁੰਦਾ ਸੀ ਕਿ ਉਹ ਨੋਟਿਸ, ਜੋ ਫ਼ਜ਼ਲੇ-ਹੱਕ ਨੇ ਦਿੱਤੇ ਸਨ, ਕਿੱਥੋਂ ਆਏ? ਜੇਲ੍ਹਰ ਨੂੰ ਜਦੋਂ ਪਤਾ ਲੱਗਾ ਕਿ ਦਰਅਸਲ ਇਹ ਸਭ ਟਿੱਪਣੀਆਂ ਵਗੈਰਾ ਤਾਂ ਫ਼ਜ਼ਲੇ-ਹੱਕ ਨੂੰ ਜ਼ੁਬਾਨੀ ਯਾਦ ਹਨ ਅਤੇ ਦੱਸ ਉਹ ਇਹ ਵੀ ਸਕਦਾ ਹੇ ਕਿ ਕਿੱਥੇ ਕੀ ਲਿਖਿਆ ਹੋਇਆ ਹੈ। ਜੇਲ੍ਹਰ ਨੇ ਪਰੀਵੀ ਕੌਂਸਲ ਨੂੰ ਖ਼ਤ ਲਿਖਿਆ ਕਿ ਅਜਿਹੇ ਯੋਗ ਵਿਅਕਤੀ ਨੂੰ ਜੇ ਕੈਦ ਵੀ ਕਰਨਾ ਹੈ ਤਾਂ ਘੱਟੋ-ਘੱਟ ਇਸ ਦਰਜੇ ਦਾ ਕੈਦੀ ਤਾਂ ਨਾ ਬਣਾਇਆ ਜਾਵੇ ਉਹ ਵੀ ਅਜਿਹੀ ਘਟੀਆ ਥਾਂ, ਪਰ ਫ਼ਜ਼ਲੇ-ਹੱਕ ਫਿਰ ਅੜ ਬੈਠਾ। ਇਸ ਤੋਂ ਪਹਿਲਾਂ ਕਿ ਉਸ ਦੀਆਂ ਸਹੂਲਤਾਂ ਲਈ ਕੋਈ ਕਾਰਵਾਈ ਹੁੰਦੀ, ਫ਼ਜ਼ਲੇ-ਹੱਕ ਦੀ ਜੇਲ੍ਹ 'ਚ ਹੀ ਮੌਤ ਹੋ ਗਈ। ਉਸ ਦੀ ਕਬਰ ਅਜੇ ਵੀ ਵੈਲੂਰ ਜੇਲ੍ਹ ਦੇ ਕਿਸੇ ਕੋਨੇ 'ਚ ਗੁੰਮਨਾਮੀ ਹੰਢਾ ਰਹੀ ਹੈ।

ਜਿਸ ਵੇਲੇ ਫ਼ਜ਼ਲੇ-ਹੱਕ ਨੂੰ ਕਾਲੇ ਪਾਣੀ ਭੇਜਿਆ ਗਿਆ ਸੀ, ਉਸ ਵਕਤ ਅੰਗਰੇਜੀ ਸਰਕਾਰ ਨੇ ਹੁਕਮ ਇਹ ਵੀ ਦਿੱਤਾ ਸੀ ਕਿ ਉਸ ਦੀ ਹਵੇਲੀ ਅਤੇ ਜ਼ਮੀਂ-ਜਾਇਦਾਦ ਨਸ਼ਟ ਕਰ ਦਿੱਤੀ ਜਾਵੇ। ਖੈਰਾਬਾਦ ਸ਼ਹਿਰ ਵਿਚ ਉਸ ਦੀ ਹਵੇਲੀ ਸੀ ਅਤੇ ਇਸ ਦੇ ਕੋਲ ਹੀ ਇੱਕ ਛੋਟੀ ਜਿਹੀ ਰਿਆਸਤ ਸੀ ਕਮਾਲਪੁਰ। ਉੱਥੋਂ ਦੇ ਵਤਨਪ੍ਰਸਤ ਰਾਜਾ ਨੇ ਅੰਗਰੇਜ਼ ਸਰਕਾਰ ਨੂੰ ਕਿਹਾ ਕਿ ਉਹ ਨਸ਼ਟ ਕੀਤੀ ਜਾ ਰਹੀ ਹਵੇਲੀ ਦਾ ਮਲਬਾ ਖ਼ਰੀਦਣਾ ਚਾਹੁੰਦਾ ਹੈ। ਉਸ ਰਾਜੇ ਨੇ ਉਹ ਮਲਬਾ ਖ਼ਰੀਦ ਕੇ ਬੜੀ ਇੱਜ਼ਤ ਨਾਲ ਆਪਣੇ ਅਧਿਕਾਰ ਖੇਤਰ ਵਿਚ ਇਹ ਕਹਿ ਕੇ ਸੰਭਾਲ ਲਿਆ ਕਿ ਇਹ ਉਸ ਸ਼ਖਸ ਦੇ ਘਰ ਦਾ ਮਲਬਾ ਹੈ ਜੋ ਮੁਲਕ ਦੀ ਅਜ਼ਾਦੀ ਲਈ ਮਰ ਮਿੱਟਣ ਵਾਸਤੇ ਸਦਾ ਲਈ ਕਾਲੇ ਪਾਣੀਆਂ ਨੂੰ ਤੋਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਫ਼ਜ਼ਲੇ-ਹੱਕ ਦੇ ਖੈਰਾਬਾਦੀ ਨਜ਼ਦੀਕੀਆਂ ਪਾਸ ਅਜੇ ਵੀ 1857 ਦੇ ਉਸ ਹੁਕਮਨਾਮੇ ਦਾ ਲਿਫ਼ਾਫਾ ਹੈ, ਜਿਸ ਵਿਚ ਉਸ ਦੀ ਹਵੇਲੀ ਨੂੰ ਮਿੱਟੀ ਵਿਚ ਮਿਲਾ ਦੇਣ ਦਾ ਹੁਕਮ ਦਰਜ਼ ਹੈ।

ਆਓ ਹੁਣ ਤੁਰੀਏ ਸਿਰਲੇਖ ਦੀ ਗਾਥਾ ਵੱਲ। ਫ਼ਜ਼ਲੇ-ਹੱਕ ਦਾ ਬੇਟਾ ਸੀ ਅਬਦੁੱਲ-ਹੱਕ ਜਿਹੜਾ ਆਪਣੇ ਬਾਪ ਦੇ ਨਕਸ਼ੇ-ਕਦਮਾਂ ਉਤੇ ਤੁਰਿਆ, ਕਦੇ ਜ਼ਾਹਰਾ ਤੇ ਕਦੇ ਗੁਪਤ ਤੋਰ 'ਤੇ। ਅਬਦੁੱਲ-ਹੱਕ ਅਧਿਆਪਕ ਸੀ ਜਿਹੜਾ ਆਪਣੇ ਸ਼ਗਿਰਦਾਂ ਨੂੰ ਕਿਹਾ ਕਰਦਾ ਸੀ ਕਿ ਜੇ ਉਸ ਦੇ ਮਰਨ ਤੋਂ ਬਾਅਦ ਜਦੋਂ ਕਦੇ ਵੀ ਹਿੰਦੋਸਤਾਨ ਆਜ਼ਾਦ ਹੋਵੇ ਤਾਂ ਉਸ ਦੀ ਕਬਰ ਨੂੰ ਦੱਸਣ ਆਉਣਾ।

ਭਾਵੁਕ ਤਾਕੀਦ ਉਹ ਇਹ ਵੀ ਕਰਦਾ ਸੀ,-'ਐ ਮੇਰੇ ਸ਼ਗਿਰਦੋ! ਜੇ ਤੁਹਾਡੇ ਜ਼ਿਊਂਦੇ-ਜੀਅ ਵੀ ਮੇਰਾ ਵਤਨ ਆਜ਼ਾਦ ਨਾ ਹੋਇਆ ਤਾ ਮੇਰਾ ਸੁਨੇਹਾ ਅਗਲੀ ਪੀੜ੍ਹੀ ਨੂੰ ਦੇ ਦੇਣਾ ਕਿ ਉਹ ਕਬਰ ਉੱਤੇ ਆ ਕੇ ਕਹਿਣ -'ਅਬਦੁੱਲ-ਹੱਕ! ਓਹ ਅਬਦੁੱਲ! ਦੇਸ਼-ਭਗਤ ਫ਼ਜ਼ਲੇ-ਹੱਕ ਦੇ ਪੁੱਤਰ! ਖੁਸ਼ੀ ਮਨਾ, ਵਤਨ ਆਜ਼ਾਦ ਹੋ ਗਿਆ ਹੈ।'

'ਇਹ ਕਾਰਜ ਤੁਰਤ-ਪੈਰੀਂ ਕਰਿਓ'-ਉਸ ਅਰਜੋਈ ਕੀਤੀ ਸੀ।

1897 ਵਿਚ ਅਬਦੁੱਲ-ਹੱਕ ਚੱਲ ਵਸਿਆ; ਉਸ ਤੋਂ 50 ਵਰ੍ਹੇ ਬਾਅਦ ਭਾਰਤ ਆਜ਼ਾਦ ਹੋ ਗਿਆ। ਉਸ ਵਕਤ ਅਬਦੁੱਲ-ਹੱਕ ਦਾ ਬੁੱਢਾ ਹੋ ਚੁੱਕਾ ਇਕ ਸ਼ਗਿਰਦ ਜ਼ਿੰਦਾ ਸੀ, ਜਿਸ ਨੂੰ ਅਚਨਚੇਤ 16 ਅਗਸਤ ਨੂੰ ਯਾਦ ਆਇਆ ਕਿ ਉਸਤਾਦ ਨੇ ਕੀ ਕਿਹਾ ਸੀ। ਜਰਜ਼ਰ ਸਰੀਰ ਵਾਲਾ ਉਹ ਬਜ਼ੁਰਗ ਡੰਗੋਰੀ ਲੈ ਕੇ ਤੁਰ ਪਿਆ। ਹੱਥ ਵਿਚ ਫੁੱਲ ਫੜ੍ਹੀ ਵਾਹੋ-ਦਾਹੀ ਕਾਹਲੀ ਕਦਮੀਂ ਜਾਂਦੇ, ਉਸ ਬੁੱਢੇ ਨੂੰ ਲੋਕ ਪੁੱਛਦੇ ਰਹੇ ਅਤੇ ਉਹ ਦੱਸਦਾ ਰਿਹਾ ਕਿ ਉਹ ਕਬਰਸਤਾਨ ਕਿਓਂ ਜਾ ਰਿਹਾ ਹੈ। ਇਸ ਤਰ੍ਹਾਂ ਚੰਗਾ-ਖਾਸਾ ਇਕੱਠ ਹੋ ਗਿਆ, ਜੋ ਕਬਰਸਤਾਨ ਪੁੱਜਾ ਅਤੇ ਅਬਦੁੱਲ-ਹੱਕ ਦੇ ਉਸ ਸ਼ਾਗਿਰਦ ਨੇ ਸਾਰਿਆਂ ਸਾਹਵੇਂ ਕਬਰ ਨੂੰ ਆਜ਼ਾਦੀ ਦੀ ਖ਼ਬਰ ਦਿੱਤੀ।

ਮੁੱਕਦੀ ਗੱਲ; ਜੰਗਿ-ਏ-ਅਜ਼ਾਦੀ ਵਿਚ ਤਾਂ ਸਭ ਧਿਰਾਂ ਨੇ ਬਰੋ-ਬਰਾਬਰ ਆਪੋ-ਆਪਣੇ ਲਹੂ ਦੀ ਅਹੂਤੀ ਪਾਈ ਸੀ। ਅੱਡ-ਅੱਡ ਫਿਰਕਿਆਂ ਵਿਚ ਵੰਡੀ ਜਾ ਰਹੀ ਲੋਕਾਈ ਵਿਚ ਅਜਿਹੇ ਗੁੰਮਨਾਮ ਸ਼ਹੀਦਾਂ ਦੀਆਂ ਗਾਥਾਵਾਂ ਦਾ ਹੋਕਾ ਦੇਣ ਦਾ ਇਹ ਢੁੱਕਵਾਂ ਵੇਲਾ ਹੈ, ਕਿ; ਕਿਸੇ ਚੰਦਰ ਸ਼ੇਖਰ, ਭਗਤ ਸਿੰਘ ਜਾਂ ਰਹਿਮਤ ਅਲੀ ਨੇ ਇਸ ਕਰਕੇ ਵੀ ਕੁਰਬਾਨੀ ਦਿੱਤੀ ਸੀ ਕਿ ਜਦੋਂ ਵੀ ਉਨ੍ਹਾਂ ਦੇ ਸੂਹੇ-ਮਾਰਗ ਉੱਤੇ ਤੁਰਨ ਦਾ ਵੇਲਾ ਆਵੇ ਤਦ, ਉਨ੍ਹਾਂ ਦੀ ਗਾਥਾ ਪੜ੍ਹ, ਗਲ-ਵਕੜੀ ਪਾ ਤੁਰੰਤ ਚਾਲੇ ਪਾ ਦਿੱਤੇ ਜਾਣ।

ਦਰ-ਹਕੀਕਤ; ਇਹ ਵੇਲਾ ਤਾਂ ਸਾਡੇ ਦਰਾਂ 'ਤੇ ਕਦੋਂ ਦਾ ਆਣ ਢੁੱਕਾ ਹੈ। ਸਾਨੂੰ-ਤੁਹਾਨੂੰ ਹੀ ਪਤਾ ਨਹੀਂ ਲੱਗਾ।

# ਕਲਾ ਪਰਿਕਰਮਾ

## ਰੰਗ ਪ੍ਰਸੰਗ ਸੁਰਜੀਤ ਪਾਤਰ ਦੇ




ਲੁਧਿਆਣਾ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਆਪਣੀ ਸੱਜਰੀ ਲਿਖੀ ਪੁਸਤਕ 'ਰੰਗ ਪ੍ਰਸੰਗ ਸੁਰਜੀਤ ਪਾਤਰ ਦੇ' ਦੀ ਕਾਪੀ ਲੁਧਿਆਣਾ ਜ਼ਿਲ੍ਹੇ ਦੀ ਨਾਮਵਰ



ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਸਮਾਗਮ ਤੋਂ ਪਹਿਲਾਂ ਗੈਰ ਰਸਮੀ ਤੌਰ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਪੰਜਾਬੀ ਕਵੀ ਗੁਰਭਜਨ ਗਿੱਲ ਨੂੰ ਪੰਜਾਬੀ ਕਹਾਣੀਕਾਰ ਗੁਰਦਿਆਲ ਦਲਾਲ ਤੇ ਸੱਰੀ(ਕੈਨੇਡਾ) ਵੱਸਦੇ ਸਾਹਿੱਤ ਰਸੀਏ ਸ. ਕੇਸਰ ਸਿੰਘ ਕੂਨਰ ਦੀ ਹਾਜ਼ਰੀ ਵਿੱਚ ਭੇਟ ਕੀਤੀ।

ਇਸ ਮੌਕੇ ਬੋਲਦਿਆਂ ਗੁਰਭਜਨ ਗਿੱਲ ਨੇ ਕਿਹਾ ਕਿ ਮੈਂ ਇਸ ਪੁਸਤਕ ਦੇ ਕੁਝ ਭਾਗ ਵੱਖ ਵੱਖ ਸਾਹਿੱਤਕ ਪੱਤਰਾਂ ਤੇ ਅਖ਼ਬਾਰਾਂ ਵਿੱਚ ਪੜ੍ਹੇ ਹਨ ਜਿਸ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਵਰਿਆਮ ਸਿੰਘ ਸੰਧੂ ਵੱਲੋਂ ਡਾ. ਸੁਰਜੀਤ ਪਾਤਰ ਜੀ ਨਾਲ ਗੁਜ਼ਾਰੇ ਪਲਾਂ ਤੇ ਉਨ੍ਹਾਂ ਦੀ ਇਤਿਹਾਸਕ ਕਾਵਿ ਯਾਤਰਾ ਪ੍ਰਸੰਗਾਂ ਨਾਲ ਭਰਪੂਰ ਇਹ ਮੁੱਲ ਵਾਨ ਪੁਸਤਕ ਹਰ ਪੰਜਾਬੀ ਪਾਠਕ ਤੀਕ ਪੁੱਜਣੀ ਜ਼ਰੂਰੀ ਹੈ ਤਿਉਂ ਕਿ ਇਹ ਬੋਝਲ ਅਕਾਦਮਿਕ ਭਾਸ਼ਾ ਦੀ ਥਾਂ ਸੁਰਜੀਤ ਪਾਤਰ ਸਿਰਜਣਾ ਦੇ ਨਾਲ ਨਾਲ ਕੀਤੀ ਸਹਿਜ ਯਾਤਰਾ ਹੈ।

ਡਾ. ਵਰਿਆਮ ਸਿੰਘ ਸੰਧੂ ਨੇ ਇਸੇ ਪੁਸਤਕ ਬਾਰੇ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ ਤੇ ਲਿਖਿਆ ਸੀ ਕਿ 'ਮੇਰੀ ਕਿਸੇ ਕਿਤਾਬ ਨਾਲ ਇੰਝ ਦੀ ਨਹੀਂ ਹੋਈ! ਕਦੀ ਕਦੀ ਸਚਾਈ ਮੰਨ ਲੈਣ ਵਿਚ ਵੀ ਕੋਈ ਹਰਜ ਨਹੀਂ ਹੁੰਦਾ! ਮੇਰੀਆਂ ਕਿਤਾਬਾਂ ਦੇ ਕਈ ਕਈ ਐਡੀਸ਼ਨ ਛਪਦੇ ਰਹੇ ਤੇ ਛਪ ਰਹੇ ਨੇ। ਬਹੁਤ ਸਾਰੀਆਂ ਦੇ ਤਾਂ ਚਾਰ-ਚਾਰ, ਛੇ-ਛੇ, ਅੱਠ-ਅੱਠ, ਦਸ-ਦਸ ਤੇ 'ਚੌਥੀ ਕੂਟ' ਵਰਗੀਆਂ ਕਿਤਾਬਾਂ ਦੇ ਤਾਂ ਸਤਾਰਾਂ ਅਠਾਰਾਂ ਐਡੀਸ਼ਨ ਵੀ। ਪਾਠਕ ਵੀ ਬੜੇ ਉਤਸ਼ਾਹ ਨਾਲ ਪ੍ਰਤੀਕਰਮ ਦਿੰਦੇ ਰਹੇ ਨੇ। ਢਾਈ ਸੌ ਸਫ਼ੇ ਦੀ ਕਿਤਾਬ 'ਰੰਗ ਪ੍ਰਸੰਗ-ਸੁਰਜੀਤ ਪਾਤਰ ਦੇ' ਮੈਂ ਛੇ ਮਹੀਨੇ ਦੀ ਮਿਹਨਤ ਨਾਲ ਲਿਖੀ। ਇਸ ਕਿਤਾਬ ਨੂੰ ਛਪਿਆਂ ਦੋ ਮਹੀਨੇ ਹੋ ਚੱਲੇ ਨੇ। ਸੁਰਜੀਤ ਪਾਤਰ ਦੇ ਜਨਮ ਦਿਹਾੜੇ 'ਤੇ 'ਸਲਾਮ ਕਾਫ਼ਿਲਾ' ਵਾਲਿਆਂ ਬੜੇ ਵੱਡੇ ਇਕੱਠ ਵਿਚ ਸੁਰਜੀਤ ਪਾਤਰ ਦੀ ਪਤਨੀ ਹੱਥੋਂ ਇਹ ਰਿਲੀਜ਼ ਵੀ ਕਰਵਾਈ। ਹਾਂ, ਏਨਾ ਕੁ ਜ਼ਰੂਰ ਹੈ ਕਿ 'ਸਲਾਮ ਕਾਫ਼ਿਲਾ' ਵਾਲਾ ਹੀ ਜਸਪਾਲ ਜੱਸੀ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵਿਚ ਮਿਲਿਆ ਤਾਂ ਕਹਿੰਦਾ, 'ਇਸ ਕਿਤਾਬ ਬਾਰੇ ਸਮਾਗਮ ਕਰ ਕੇ ਗੱਲ ਕਰਨੀ ਚਾਹੀਦੀ ਹੈ!' ...ਇਸ ਤੋਂ ਇਲਾਵਾ... ... ਸਹੁੰ ਖਾਣ ਵਾਲੀ ਗੱਲ ਹੈ; ਅੱਜ ਤੱਕ ਕਿਸੇ ਇੱਕ ਜਣੇ ਨੇ ਵੀ ਹੁੰਗਾਰਾ ਨਹੀਂ ਭਰਿਆ ਕਿ, ਪੜ੍ਹੀ ਤਾਂ ਛੱਡੋ, ਉਹਨੇ ਇਹਦੀ ਸ਼ਕਲ ਤੱਕ ਵੀ ਵੇਖੀ ਹੋਵੇ! ਕੇਵਲ ਆਪਣੇ ਦੋ ਨੇੜਲੇ ਮਿੱਤਰਾਂ ਨੂੰ ਮੈਂ ਇਹ ਕਿਤਾਬ ਦਿੱਤੀ ਸੀ। ਉਹਨਾਂ ਵੀ ਨਹੀਂ ਪੜ੍ਹੀ ਤੇ ਨਾ ਕੋਈ ਪ੍ਰਤੀਕਰਮ ਦਿੱਤਾ। ਪਰ ਉਹਨਾਂ ਨੂੰ ਕੋਈ ਉਲ੍ਹਾਮਾਂ ਕੋਈ ਨਹੀਂ, ਕਿਉਂਕਿ ਮੈਂ ਆਪ ਹੀ ਕਹਿੰਦਾ ਹੁੰਨਾਂ ਕਿ 'ਭੇਟਾ ਕੀਤੀ ਕਿਤਾਬ' ਕੋਈ ਨਹੀਂ ਪੜ੍ਹਦਾ।

ਦੂਜੇ ਪਾਸੇ ਬੜੇ ਅਦਾਰੇ ਪਾਤਰ ਦੇ ਨਾਂ 'ਤੇ ਹਰ ਰੋਜ਼ ਸਮਾਗਮ ਰਚਾ ਰਹੇ ਨੇ। ਉਹਨਾਂ ਦੀ ਮੁਬਾਰਕ ਨਜ਼ਰੋਂ ਵੀ ਇਹ ਕਿਤਾਬ ਨਹੀਂ ਲੰਘੀ। ਹੋਰ ਤਾਂ ਹੋਰ ਪਾਤਰ-ਪਰਿਵਾਰ ਨੇ ਵੀ ਇਹਦਾ ਕੋਈ ਹੁੰਗਾਰਾ ਨਹੀਂ ਭਰਿਆ! ਸ਼ਾਇਦ ਇਹਦਾ ਪੱਧਰ ਹੀ ਅਜਿਹਾ ਹੋਵੇ ਕਿ ਕਿਸੇ ਨੂੰ ਇਹ ਗੌਲਣ ਯੋਗ ਹੀ ਨਾ ਲੱਗੀ ਹੋਵੇ ਜਾਂ ਕੋਈ ਹੋਰ ਅਣਜਾਣਿਆਂ ਕਾਰਨ ਵੀ ਹੋ ਸਕਦਾ! ਮਨ ਵਿਚ ਕਈ ਵਾਰ ਸਵਾਲ ਉੱਠਦਾ ਹੈ ਕਿ ਭਲਾ ਇਹ ਕਿਤਾਬ ਲਿਖੀ ਕਿਉਂ ਸੀ? ਸੁਰਜੀਤ ਪਾਤਰ ਨਾਲ ਕੇਵਲ ਭਾਵੁਕ ਸਾਂਝ ਕਰ ਕੇ, ਸਗੋਂ ਸ਼ਾਇਦ 'ਉਪਭਾਵੁਕ' ਹੋ ਕੇ ਕਿਤਾਬ ਲਿਖ ਤਾਂ ਦਿੱਤੀ। ਹੁਣ ਸੋਚਦਾ ਹਾਂ, ਛੇ ਮਹੀਨੇ ਕਾਹਦੇ ਲਈ ਗਵਾਏ।

## 'ਗੋਰੀ ਦੇ ਗਜਰੇ' ਦਾ ਫ਼ਿਲਮਾਂਕਣ

**'ਗੋਰੀ ਦੇ ਗਜਰੇ' ਗੀਤ ਦਾ ਫਿਲਮਾਂਕਣ ਵਿਦੇਸ਼ਾਂ ਵਿਚ ਮਨਮੋਹਕ ਲੋਕੇਸ਼ਨਾਂ 'ਤੇ ਤਿਆਰ ਕੀਤਾ ਗਿਆ: ਗੀਤਕਾਰ ਗੁਰਤੇਜ ਉਗੋਕੇ**




ਸੰਗੀਤਕ ਖੇਤਰ ਦੇ ਚਰਚਿਤ ਦਮਦਾਰ ਆਵਾਜ ਦੀ ਮਲਿਕਾ ਮਿਸ ਪੂਜਾ, ਜਿਨਾਂ ਦੇ ਗੀਤਾਂ ਦਾ ਸਰੋਤਿਆਂ ਨੂੰ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ। ਓਨਾਂ ਅਨੇਕਾਂ ਗੀਤ ਆਮ ਵਿਆਹ ਤੇ ਪਾਰਟੀਆਂ ਵਿਚ ਵਜਦੇ ਸੁਣਾਈ ਦਿੰਦੇ ਅਤੇ ਯੂਟਿਊਬ ਤੇ ਸੰਗੀਤਕ ਪ੍ਰੇਮੀਆਂ ਦੀ ਪਹਿਲੀ ਪਸੰਦ ਬਣੇ ਹੋਏ ਹਨ।

ਓਨਾਂ ਦਾ ਨਵਾਂ ਗੀਤ 'ਗੋਰੀ ਦੇ ਗਜਰੇ' ਬਹੁਤ ਜਲਦ ਸੰਗੀਤਕ ਖੇਤਰ ਵਿੱਚ ਧੁੰਮਾਂ ਮਚਾਉਣ ਆ ਰਿਹਾ ਹੈ।ਓਨਾਂ ਨਾਲ ਸਹਾਇਕ ਗਾਇਕ ਵਜੋ ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਲੋਕ ਗਾਇਕ 'ਵੀਰ ਦਵਿੰਦਰ', ਜਿਨਾਂ ਨੂੰ ਦੁਨੀਆ-ਭਰ ਦੇ ਸੰਗੀਤ ਪ੍ਰੇਮੀਆਂ ਵੱਲੋ ਭਰਵਾ ਹੁੰਗਾਰਾ ਮਿਲਿਆਂ। ਜਿਨਾਂ ਨੇ ਆਪਣੀ ਦਮਦਾਰ ਬੁਲੰਦ ਆਵਾਜ ਨਾਲ ਪੰਜਾਬੀ ਸਰੋਤਿਆਂ ਦੇ ਦਿਲ ਤੇ ਛਾਪ ਛੱਡੀ। ਓਹ ਸੰਗੀਤ ਜਗਤ ਵਿਚ ਸੰਗੀਤ ਪ੍ਰੇਮੀਆਂ ਦੀ ਪਹਿਲੀ ਪਸੰਦ ਬਣ ਗਏ।

'ਗੋਰੀ ਦੇ ਗਜਰੇ' ਗੀਤ ਪੰਜਾਬੀ ਦੇ ਸਿਰਮੌਰ ਗੀਤਕਾਰ 'ਗੁਰਤੇਜ ਉਗੋਕੇ' ਦੀ ਅੱਖਰੀ ਰਸਦ ਹੈ। ਗੀਤਕਾਰ ਗੁਰਤੇਜ ਉਗੋਕੇ ਜੀ ਨੇ ਦੱਸਿਆਂ ਕਿ ਇਹ ਗੀਤ 'ਪੰਜਾਬ ਕਿੰਗ ਮਿਊਜ਼ਿਕ' ਤੇ 'ਮਿਊਜ਼ਿਕ ਐਮਪਾਇਰ' ਵੱਲੋ ਦੁਨੀਆ-ਭਰ ਬਹੁਤ ਜਲਦ ਵੱਡੇ ਪੱਧਰ ਤੇ ਰਿਲੀਜ਼ ਕੀਤਾ ਜਾਵੇਗਾ। ਇਸ ਗੀਤ ਵਿੱਚ ਦੋਵੇ ਪ੍ਰਸਿੱਧ ਲੋਕ ਗਾਇਕਾਂ ਦੀ ਖੂਬਸੂਰਤ ਆਵਾਜ਼ ਨਾਲ ਸੰਗੀਤਕ ਸੁਮੇਲ ਬਹੁਤ ਬਹੁ-ਵਿਧਾਈ ਨਾਮਵਰ ਸੰਗੀਤਕਾਰ ਤੇ ਮਿਊਜ਼ਿਕ ਐਮਪਾਇਰ ਦੇ ਸੰਚਾਲਕ 'ਪਾਲ ਸਿੱਧੂ' ਦੀ ਰੂਹ ਦਾਤ ਹੈ ਅਤੇ ਇਸ ਗੀਤ ਦਾ ਖੂਬਸੂਰਤ ਫਿਲਮਾਂਕਣ ਵਿਦੇਸ਼ਾਂ ਦੀਆਂ ਮਨਮੋਹਕ ਲੋਕੇਸ਼ਨਾਂ ਤੇ ਨਾਮਵਰ ਡੀ.ਪੀ.ਓ 'ਸਾਹਿਬ ਸੇਖੋਂ' ਦੀ ਟੀਮ ਵੱਲੋ ਅਣਥੱਕ ਮਿਹਨਤ ਲਗਨ ਨਾਲ ਤਿਆਰ ਕੀਤਾ ਹੈ।

ਗੀਤਕਾਰ 'ਗੁਰਤੇਜ ਉਗੋਕੇ' ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹ ਗੀਤ ਸੰਗੀਤ ਪ੍ਰੇਮੀਆਂ ਦੀ ਉਮੀਦ ਤੇ ਖਰਾਂ ਉਤਰੇਗਾ ਅਤੇ ਨਵੀਆਂ ਪੈੜਾਂ ਸਿਰਜੇਗਾ।

## ਲਘੂ ਫ਼ਿਲਮ 'ਕੈਰਮ ਬੋਰਡ'




ਚੌਪਾਲ ਤੇ ਸਟਰੀਪ ਹੋਈ ਲਘੂ ਫ਼ਿਲਮ ਦਾ ਡਾਇਰੈਕਟਰ ਭਗਵੰਤ ਕੰਗ ਹੈ। ਪੰਜਾਬੀ ਫ਼ਿਲਮ ਇੰਡਸਟ੍ਰੀਜ਼ ਦੇ ਚਰਚਿਤ ਡਾਇਰੈਕਟਰ ਭਗਵੰਤ ਕੰਗ ਦੀ ਫ਼ਿਲਮ ਕਹਾਣੀ ਦੀ ਚੋਣ ਬਾਕਮਾਲ ਹੁੰਦੀ ਹੈ ਅਤੇ ਜਦੋ ਉਸਦਾ ਫਿਲਮਾਂਕਣ ਕੀਤਾ ਜਾਦਾਂ ਹੈ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਪੰਜਾਬੀ ਮਾਂ ਬੋਲੀ ਦੇ ਲਾਡਲੇ ਪ੍ਰਸਿੱਧ ਕਹਾਣੀਕਾਰ 'ਦਰਸ਼ਨ ਜੋਗਾ', ਜੋ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀ, ਦੁਆਰਾ ਰਚਿਤ ਕਹਾਣੀ 'ਕੈਰਮ ਬੋਰਡ' ਨੂੰ 'ਕੰਗ ਸਾਹਿਬ ਨੇ' ਲਘੂ ਫ਼ਿਲਮ ਦੇ ਰੂਪ ਵਿਚ ਫਿਲਮਾਂਕਣ ਕਰਕੇ ਪੰਜਾਬੀ ਸਿਨੇਮਾ ਪ੍ਰੇਮੀਆਂ ਮੂਹਰੇ ਪਰੋਸਿਆ ਹੈ।ਸਿਨੇਮਾ ਘਰਾਂ ਨੇ ਜਿਵੇਂ ਪਹਿਲਾ ਆਈਆਂ ਫਿਲਮਾਂ ਨੂੰ ਬੇਹੱਦ ਪਿਆਰ ਸਨੇਹ ਬਖਸ਼ਿਆਂ ਓਨਾਂ ਤੋ ਵੀ ਵੱਧ ਦਰਸ਼ਕਾਂ ਨੇ ਇਸ ਦਾ ਸਵਾਗਤ ਕੀਤਾ ਹੈ।

ਜੇਕਰ ਕਹਾਣੀ ਦੀ ਗੱਲ ਕਰੀਏ,ਇਸ ਵਿਚ ਮਾਂ ਵਿਹੂਣੇ ਬੱਚੇ ਦੀ ਦਾਸਤਾਨ ਪੇਸ਼ ਕੀਤੀ ਗਈ ਹੈ। ਜਿਸਨੂੰ ਘਰ ਵਿਚ ਸਹੀ ਸੇਧ ਨਹੀ ਮਿਲਦੀ ਤੇ ਓਹ ਜ਼ਿੰਦਗੀ ਦੀਆਂ ਰਾਹਾਂ ਤੇ ਕਿਵੇਂ ਭਟਕਦਾ ਹੈ ਅਤੇ ਰੁਕਾਵਟਾਂ ਦਾ ਸਾਹਮਣਾ ਕਰਦਾ ਹੈ। ਇਸ ਦੀ ਪੇਸ਼ਕਸ਼ 'ਜੇ.ਐੱਸ ਮੋਸ਼ਨ ਪਿਕਚਰਜ' ਦੁਆਰਾ ਅਤੇ 'ਫ਼ਿਲਮੀ ਅੱਡਾ' ਦੀ ਸਹਿਯੋਗ ਨਾਲ ਕੀਤੀ ਹੈ। ਇਸ ਫ਼ਿਲਮ ਦੇ ਨਿਰਮਾਤਾ ਜਸਬੀਰ ਰਿਸ਼ੀ ਤੇ ਸੱਤਿਆ ਸਿੰਘ ਹਨ ਅਤੇ ਲਾਈਨ ਪ੍ਰੋਡਿਊਸਰ ਪਰਮਜੀਤ ਨਾਗਰਾ,




ਪ੍ਰੋਜੈਕਟ ਮਨੇਜਰ ਹਰਦੀਪ ਸਿੰਘ ਹਨ। ਇਸ ਫ਼ਿਲਮ ਵਿਚ ਲੀਡ ਭੂਮਿਕਾ ਵਿਚ ਜਗਤਾਰ ਬੈਨੀਪਾਲ,ਪ੍ਰਭਜੋਤ ਰੰਧਾਵਾ,ਜਸਵੰਤਜੀਤ, ਦਰਸ਼ਨ ਘਾਰੂ, ਜੱਸ ਬੋਪਾਰਾਏ,ਜੈਸਮੀਨ ਬਰਨਾਲਾ ਤੋ ਇਲਾਵਾ ਅਦਾਕਾਰੀ ਨਾਲ ਦਰਸ਼ਕਾਂ ਦੇ ਸਨਮੁੱਖ ਹੋਣਗੇ ਬਾਲ ਅਦਾਕਾਰ 'ਸਾਹਿਲਵੀਰ', ਜੋ ਕਿ ਫ਼ਿਲਮ ਇੰਡਸਟ੍ਰੀਜ ਦੇ ਮੰਝੇ ਅਦਾਕਾਰ ਦਰਸ਼ਨ ਘਾਰੂ ਦੇ ਬੇਟੇ ਹਨ। ਸਿਨੇਮਾ ਪ੍ਰੇਮੀਆਂ ਦੀ ਉਡੀਕ ਖਤਮ ਕਰਕੇ 'ਚੌਪਾਲ ਐਪ' ਤੇ ਸਟਰੀਮ ਹੋ ਗਈ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਮਾਰਚ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-682



*ਆਈ ਹੈ ਯਾਦ ਪੁਰਾਣੀ ਜਦੋਂ ਤੱਕਦਾ ਹਾਂ ਤਸਵੀਰ,*
*ਕੁਰਸੀ ਮੇਜ਼ ਨਹੀਂ ਸਨ ਹੁੰਦੇ ਮੰਜੇ ਹੀ ਸਨ ਜਗੀਰ।*
*ਦੇਖ ਪ੍ਰਾਹੁਣੇ ਚਾਅ ਚੜ੍ਹਦਾ ਤੇ ਨਿੱਘੇ ਸਨ ਮੇਜ਼ਬਾਨ,*
*ਸਾਦ ਮੁਰਾਦਾ ਖਾਣਾ ਪੀਣਾ ਹੁੰਦੇ ਸੀ ਖੁਸ਼ ਮਹਿਮਾਨ।*

### ਕੈਪਸ਼ਨ ਮੁਕਾਬਲਾ-680



ਵਿੱਚ ਚੌਰਾਹੇ, ਪਿੰਡ ਦੇ ਅੰਦਰ।
ਮਿਲ ਬੈਠਣ ਆ ਸਾਊ, ਪਤੰਦਰ।
ਬਰੋਟੇ ਪਿੱਪਲ ਹੇਠ ਥੜ੍ਹਾ ਪੁਰਾਣਾ।
ਸਭ ਲਈ ਖੁੱਲ੍ਹਾ ਆਉਣਾ ਜਾਣਾ।
ਅਮਲੀ, ਆਕਲ, ਅਕਲੋਂ ਖਾਲੀ।
ਕਾਲੀ ਚਿੱਟੀ ਜਾਂ ਪੱਗ ਅਕਾਲੀ।
ਕਰਨ ਹਾਸਾ ਠੱਠਾ ਚੋਭਾਂ ਚਰਚਾ।
ਭੀ ਹੱਥ ਹੋਵੇ, ਅਖਬਾਰੀ ਪਰਚਾ।
ਬੁੱਢੇ ਨੱਢੇ ਅਧਖੜ ਤੇ ਅਨਪੜ੍ਹ।
ਗੱਲਾਂ ਕਰਨ ਸੂਝਵਾਨ, ਅੱਖੜ।
ਪਿੰਡਾਂ ਵਿਚ ਇਹਨੂੰ ਕਹਿੰਦੇ ਸੱਥ।
ਘੋਖਵੀਂ ਹੁੰਦੀ ਜਿੱਥੇ ਮੰਥਨ-ਮੱਥ।
ਘਟ ਰਹੀ ਮਿਟ ਰਹੀ ਸੱਥ 'ਨਾਕਾਮ'।
ਮੋਬਾਈਲ ਹੋ ਗਿਆ ਜਦੋਂ ਦਾ ਆਮ।
***-ਗੁਰਬਖਸ਼ ਸਿੰਘ 'ਨਾਕਾਮ'***
***+1 864-318-5500***

---

ਨਿੱਤ ਜੁੜਦੀ ਹੈ ਸੱਥ ਪਿੰਡ ਦੀ
ਹਰ ਉਮਰ ਹੈ ਹਿੱਸਾ ਪਾਉਂਦੀ।
ਪਿੰਡ ਤੋਂ ਲੈ ਕੇ ਦੁਨੀਆ ਤੀਕਰ
ਸਿਆਸਤ ਆਪਣੇ ਰੰਗ ਦਿਖਾਉਂਦੀ।
ਗੁੱਝੇ ਭੇਦ ਵੀ ਖੁੱਲ੍ਹ ਜਾਂਦੇ ਨੇ
ਢਾਣੀ ਜਦ ਖੋਲ੍ਹਣ 'ਤੇ ਆਉਂਦੀ।
ਚੌਂਤਰੇ ਉੱਪਰ ਲੱਗਦੀ ਮਹਿਫ਼ਲ
ਭਾਈਚਾਰੇ ਦਾ ਸਬਕ ਸਿਖਾਉਂਦੀ।
***- ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫ਼ੋਨ: +91 98783-37222***

---

ਗੁਸਲਖਾਨੇ ਵਿਚ ਟਿੱਕੀ
ਸਾਬਣ ਦੀ ਰੁੜ੍ਹਦੀ
ਅਕਲ ਕਰੋ ਕੰਜਰੋ
ਜੇ ਸੌਖੀ ਰੋਟੀ ਜੁੜਦੀ
ਏਨੀ ਗੱਲ ਸੁਣ,
ਨੂੰਹ ਤਾਂ ਚੜ੍ਹ ਚੱਲੀ ਛੱਤਣੀ।
ਬੁੜ੍ਹਿਆ ਖੜੂਸਾ,
ਤੈਨੂੰ ਨੂੰਹ ਨਹੀਂ ਆਉਂਦੀ ਰੱਖਣੀ।

---

ਲਵ ਮੈਰਿਜ ਕਰ ਲੈਂਦੇ
ਸ਼ਰਮਾਂ ਦੀ ਥੋੜ੍ਹ ਏ
ਬੁੜ੍ਹਿਆਂ ਦੇ ਤਜਰਬੇ ਦੀ
ਇਨ੍ਹਾਂ ਨੂੰ ਕੀ ਲੋੜ ਏ।
ਵੇਖ ਕਰਤਾਰ ਸਿਆਂ
ਕਿੰਨੀ ਸੋਹਣੀ ਛਾਂ ਏ।
ਮੈਨੂੰ ਹੁਣ ਸਮਝ ਪਈ,
ਇਹੀ ਸਾਡੀ ਥਾਂ ਏ।
***-ਮਲਕੀਅਤ ਸਿੰਘ ਧਾਲੀਵਾਲ।***

---

ਪਿੱਪਲ ਬੋਹੜ ਰਹੇ ਕਿਤੇ ਨਾ
ਪਿੰਡ ਦੀ ਮੁੱਕੀ ਹੈ ਟੌਹਰ,
ਬਦਲਿਆ ਦੌਰ ਜ਼ਮਾਨੇ ਦਾ ਹੈ
ਨਾ.ਲੇ ਬਦਲ ਗਏ ਤੌਰ।
ਟੀਵੀ, ਫੋਨਾਂ ਹੈ ਸਾਂਝ ਮੁਕਾਈ
ਪਰ ਅੰਦਰ ਵਧੇ ਨੇ ਸ਼ੋਰ,
ਸੱਥ ਬਿਚਾਰੀ ਉਜੜੀ ਜਾਪੇ
ਗਈ ਹੈ ਵਿਰਸੇ ਦੀ ਲੋਰ।
***-ਸੇਵਾ ਸਿੰਘ 'ਨੂਰਪੁਰੀ'***

---

ਕੁਦਰਤ ਦਾ ਨਿਯਮ, ਵੰਡ ਖਾਓ,
ਖੰਡ ਮਿਸ਼ਰੀ ਹੋ ਜਾਂਦੀ।
ਡਾਲਰਾਂ ਦੀ ਚਕਾ-ਚੌਂਧ,
ਪ੍ਰਵਾਸ ਦੀ ਨੇਰ੍ਹੀ ਲਿਆਂਦੀ।
ਆਪਣਾ ਆਪ ਤੇ ਜ਼ਮੀਨਾਂ ਵੇਚ,
"ਡੰਕੀ ਰੂਟ" ਬਣਾਈ ਚਾਂਦੀ।
ਤ੍ਰਿਵੈਣੀ ਦੀਆਂ ਮਹਿਫਲਾਂ,
ਬੰਦ ਹੋਈਆਂ ਪੰਜਾਬ ਵਿਚ,
ਟਰੰਪ ਨੇ ਮੋੜਾ ਪਾਇਆ।
ਨਾ ਇਧਰ ਦੇ ਰਹੇ,
ਨਾ ਉਧਰ ਦੇ ਸਨਮ,
ਨਾ ਰਾਮ ਮਿਲੇ, ਨਾ ਮਾਇਆ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਸੱਭਿਆਚਾਰਕ ਸਾਂਝੀਵਾਲਤਾ
ਨਹੀਂ ਰੀਸਾਂ ਕੋਈ
ਬੋਹੜਾਂ, ਪਿੱਪਲਾਂ ਥੱਲੇ ਜਾਂ
ਦਰਵਾਜਿਆਂ 'ਚ ਬੈਠ ਕੋਈ ਤਾਸ਼ ਖੇਡਦਾ
ਕੋਈ ਗੱਪਾਂ ਦੇ ਪੁਲ ਬੰਨ੍ਹਦਾ।
ਕੋਈ ਆਉਂਦਾ ਜਾਂਦਾ ਬੁਲਾ ਫਤਹਿ
ਅੱਗੇ ਲੰਘ ਜਾਂਦਾ।
ਕੌਣ, ਕਿੱਥੇ ਕਿਸਦੇ
ਪ੍ਰਾਹੁਣਾ ਅੱਜ ਆਇਆ
ਕਰ ਕਾਨਾਫੂਸੀ ਸਭ ਦੇ ਪੋਤੜੇ ਫੋਲ ਦਿੰਦੇ।
ਚੰਗੀਆਂ ਗੱਲਾਂ ਬੱਚਿਆਂ ਨੂੰ ਸਿਖਾਉਂਦੇ।
***-ਦਰਸ਼ਨ ਪਾਲ ਦੋਸਾਂਝ***

# ਭਾਰਤੀ ਮੂਲ ਦੀ ਨਾਰੀ ਦੀ ਅਮਰੀਕਾ ਵਿਚ ਸਰਦਾਰੀ - ਤੁਲਸੀ ਗਵਾਰਡ

ਭਾਰਤ ਵਿਚ ਔਰਤਾਂ ਨੇ ਸਿਆਸਤ ਵਿਚ ਨਾਮਣਾ ਖੱਟਿਆ ਹੈ। ਆਜ਼ਾਦੀ ਦੇ ਸੰਗਰਾਮ ਤੋਂ ਸ਼ੁਰੂ ਕਰ ਕੇ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਦੇਸ਼ ਦੇ ਵਿਕਾਸ ਵਿਚ ਇਸਤਰੀਆਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਦੇਸ਼ ਵਿਚ ਨਾਮ ਚਮਕਾਉਣ ਤੋਂ ਬਾਅਦ ਹੁਣ ਭਾਰਤੀ ਮੂਲ ਦੀਆਂ ਇਸਤਰੀਆਂ ਨੇ ਸੰਸਾਰ ਵਿਚ ਉਚ ਅਹੁਦਿਆਂ ਤੱਕ ਪਹੁੰਚ ਕੇ ਭਾਰਤ ਦਾ ਮਾਣ ਵਧਾਇਆ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੀ ਤੁਲਸੀ ਗਵਾਰਡ ਨੂੰ ਅਮਰੀਕਾ ਦੇ ਸਭ ਤੋਂ ਮਹੱਤਵਪੂਰਨ ਅਹੁਦੇ 'ਡਾਇਰੈਕਟਰ ਨੈਸ਼ਨਲ ਇੰਟੈਲੀਜੈਂਸ' 'ਤੇ ਨਿਯੁਕਤ ਕੀਤਾ ਹੈ। ਸੈਨੇਟ ਨੇ ਵੀ ਉਸਦੀ ਨਿਯੁਕਤੀ ਦੀ ਮਨਜ਼ੂਰੀ ਦੇ

**ਉਜਾਗਰ ਸਿੰਘ**
**ਫੋਨ: 94178-13072**

ਦਿੱਤੀ ਹੈ। ਤੁਲਸੀ ਗਵਾਰਡ ਦੀ ਨਾਮਜ਼ਦਗੀ ਦੀ ਸੈਨੇਟ ਤੋਂ ਪ੍ਰਵਾਨਗੀ ਲੈਣ ਦੀ ਪ੍ਰਕਿਰਿਆ ਬੇਹੱਦ ਔਖੀ ਸੀ, ਕਿਉਂਕਿ ਰਿਪਬਲਿਕਨ ਪਾਰਟੀ ਦੇ ਕੁਝ ਸੈਨੇਟਰ ਉਸਦੀ ਨਿਯੁਕਤੀ 'ਤੇ ਕਿੰਤੂ-ਪ੍ਰੰਤੂ ਕਰਦੇ ਸਨ। ਅਮਰੀਕਾ ਦੇ ਸੈਨੇਟਰਾਂ ਨੂੰ ਉਸ ਨੇ ਬੇਬਾਕੀ ਨਾਲ ਸਵਾਲਾਂ ਦੇ ਜਵਾਬ ਦਿੱਤੇ ਹਨ। ਡੋਨਲਡ ਟਰੰਪ ਦੀ ਨਿਗਾਹ ਵਿਚ ਉਸ ਦੀ ਫ਼ੌਜੀ ਵਿਰਾਸਤ ਤੇ ਨਿਡਰ ਜਜ਼ਬਾ ਬਾਕਮਾਲ ਹੈ, ਜਿਸ ਕਰਕੇ ਉਸਦੀ ਅਜਿਹੇ ਸੰਵੇਦਨਸ਼ੀਲ ਕਾਰਜ ਲਈ ਚੋਣ ਕੀਤੀ ਗਈ ਹੈ। ਤੁਲਸੀ ਗਵਾਰਡ ਨੇ ਸੈਨੇਟ ਦੀ ਪ੍ਰਵਾਨਗੀ ਤੋਂ ਬਾਅਦ 12 ਫ਼ਰਵਰੀ 2025 ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮਹੱਤਵਪੂਰਨ ਅਹੁਦੇ 'ਤੇ ਰਹਿੰਦਿਆਂ ਉਹ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਮੁਖੀ ਵਜੋਂ ਫ਼ਰਜ਼ ਨਿਭਾਉਣਗੇ। ਉਹ 18 ਖ਼ੁਫ਼ੀਆ ਏਜੰਸੀਆਂ ਦੀ ਨਿਗਰਾਨੀ ਕਰਨਗੇ ਜਿਨ੍ਹਾਂ ਵਿਚ ਸੀ.ਆਈ.ਏ., ਐਫ਼ ਬੀ.ਆਈ. ਅਤੇ ਨੈਸ਼ਨਲ ਸਕਿਉਰਿਟੀ ਏਜੰਸੀ ਅਤਿਅੰਤ ਮਹੱਤਵਪੂਰਨ ਹਨ। ਉਹ 70 ਆਰਬ ਡਾਲਰ ਤੋਂ ਵੱਧ ਦੇ ਬਜਟ ਨੂੰ ਵੀ ਸੰਭਾਲੇਗੀ। ਅਮਰੀਕਾ ਵਿਚ ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਉਹ ਪਹਿਲੀ ਇਸਤਰੀ ਹੈ। ਭਾਰਤੀ ਮੂਲ ਦੀ ਵੀ ਤੁਲਸੀ ਗਵਾਰਡ ਇਸ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਇਸਤਰੀ ਹੈ। 43 ਸਾਲ ਦੀ ਇਤਨੀ ਛੋਟੀ ਉਮਰ ਵਿਚ ਵੱਡੀ ਜ਼ਿੰਮੇਵਾਰੀ ਮਿਲਣਾ ਉਸਦੀ ਕਾਬਲੀਅਤ ਦਾ ਪ੍ਰਮਾਣ ਹੈ। ਭਾਰਤ ਵਿਚ ਵੀ ਅਜੇ ਤੱਕ ਸੁਰੱਖਿਆ ਵਰਗੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਅਹੁਦੇ 'ਤੇ ਕੋਈ ਇਸਤਰੀ ਨਹੀਂ ਪਹੁੰਚ ਸਕੀ। ਤੁਲਸੀ ਗਵਾਰਡ ਦਲੇਰ, ਬਹਾਦਰ, ਬੇਬਾਕ ਅਤੇ ਦਬੰਗ ਸਿਆਸਤਦਾਨ ਹੈ। ਉਹ ਅੰਤਰਰਾਸ਼ਟਰੀ ਮਾਮਲਿਆਂ 'ਤੇ ਵੀ ਖੁੱਲ੍ਹ ਕੇ ਟਿੱਪਣੀਆਂ ਕਰਨ ਕਰਕੇ ਜਾਣੀ ਜਾਂਦੀ ਹੈ। ਮਨੁੱਖੀ ਹੱਕਾਂ ਦੀ ਹਮਾਇਤ ਕਰਨ ਵਾਲੀ ਤੁਲਸੀ ਗਵਾਰਡ ਬਰਾਬਰੀ ਅਤੇ ਬੋਲਣ ਦੀ ਆਜ਼ਾਦੀ ਵਰਗੇ ਵਿਸ਼ਿਆਂ 'ਤੇ ਨਿਧੜਕ ਹੋ ਕੇ ਬੇਬਾਕੀ ਨਾਲ ਬੋਲਣ ਵਾਲੀ ਸਿਆਸਤਦਾਨ ਦੇ ਤੌਰ 'ਤੇ ਜਾਣੀ ਜਾਂਦੀ ਹੈ। ਰਿਪਬਲਿਕਨ ਪਾਰਟੀ ਦੇ ਸੈਨੇਟਰ ਵੀ ਤੁਲਸੀ ਗਵਾਰਡ ਦੇ ਇਸ ਅਹੁਦੇ 'ਤੇ ਨਿਯੁਕਤ ਹੋਣ 'ਤੇ ਹੈਰਾਨ ਤੇ ਪ੍ਰੇਸ਼ਾਨ ਹਨ, ਕਿਉਂਕਿ ਵ੍ਹਿਸਲਬਲੋਅਰ ਐਡਵਰਡ ਸਨੋਡਨ ਬਾਰੇ ਉਸ ਦੀਆਂ ਕੀਤੀਆਂ ਟਿੱਪਣੀਆਂ, ਸਰਕਾਰ ਦੇ ਨਿਗਰਾਨੀ ਅਥਾਰਟੀ ਬਾਰੇ ਉਸ ਦੇ ਵਿਚਾਰਾਂ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਸੀਰੀਆ ਦੇ ਤਾਨਾਸ਼ਾਹ ਬਸ਼ਰ ਅਲ-ਅਸਦ ਨਾਲ ਉਸਦੇ ਸੰਬੰਧਾਂ 'ਤੇ ਰੀਪਬਲਿਕਨਾਂ ਨੂੰ ਗਹਿਰਾ ਇਤਰਾਜ਼ ਸੀ। ਉਹ ਇੱਕ ਦ੍ਰਿੜ੍ਹ ਇਰਾਦੇ ਵਾਲੀ ਸਟਰੌਂਗ ਔਰਤ ਸਿਆਸਤਦਾਨ ਹੈ।



2004 ਵਿਚ ਉਸਦੀ ਨੈਸ਼ਨਲ ਗਾਰਡ ਯੂਨਿਟ ਦੀ ਇਰਾਕ ਵਿਚ ਤਾਇਨਤੀ ਹੋ ਗਈ ਜਿਥੇ ਉਹ 2005 ਤੱਕ ਰਹੀ। 2007 ਵਿਚ ਉਸ ਨੇ ਆਰਮੀ ਦੀ ਟ੍ਰੇਨਿੰਗ ਅਲਬਾਮਾ ਮਿਲਟਰੀ ਅਕਾਦਮੀ ਤੋਂ ਪ੍ਰਾਪਤ ਕੀਤੀ। 2008 ਵਿਚ ਉਹ ਕੁਵੈਤ ਵਿਖੇ ਬਤੌਰ ਆਰਮੀ ਮਿਲਟਰੀ ਪੋਲੀਸ ਆਫ਼ੀਸਰ ਗਈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੋਣ ਕਰਕੇ ਅਮਰੀਕਾ ਵਿਚ 9/11 ਦੇ ਹੋਏ ਹਮਲੇ ਨੇ ਉਸਦੇ ਦਿਲ ਨੂੰ ਵੱਡੀ ਸੱਟ ਮਾਰੀ ਸੀ। 2015 ਵਿਚ ਹਵਾਈ ਆਰਮੀ ਨੈਸ਼ਨਲ ਗਾਰਡ ਵਿਚ ਉਸਦੀ ਤਰੱਕੀ ਮੇਜਰ ਦੀ ਹੋ ਗਈ। 2020 ਵਿਚ ਉਸਦੀ ਬਦਲੀ ਯੂਨਾਈਟਡ ਸਟੇਟ ਆਰਮੀ ਰਿਜ਼ਰਵ ਵਿਚ ਹੋ ਗਈ। ਉਥੇ ਹੀ ਉਸਦੀ ਤਰੱਕੀ ਲੈਫ਼ਟੀਨੈਂਟ ਕਰਨਲ ਵਜੋਂ ਹੋ ਗਈ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿਚ ਤਾਇਨਾਤ ਰਹੀ ਹੈ। ਉਹ ਇਰਾਕ ਵਿਚ ਇੱਕ ਮੈਡੀਕਲ ਯੂਨਿਟ ਵਿਚ ਸੇਵਾ ਕਰਨ ਵਾਲੀ ਸਾਬਕਾ ਫ਼ੌਜੀ ਹੈ, ਜਿਸਨੇ ਆਪਣੇ ਸਿਆਸੀ ਕੈਰੀਅਰ ਵਿਚ ਕਈ ਕਰਵਟਾਂ ਲਈਆਂ। ਉਸਨੇ 2006 ਵਿਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਸ਼ੁਰੂ ਕੀਤਾ ਸੀ।

ਤੁਲਸੀ ਗਵਾਰਡ ਪਹਿਲੀ ਵਾਰ 2002 ਵਿਚ ਮਹਿਜ਼ 21 ਸਾਲ ਦੀ ਉਮਰ ਵਿਚ ਹਵਾਈ ਹਾਊਸ ਆਫ਼ ਰਿਪ੍ਰਜ਼ੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈੱਨ ਕਾਂਗਰਸ ਰਹੀ ਹੈ। ਪਹਿਲੀ ਵਾਰ ਇਹ ਭੂਮਿਕਾ ਇੱਕ ਹਿੰਦੂ ਔਰਤ ਨਿਭਾ ਰਹੀ ਸੀ। ਉਹ ਡੈਮੋਕਰੈਟਿਕ ਪਾਰਟੀ ਦੀ ਸਿਆਸਤ ਵਿਚ ਬਹੁਤ ਸਰਗਰਮ ਰਹੀ ਹੈ। ਉਸਨੇ 2020 ਵਿਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਡੈਮੋਕਰੈਟਿਕ ਪਾਰਟੀ ਵੱਲੋਂ ਦਾਖ਼ਲ ਕੀਤੀ ਸੀ। ਉਸਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸੰਭਾਲ, ਮੁਫ਼ਤ ਕਾਲਜ ਟਿਊਸ਼ਨ ਅਤੇ ਹਥਿਆਰ ਨਿਯੰਤਰਣ ਵਰਗੇ ਉਦਾਰਵਾਦੀ ਮੁੱਦਿਆਂ ਦੀ ਹਮਾਇਤ ਕੀਤੀ ਸੀ। ਇਹ ਮੁੱਦੇ ਉਸਨੇ ਡੈਮੋਕਰੈਟਿਕ ਰਾਸ਼ਟਰਪਤੀ ਉਮੀਦਵਾਰ ਦੀ ਨਾਮਜ਼ਦਗੀ ਸਮੇਂ ਕੀਤੇ ਸਨ। ਉਦੋਂ ਰੂਸੀ ਮੀਡੀਆ ਵੱਲੋਂ ਉਸਦੀ ਚੋਣ ਮੁਹਿੰਮ ਦਾ ਪ੍ਰਚਾਰ ਕਰਨ ਕਰਕੇ ਅਤੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਵੱਲੋਂ ਕਥਿਤ ਸਮਰਥਨ ਹਾਸਲ ਕਰਨ ਲਈ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਬਸ਼ਰ ਅਲ-ਅਸਦ ਨੂੰ ਰੂਸੀ ਸਹਿਯੋਗੀ ਕਿਹਾ ਜਾਂਦਾ ਹੈ। ਡੈਮੋਕਰੈਟਿਕ ਪਾਰਟੀ ਵੱਲੋਂ ਸਪੋਰਟ ਨਾ ਮਿਲਣ ਤੋਂ ਬਾਅਦ ਉਹ ਰਾਸ਼ਟਰਪਤੀ ਦੀ ਉਮੀਦਵਾਰੀ 'ਚੋਂ ਬਾਹਰ ਹੋ ਗਈ ਸੀ। ਫਿਰ ਉਸਨੇ ਜੋ ਬਾਇਡਨ ਦੀ ਸਪੋਰਟ ਕਰ ਦਿੱਤੀ ਸੀ। ਸਾਲ 2022 ਵਿਚ ਉਹ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਇੱਕ ਆਜ਼ਾਦ ਸਿਆਸੀ ਅਗੂ ਵਜੋਂ ਰਜਿਸਟਰ ਹੋਈ ਸੀ। ਡੋਨਲਡ ਟਰੰਪ ਦੀ ਚੋਣ ਮੁਹਿੰਮ ਵਿਚ ਸ਼ਾਮਲ ਹੋ ਗਈ ਸੀ। ਅਕਤੂਬਰ 2024 ਵਿਚ ਉਹ ਫਾਰਮਲ ਤੌਰ 'ਤੇ ਰਿਪਬਲਿਕਨ ਪਾਰਟੀ ਵਿਚ ਸ਼ਾਮਲ ਹੋ ਗਈ ਸੀ। 2012 ਵਿਚ ਪ੍ਰਤੀਨਿਧੀ ਸਭਾ ਦੀ ਮੈਂਬਰ ਹੋਣ ਸਮੇਂ ਉਹ ਹਾਊਸ ਦੀਆਂ ਕਈਆਂ ਮਹੱਤਵਪੂਰਨ ਕਮੇਟੀਆਂ ਜਿਨ੍ਹਾਂ ਵਿਚ ਹਾਊਸ ਆਰਮਡ ਸਰਵਿਸ ਕਮੇਟੀ, ਹਾਊਸ ਫਾਰਨ ਅਫ਼ੇਅਰਜ਼ ਕਮੇਟੀ ਅਤੇ ਹਾਊਸ ਆਰਮਡ ਸਰਵਿਸ ਸਬ ਕਮੇਟੀ ਆਨ ਇੰਟੈਲੀਜੈਂਸ ਦੀ ਮੈਂਬਰ ਰਹੀ। ਉਸ ਸਮੇਂ ਦੌਰਾਨ ਕਈ ਲੋਕ ਹਿਤਾਂ ਦੇ ਮਸਲੇ ਪ੍ਰੀਤਨਿਧੀ ਸਭਾ ਵਿਚ ਉਠਾਏ। ਤੁਲਸੀ ਗਵਾਰਡ ਦੀਆਂ ਵਿਲੱਖਣ ਸੇਵਾਵਾਂ ਕਰਕੇ ਉਸਨੂੰ ਕਈ ਮਾਣ-ਸਨਮਾਨ ਮਿਲੇ ਜਿਨ੍ਹਾਂ ਵਿਚ ਕੁਝ ਮਹੱਤਵਪੂਰਨ ਸਨਮਾਨ, ਕੰਬਾਟ ਮੈਡੀਕਲ ਬੈਜ, ਮੈਰੀਟਸਰੀਅਸ ਸਰਵਿਸ ਮੈਡਲ ਅਤੇ ਜਰਮਨ ਆਰਮਡ ਫ਼ੋਰਸਜ਼ ਬੈਜ ਫਾਰ ਮਿਲਟਰੀ ਪ੍ਰਾਫ਼ੀਸੈਂਸੀ ਇਨ ਗੋਲਡ ਆਦਿ ਹਨ।

ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿਚ 12 ਅਪ੍ਰੈਲ 1981 ਨੂੰ ਮਾਤਾ ਕਰੋਲ ਪੋਰਟਰ ਗਵਾਰਡ ਤੇ ਪਿਤਾ ਗਰਲਡ ਮਾਈਕ ਲਗਵਾਰਡ (ਮਾਈਕ ਗਵਾਰਡ) ਦੇ ਘਰ ਹੋਇਆ। ਉਹ ਪੰਜ ਭੈਣ ਭਰਾ ਹਨ, ਉਨ੍ਹਾਂ ਦੇ ਨਾਮ ਹਿੰਦੂਆਂ ਵਾਲੇ ਭਕਤੀ, ਜੈ, ਆਰੀਅਨ ਅਤੇ ਵਰਿੰਦਾਵਨ ਹਨ। ਉਹ ਦੋ ਸਾਲ ਦੀ ਸੀ, ਜਦੋਂ ਉਸਦੇ ਮਾਪੇ ਹਵਾਈ ਆ ਗਏ। ਉਸਦਾ ਪਾਲਣ-ਪੋਸ਼ਣ ਬਹੁ-ਭਾਸ਼ੀ ਸਭਿਆਚਾਰ ਵਿਚ ਹਵਾਈ ਵਿਖੇ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿਚ ਬਿਤਾਇਆ। ਉਸਦੀ ਮਾਂ ਜਰਮਨ ਤੇ ਯੂਰਪੀਅਨ ਪਿਛੋਕੜ ਵਾਲੀ ਹੈ। ਉਸਦਾ ਪਿਤਾ ਭਾਰਤ ਤੋਂ ਫਿਲਪੀਨ ਗਏ ਸਨ, ਜਿਥੋਂ ਉਹ ਅਮਰੀਕਾ ਆ ਗਏ ਸਨ। ਤੁਲਸੀ ਗਵਾਰਡ ਭਾਰਤੀ ਸਭਿਆਚਾਰ ਨਾਲ ਬਾਵਾਸਤਾ ਹੈ ਕਿਉਂਕਿ ਉਸਦੀ ਮਾਂ ਨੇ ਵੀ ਹਿੰਦੂ ਧਰਮ ਤੁਲਸੀ ਦੇ ਜਨਮ ਤੋਂ ਪਹਿਲਾਂ ਹੀ ਅਪਣਾ ਲਿਆ ਸੀ। ਉਸਨੇ 2013 ਵਿਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖ ਕੇ ਸਹੁੰ ਚੁੱਕੀ ਸੀ। ਉਹ ਧਾਰਮਿਕ ਵਾਤਾਵਰਨ ਵਿਚ ਪਲੀ ਹੈ। ਤੁਲਸੀ ਗਵਾਰਡ ਕ੍ਰਿਸ਼ਨ ਭਗਤ ਹੈ, ਜੋ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। 2014 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਟ ਕੀਤੀ ਸੀ। ਤੁਲਸੀ ਗਵਾਰਡ ਮਾਰਸ਼ਲ ਆਰਟ ਤੇ ਸਪੋਰਟਸ ਲਵਰ, ਯੋਗਾ ਤੇ ਮੈਡੀਟੇਸ਼ਨ ਕਰਦੀ ਹੈ।

2009 ਵਿਚ ਉਸਨੇ ਹਵਾਈ ਪੈਸੇਫਿਕ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਕੀਤੀ। ਉਸ ਦਾ ਪਹਿਲਾ ਵਿਆਹ 2002 ਵਿਚ ਬਚਪਨ ਦੇ ਦੋਸਤ ਐਡੂਰਾਡੋ ਟਮਾਇਓ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸਦੀ ਫ਼ੌਜ ਵਿਚ ਪੋਸਟਿੰਗ ਇਰਾਕ ਦੀ ਲੜਾਈ ਵਿਚ ਹੋ ਗਈ, ਜਿਥੇ ਪਰਿਵਾਰ ਨਹੀਂ ਰਹਿ ਸਕਦਾ ਸੀ, ਇਸ ਕਰਕੇ 2006 ਵਿਚ ਉਸਦਾ ਤਲਾਕ ਹੋ ਗਿਆ। 2015 ਵਿਚ ਉਸਦਾ ਦੂਜਾ ਵਿਆਹ ਅਬਰਾਹਿਮ ਵਿਲੀਅਮਜ਼ ਨਾਲ ਹੋ ਗਿਆ। ਉਸਦਾ ਪਤੀ ਫ਼ਿਲਮ ਮੇਕਰ ਹੈ।

---

# ਮਾਨਵੀ ਸਰੋਕਾਰਾਂ ਵਿਚ ਪੰਜਾਬੀ ਸਾਹਿਤ ਦੀ ਉੱਤਮਤਾ

2025 ਦੇ ਮਾਰਚ ਮਹੀਨੇ ਦਾ ਆਰੰਭ ਬੜਾ ਸ਼ਗਨਾਂ ਵਾਲਾ ਸੀ। ਇਸ ਦੀ ਸ਼ੁਰੂਆਤ ਪੰਜਾਬ ਕਲਾ ਭਵਨ ਚੰਡੀਗੜ੍ਹ ਦੇ ਵਿਹੜੇ ਅੰਗਰੇਜ਼ੀ ਭਾਸ਼ਾ ਵਿਚ ਛਪੀ ਉਸ ਪੁਸਤਕ ਦੇ ਲੋਕ-ਅਰਪਣ ਨਾਲ ਹੋਈ ਜਿਸ ਵਿਚ ਮੁੱਢ ਕਦੀਮ ਤੋਂ ਅੱਜ ਤੱਕ ਦੇ ਮਾਨਵੀ ਸਰੋਕਾਰਾਂ ਦੀ ਪ੍ਰਤੀਨਿਧਤਾ ਸ਼ਾਮਲ ਹੈ। ਪੁਸਤਕ ਦਾ ਨਾਂ 'ਹਿਊਮੈਨਿਸਟਿਕ ਕਨਸਰਨਜ਼ ਇਨ ਪੰਜਾਬੀ ਲਿਟਰੇਚਰ' ਹੈ ਜਿਸਦਾ ਸੰਪਾਦਨ ਆਤਮਜੀਤ ਤੇ ਹਰਭਜਨ ਸਿੰਘ ਭਾਟੀਆ ਨੇ ਕੀਤਾ ਹੈ। ਪੰਜਾਬੀ ਸਾਹਿਤ ਤੇ ਸਭਿਆਚਾਰ ਵਿਚ ਸੰਪਾਦਕਾਂ ਦੀ ਦੇਣ ਨੂੰ ਇਸ ਕਾਲਮ ਦੇ ਪਾਠਕ ਭੁੱਲੇ ਹੋਏ ਨਹੀਂ। ਮੈਂ ਪੁਸਤਕ ਵਿਚ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪਰੋਈਆਂ ਸਾਹਿਤਕ ਵੰਨਗੀਆਂ ਦੀ ਗੱਲ ਕਰਾਂਗਾ।

ਆਮ ਤੌਰ 'ਤੇ ਪੰਜਾਬੀ ਸਾਹਿਤ ਦੀ ਗੱਲ ਬਾਬਾ ਫਰੀਦ ਦੇ ਸ਼ਲੋਕਾਂ ਅਤੇ ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁਲ੍ਹੇ ਸ਼ਾਹ ਦੇ ਸੂਫ਼ੀ ਸਰੋਕਾਰਾਂ ਤੇ ਨਾਮਦੇਵ, ਧੰਨਾ ਤੇ ਪੀਪਾ ਦੀਆਂ ਭਗਤੀ ਭਾਵਨਾਵਾਂ ਦੀ ਗੱਲ ਕਰ ਕੇ ਅੱਗੇ ਤੋਰੀ ਜਾਂਦੀ ਹੈ। ਹਥਲੀ ਪੁਸਤਕ ਦੇ ਸੰਪਾਦਕਾਂ ਨੇ ਉਨ੍ਹਾਂ ਦੀ ਦੇਣ ਨੂੰ ਸਿਰ ਮੱਥੇ ਰੱਖਦਿਆਂ ਮਾਨਵੀ ਸਰੋਕਾਰਾਂ ਨੂੰ ਪਰਨਾਏ ਲੋਕਗੀਤਾਂ ਨੂੰ ਪਹਿਲ ਦੇ ਕੇ ਬਾਜ਼ੀ ਮਾਰੀ ਹੈ। ਏਥੇ ਬਾਬਲ ਦੀ ਸੱਜ ਵਿਆਹੀ ਧੀ ਸਹੁਰੇ ਘਰ ਜਾਣ ਤੋਂ ਕੰਨੀ ਕਤਰਾਉਂਦੀ ਹੋਈ ਮਾਪਿਆਂ ਦੇ ਘਰ ਵਾਲੇ ਦਰਵਾਜ਼ੇ ਨੂੰ ਸੌੜਾ ਕਹਿੰਦੀ ਹੈ ਤਾਂ ਉਸਦਾ ਬਾਬਲ ਆਪਣੀ ਧੀ ਨੂੰ ਵਰਾਉਣ ਵਾਲੀ ਰੋਕੂ ਬਣਨ ਵਾਲੀਆਂ ਇੱਟਾਂ ਨੂੰ ਉਖੇੜਨ ਦਾ ਵਚਨ ਦੇ ਕੇ ਉਸਨੂੰ ਸਹੁਰੇ ਘਰ ਜਾਣ ਲਈ ਪ੍ਰੇਰਦਾ ਹੈ। ਇਨ੍ਹਾਂ ਗੀਤਾਂ ਵਿਚ ਚਿੜੀਆਂ ਦਾ ਚੰਬਾ ਵੀ ਹੈ, ਗਲੀ-ਗਲੀ ਚੱਕਰ ਲਾਉਂਦਾ ਵਣਜਾਰਾ ਵੀ, ਸੰਦਲ ਦੇ ਰੁੱਖ ਉਹਲੇ ਖੜ੍ਹੀ ਮੁਟਿਆਰ ਦਾ ਵਾਸਤਾ ਤੇ ਸਾਉਣ ਦੇ ਮੌਸਮ ਦੀ ਮੰਗ ਵੀ। ਭਾਵ ਇਹ ਕਿ ਮਾਨਵੀ ਸਰੋਕਾਰਾਂ ਦੀਆਂ ਨੀਹਾਂ ਨੂੰ ਚੇਤੇ ਕਰਨ ਵਾਲੇ ਇਹ ਗੀਤ ਹੀ ਲਿਖਤੀ ਸਾਹਿਤ ਨੂੰ ਅੱਗੇ ਤੋਰਦੇ ਹਨ। ਸ਼ਹੀਦ ਭਗਤ ਸਿੰਘ ਦੀ ਘੋੜੀ ਸਮੇਤ। ਗੁਰੂ ਨਾਨਕ, ਗੁਰੂ ਅਰਜਨ ਦੇਵ, ਤੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਜਾਂ ਭਾਈ ਗੁਰਦਾਸ ਦੀਆਂ ਵਾਰਾਂ ਤੇ ਵਾਰਿਸ ਸ਼ਾਹ ਵਰਗਿਆਂ ਦੇ ਕਿੱਸਾ-ਕਾਵਿ ਦੀਆਂ ਨੀਹਾਂ ਵਿਚ ਵੀ ਲੋਕ ਸਾਹਿਤ ਸਮੋਇਆ ਪਿਆ ਹੈ। ਉਂਝ ਸੰਪਾਦਕਾਂ ਨੇ ਹਾਸ਼ਮ ਸ਼ਾਹ ਤੇ ਸ਼ਾਹ ਮੁਹੰਮਦ ਨੂੰ ਵੀ ਘੱਟ ਮਾਣ ਨਹੀਂ ਦਿੱਤਾ।

ਏਥੇ ਵਰਤਮਾਨ ਕਵਿਤਾ ਵਿਚ ਭਾਈ ਵੀਰ ਸਿੰਘ, ਹੀਰਾ ਸਿੰਘ ਦਰਦ, ਬਾਬੂ ਰਜਬ ਅਲੀ, ਫਿਰੋਜ਼ ਦੀਨ ਸ਼ਰਫ, ਮੋਹਨ ਸਿੰਘ, ਦਾਮਨ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ ਤੇ ਤਾਰਾ ਸਿੰਘ ਕਾਮਲ (ਮੋਮਬੱਤੀਆਂ) ਹੀ ਨਹੀਂ ਮੀਸ਼ਾ, ਜਗਤਾਰ, ਹੁੰਦਲ, ਉਦਾਸੀ, ਪਾਤਰ, ਨੂਰ, ਫਖਰ ਜ਼ਮਾਂ, ਦੇਵ, ਝੱਜ, ਅਮਿਤੋਜ, ਨੀਰੂ ਅਸੀਮ, ਸਵੀ, ਜ਼ਫਰ ਤੇ ਸਾਬਿਰ ਅਲੀ ਸਾਬਿਰ ਵੀ ਸ਼ਾਮਲ ਹਨ।

ਏਸੇ ਤਰ੍ਹਾਂ ਗਲਪ ਦਾ ਭਾਗ ਨਾਨਕ ਸਿੰਘ, ਸੇਖੋਂ, ਕੰਵਲ, ਦੁੱਗਲ, ਵਿਰਕ, ਅਜੀਤ ਕੌਰ, ਟਿਵਾਣਾ, ਕਜ਼ਾਕ, ਬਲਦੇਵ ਸਿੰਘ, ਖਾਲਿਦ ਹੁਸੈਨ ਤੇ ਮਿੱਤਰ ਸੈਨ ਮੀਤ ਨੂੰ ਪ੍ਰਤੀਨਿਧਤਾ ਦਿੰਦਾ ਹੈ।

ਹਰਮਨ-ਪਿਆਰੀ ਵਿਧਾ ਨਾਟਕ ਵਿਚ ਈਸ਼ਵਰ ਚੰਦਰ ਨੰਦਾ, ਹਰਚਰਨ ਸਿੰਘ, ਗਾਰਗੀ, ਆਤਮਜੀਤ, ਸਵਰਾਜਬੀਰ ਤੇ ਕੇਵਲ ਧਾਲੀਵਾਲ ਅਤੇ ਵਾਰਤਕ ਲੇਖਕਾਂ ਵਿਚ ਤੇਜਾ ਸਿੰਘ, ਗੁਰਬਖਸ਼ ਸਿੰਘ, ਰੂਪ ਸਾਹਨੀ, ਗੁਰਦਿੱਤ ਸਿੰਘ, ਗੁਰਬਚਨ ਤੇ ਬਲਬੀਰ ਮਾਧੋਪੁਰੀ ਦੇ ਚੋਣਵੇਂ ਨਮੂਨੇ ਅੰਗਰੇਜ਼ੀ ਭਾਸ਼ਾ ਵਿਚ ਉਲਥਾਏ ਗਏ ਹਨ। ਇਹ ਉਲੱਥਾ ਉਪਰੋਕਤ ਲੇਖਕਾਂ ਦੀਆਂ ਰਚਨਾਵਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਮਹਾਰਥੀਆਂ ਦੇ ਨਮੂਨੇ ਪੇਸ਼ ਕਰਦਾ ਹੈ। ਇਹੋ ਜਿਹੇ ਵੱਡੇ ਕਾਰਜ ਵਿਚ ਸੁਰਿੰਦਰ ਗਿੱਲ (ਕਵੀ) ਤੇ ਗੁਰਦੇਵ ਸਿੰਘ ਰੁਪਾਣਾ ਵਰਗੇ ਕਹਾਣੀਕਾਰਾਂ ਦਾ ਰਹਿ ਜਾਣਾ ਕੋਈ ਊਣਤਾਈ ਨਹੀਂ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕਿਸੇ ਵੀ ਭਾਸ਼ਾ ਦਾ ਅੰਗਰੇਜ਼ੀ ਅਨੁਵਾਦ ਪ੍ਰਾਪਤ ਹੋਣਾ ਰਚਨਾਕਾਰ ਦੀ ਭਾਵਨਾ ਦਾ ਸਾਰੇ ਸੰਸਾਰ ਦੇ ਪੱਲੇ ਪੈਣਾ ਹੈ। ਇਹ ਇੱਕੋ ਇਕ ਭਾਸ਼ਾ ਹੈ ਜਿਹੜੀ ਦੁਨੀਆਂ ਦੇ ਕੋਨੇ-ਕੋਨੇ ਤੱਕ ਫੈਲ ਚੁੱਕੀ ਹੈ। ਇਕ ਸਮਾਂ ਸੀ ਜਦੋਂ ਅੰਗਰੇਜ਼ਾਂ ਨੇ ਆਪਣੇ ਪੈਰ ਕਈ ਸਾਗਰਾਂ ਤੋਂ ਪਾਰ ਪਸਾਰ ਰੱਖੇ ਸਨ। ਉਹ ਜਿੱਥੇ ਵੀ ਗਏ ਉਨ੍ਹਾਂ ਨੇ ਸਥਾਨਕ ਵਸਨੀਕਾਂ ਨੂੰ ਆਪਣੇ ਅਧੀਨ ਕਰਨ ਲਈ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਤੋਂ ਜਾਣੂ ਕਰਵਾਇਆ।

ਅਖੰਡ ਹਿੰਦੁਸਤਾਨ ਉੱਤੇ ਅੰਗਰੇਜ਼ਾਂ ਨੇ ਹੀ ਰਾਜ ਨਹੀਂ ਕੀਤਾ ਉਨ੍ਹਾਂ ਤੋਂ ਪਹਿਲਾਂ ਦੋ ਸੌ ਸਾਲ ਮੁਗ਼ਲ ਵੀ ਕਾਬਜ਼ ਰਹੇ। ਨਤੀਜੇ ਵਜੋਂ ਏਥੋਂ ਦੇ ਸਮੁੱਚੇ ਵਸਨੀਕ ਆਪਣੀ ਮਾਂ ਬੋਲੀ ਤੋਂ ਬਿਨਾ ਉਰਦੂ ਤੇ ਅੰਗਰੇਜ਼ੀ ਵੀ ਪੜ੍ਹ ਗਏ। ਉਰਦੂ ਸਲੀਕਾ ਪ੍ਰਦਾਨ ਕਰਨ ਵਾਲੀ ਭਾਸ਼ਾ ਸੀ ਤੇ ਅੰਗਰੇਜ਼ੀ ਦ੍ਰਿਸ਼ਟੀ ਦਾ ਵਿਸਤਾਰ ਕਰਨ ਵਾਲੀ। ਆਤਮਜੀਤ ਤੇ ਹਰਭਜਨ ਸਿੰਘ ਭਾਟੀਆ ਨੇ ਅੰਗਰੇਜ਼ੀ ਦਾ ਮਹੱਤਵ ਪਛਾਣਿਆ ਤੇ ਆਪਣੀ ਮਾਂ ਬੋਲੀ ਵਿਚ ਦਰਸਾਈ ਗਈ ਭਾਵਨਾ ਤੇ ਧਾਰਨਾ ਨੂੰ ਸਮੁੱਚੇ ਸੰਸਾਰ ਵਿਚ ਪਹੁੰਚਾਉਣ ਦਾ ਹੰਭਲਾ ਮਾਰਿਆ ਹੈ।

ਅਨੁਵਾਦ ਦਾ ਕੰਮ ਏਨਾ ਸੌਖਾ ਨਹੀਂ ਸੀ। ਰਚਨਾਵਾਂ ਦੀ ਚੋਣ ਜਿੰਨਾ ਹੀ ਮੁਸ਼ਕਲ ਸੀ। ਇਹ ਸਿਹਰਾ ਵੀ ਸੰਪਾਦਕਾਂ ਦੇ ਸਿਰ ਬੱਝਦਾ ਹੈ ਕਿ ਉਨ੍ਹਾਂ ਨੇ ਵਿਵੇਕ ਸਚਦੇਵਾ, ਪੁਸ਼ਪਿੰਦਰ ਸਿਆਲ, ਸਵਰਾਜ ਰਾਜ ਤੇ ਮਾਧਵੀ ਕਟਾਰੀਆ ਨੂੰ ਲੱਭ ਕੇ ਇਹ ਕਾਰਜ ਵੀ ਬਾਖ਼ੂਬੀ ਨਿਭਾਇਆ ਹੈ। ਨਿਰਾ ਅਨੁਵਾਦ ਹੀ ਨਹੀਂ ਇਸ ਵਿਚ ਨਵਸਿਰਜੀ ਕਲਾਕਾਰੀ ਦਾ ਉਜਾਲਾ ਹੈ।

ਚੇਤੇ ਰਹੇ ਕਿ ਇਸ ਵਡਮੁੱਲੇ ਕਾਰਜ ਦੀ ਨੀਂਹ ਰੱਖਣ ਵਾਲਾ ਇਸ ਲੜੀ ਦਾ ਸੰਪਾਦਕ ਗਣੇਸ਼ ਅੰਨ ਦੇਵੀ ਹੈ। ਉਹ ਪੰਜਾਬੀ ਤੋਂ ਪਹਿਲਾਂ ਅਜਿਹਾ ਕਾਰਜ ਮਰਾਠੀ, ਕੰਨੜ, ਕੋਂਕਣੀ ਅਤੇ ਤੈਲਗੂ ਭਾਸ਼ਾ ਵਿਚ ਕਰ ਕੇ ਨਾਮਣਾ ਖੱਟ ਚੁੱਕਿਆ ਹੈ। ਉਪਰ ਵਾਲਾ ਉਸਨੂੰ ਲੰਮੀ ਉਮਰ ਬਖਸ਼ੇ ਤਾਂ ਕਿ ਉਹ ਇਹ ਕਾਰਜ ਬਾਕੀ ਦੀਆਂ ਭਾਰਤੀ ਭਾਸ਼ਾਵਾਂ ਵਿਚ ਵੀ ਨੇਪਰੇ ਚੜ੍ਹਾ ਸਕੇ। ਮੇਰੀ ਮਾਂ ਬੋਲੀ ਦੇ ਪਾਠਕ ਸੁਭਾਗੇ ਹਨ ਜਿਨ੍ਹਾਂ ਦੀ ਭਾਸ਼ਾ ਦੀਆਂ ਉੱਤਮ ਰਚਨਾਵਾਂ ਪਹਿਲੀਆਂ ਪੰਜ ਭਾਸ਼ਾਵਾਂ ਵਿਚ ਆ ਗਈਆਂ ਹਨ। ਇਸ ਲਈ ਇਸ ਪੋਥੀ ਦੇ ਸੰਪਾਦਕ ਹੀ ਨਹੀਂ ਅਨੁਵਾਦਕ ਵੀ ਸ਼ਲਾਘਾ ਦੇ ਹੱਕਦਾਰ ਹਨ।

ਜਿਥੋਂ ਤੱਕ ਛੋਟੀਆਂ-ਮੋਟੀਆਂ ਅਣਗਹਿਲੀਆਂ ਦਾ ਸਵਾਲ ਹੈ ਉਹ ਗੌਲਣਯੋਗ ਨਹੀਂ। ਪਾਇਦਾਰ ਨੀਹਾਂ ਰੱਖੀਆਂ ਗਈਆਂ ਹਨ ਤੇ ਨਵੀਆਂ ਉਸਾਰੀਆਂ ਹੁੰਦੀਆਂ ਰਹਿਣਗੀਆਂ। ਚੰਦ ਉੱਤੇ ਜਾਣ ਵਾਲੇ ਵੀ ਤਦ ਹੀ ਸਫਲ ਹੋਏ ਹਨ ਜੇ ਪੰਡਤ ਨਹਿਰੂ ਦੀ ਸਰਕਾਰ ਨੇ ਇੰਟਰਨੈਸ਼ਨਲ ਸਪੇਸ ਰਿਸਰਚ ਇੰਸਟੀਚਿਊਟ ਦੀ ਸਥਾਪਨਾ ਕੀਤੀ ਸੀ। ਵਰਤਮਾਨ ਸਰਕਾਰ ਦੇ ਸ਼ਾਸਕ ਜਿੰਨੀਆਂ ਮਰਜ਼ੀ ਛਾਤੀਆਂ ਫੈਲਾਅ ਕੇ ਗੱਲ ਕਰਨ, ਨੀਂਹ ਰੱਖਣ ਵਾਲਾ ਪੰਡਤ ਨਹਿਰੂ ਸੀ। ਸਾਡੇ ਸੰਪਾਦਕਾਂ ਨੇ ਉਹਦੇ ਵਰਗਾਂ ਕੰਮ ਕਰਕੇ ਮਾਲੀ ਮਾਰੀ ਹੈ।

ਅੰਤਿਕਾ

ਹਰਦਿਆਲ ਸਾਗਰ॥

ਤੁਸੀਂ ਘਰ 'ਚ ਬਹਿ ਕੇ ਜ਼ਿਕਰ ਜਦ ਕੀਤਾ ਸਮੁੰਦਰ ਦਾ,
ਸੀ ਹਉਕਾ ਤੋਰਿਆ ਨੁੱਕਰ 'ਚ ਬੈਠੇ ਯੋਗਿਆਂ ਉੱਪਰ।
ਤਮੰਨਾ ਹੈ ਕਿ ਬਣ ਮੁਸਕਾਨ ਹਰ ਪਲ ਖੇਡਦਾ ਹੋਵਾਂ,
ਮੈਂ ਮਾਵਾਂ ਨਾਲ ਲੱਗ ਕੇ ਘੂਕ ਸੁੱਤੇ ਬੱਚਿਆਂ ਉੱਪਰ।
ਹੈ ਨਕਲੀ ਧੁੱਪ, ਨਕਲੀ ਪੌਣ, ਨਕਲੀ ਜਲ ਤਾਂ ਕੀ ਹੋਇਆ,
ਅਸੀਂ ਫੁੱਲਦਾਰ ਬੂਟੇ ਵਾਹ ਲਵਾਂਗੇ ਗਮਲਿਆਂ ਉੱਪਰ।

# ‘ਕੁਦਰਤੀ ਵਿਹਾਰ’ ਅਤੇ ‘ਮੱਲ ਵਿਹਾਰ’ ਦੀ ਥਾਹ ਪਾਉਂਦੀ ਕਿਤਾਬ ‘ਜਿਮੀ ਪੁਛੈ ਅਸਮਾਨ’

ਡਾ. ਆਸਮਾ ਕਾਦਰੀ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪ੍ਰੋਫੈਸਰ ਹੈ। ਅਕਾਦਮਿਕ ਖੇਤਰ ਵਿਚ ਗੋਲਡ ਮੈਡਲਿਸਟ ਤਾਂ ਹੈ ਈ, ਨਾਲ ਦੀ ਨਾਲ ਨਜ਼ਮ ਹੁਸੈਨ ਸੱਯਦ ਦੀ ਸੰਗਤ ਕਾਰਨ ਬਾਬਾ ਫਰੀਦ, ਬਾਬਾ ਨਾਨਕ ਤੇ ਭਗਤ ਕਬੀਰ ਦੀ ਜੀਵਨ ਜਾਚ ਦਾ ਵੀ ਗਹਿਰਾ ਗਿਆਨ ਰੱਖਦੀ ਹੈ। ਇਸੇ ਸੰਬੰਧ ਵਿਚ ਉਹ ਦੇਸ਼ਾਂ-ਵਿਦੇਸ਼ਾਂ ਦੇ ਗੁਰੂਘਰਾਂ ਵਿਚ ਆਪਣੇ ਵਿਚਾਰ ਪੇਸ਼ ਕਰਦੀ ਰਹਿੰਦੀ ਹੈ। ਹਥਲੀ ਕਿਤਾਬ ਵੀ ਉਸੇ ਦਾ ਨਿਚੋੜ ਹੈ।



ਰਵਿੰਦਰ ਸਿੰਘ ਸਹਿਰਾਅ

ਕੁਦਰਤੀ ਵਿਹਾਰ ਵਿਚ ਸਾਡੇ ਕੋਲ ਸੂਰਜ, ਧੁੱਪ, ਪਾਣੀ, ਹਵਾ, ਰੁੱਖ ਤੇ ਜ਼ਮੀਨ ਹਨ। ਜੋ ਬਿਨਾ ਕਿਸੇ ਕੋਲੋਂ ਕੁਝ ਮੰਗਿਆਂ ਸਭ ਨੂੰ ਬਰਾਬਰ ਝੋਲੀਆਂ ਭਰ-ਭਰ ਵੰਡਦੇ ਹਨ।

ਮੱਲ ਵਿਹਾਰ ਵਿਚ ਸਾਰੇ ਸੋਮਿਆਂ ਉਪਰ ਕੁਝ ਗਿਣਤੀ ਦੇ ਲੋਕਾਂ ਨੇ ਆਪਣਾ ਕਬਜ਼ਾ ਕਰ ਰੱਖਿਆ ਹੈ। ਉਹ ਇਨ੍ਹਾਂ ਦੀ ਦੁਰਵਰਤੋਂ ਕਰ ਕੇ ਆਮ ਲੋਕਾਂ ਨੂੰ ਲੁੱਟਦੇ ਹਨ।

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾ ਨਾਲਿ ਉਲਾਮੇ ਜੀਆ ਸਹੇ॥

ਖੇਵਟ ਦਾ ਮਤਲਬ ਟੁਕੜਾ ਵੀ ਹੁੰਦਾ ਹੈ ਧਰਤੀ ਦਾ ਟੁਕੜਾ। ਬੇ ਇਹਦਾ ਮਤਲਬ ਉਹ ਕਿਤਾਬ ਜਾਂ ਰਜਿਸਟਰ ਵੀ ਹੁੰਦਾ ਹੈ ਜਿਸ ਵਿਚ ਜ਼ਮੀਨਾਂ ਦਾ ਹਿਸਾਬ ਰੱਖਿਆ ਜਾਂਦਾ ਹੈ।

ਉਹ ਲਿਖਦੀ ਹੈ ਕਿ ‘ਉਪਜ ਤਾਂ ਖੁੱਲ੍ਹ ਏ, ਆਜ਼ਾਦੀ। ਧਰਤੀ ਅੰਨ ਉਪਜਾਵੇ, ਜਣੀ ਬਾਲ ਜਮਾਏ, ਯਾ ਕਰਨਹਾਰ ਵਸਤ ਘਵੇ ਸਭ ਕੁਦਰਤ ਦਾ ਦਾਨ ਏ। ਰਾਜਵਾਲੀ ਨੇ ਅਜ਼ਾਦ ਧਰਤ ਨੂੰ ਵੰਡ ਕੇ ਮਾਲਕੀਤਾਂ ਬਣਾਈਆਂ ਤੇ ਕਿਰਤੀ ਕਿਸਾਨ ਨੂੰ ਆਪਣਾ ਗੁਲਾਮ ਕੀਤਾ।’

ਮੱਲ ਵਿਹਾਰ ਬਾਰੇ ਉਹ ਹੋਰ ਲਿਖਦੀ ਹੈ, ‘‘ਮੱਲਵਾਲੀ ਦੀ ਨੀਂਹ ਏ ‘‘ਧਨ’’ ਤੇ ਧਨ ਉਤੇ ਕਬਜ਼ਾ।’’

ਹੋਰ ਦੇਖੋ:- ਜਦੋਂ ਕਰਨਹਾਰ ਦਾ ਹਿੱਸਾ ਖੁੱਸ ਗਿਆ ਤਾਂ ਉਸ ਦੇ ਭਾਗ ਖੋਟੇ ਹੋ ਗਏ। ਉਹਦੀ ਕੀਤੀ ‘ਤੇ ਮੱਲ ਮਾਰਨ ਵਾਲੇ ਭਗਵਾਨ ਹੋ ਗਏ, ਮਾਲਿਕ, ਮੁਖਤਾਰ, ਰੱਬ।






ਡਾ. ਆਸਮਾ ਕਾਦਰੀ ਅਤੇ ਪੁਸਤਕ ‘ਜਿਮੀ ਪੁਛੈ ਅਸਮਾਨ’ ਦਾ ਸਰਵਰਕ।

ਇਸੇ ਤਰ੍ਹਾਂ ਉਹ ਉਪਰ ਦਿੱਤੇ ਦੋਵਾਂ ਵਿਹਾਰਾਂ ਦੀ ਗੱਲ ਗੁਰਬਾਣੀ ਦੀਆਂ ਤੁਕਾਂ ਵਰਤ ਕੇ ਕਰਦੀ ਜਾਂਦੀ ਹੈ ਤੇ ਸਾਡੇ ਕਿਵਾੜ ਖੁੱਲ੍ਹਦੇ ਜਾਂਦੇ ਹਨ। ਸ਼ਬਦਾਂ ਦੇ ਅਰਥ ਸਾਡੇ ਸਾਹਮਣੇ ਧੁੱਪ ਵਾਂਗ ਪਸਰ ਜਾਂਦੇ ਹਨ। ‘ਸ਼ਬਦ ਦੇ ਅਰਥ ਕੀ ਹਨ। ਸ਼ਬਦ ਹੈ ਮਿਹਨਤ, ਘਾਲ, ਪੋਰਹਿਆ। ‘ਧਰਮ’ ਦੀ ਮਿਹਨਤ ਵਿਚੋਂ ਈ ਗਿਆਨ ਦਾ ਕਰਮ ਨਿਕਲਦਾ ਏ। ਖ਼ਲਕਤ ਦੀ ਕਰਨੀ, ਨਿਮਾਣਿਆਂ ਦੀ ਮਿਹਨਤ ਜਦੋਂ ਤਨ, ਮਨ ਵਿਚ ਰਚ ਗਈ ਤਾਂ ਬਾਦਸ਼ਾਹੀਆਂ ਦੇ ਉਲਟਣ ਦਾ ਵੇਲਾ ਸਿਰ ਪਰ ਆਵਸੀ।’’

ਇਹ ਕਿਤਾਬ ਹੋਰ ਵੀ ਬੜੀਆਂ ਗੁਣਵਾਨ ਚੀਜ਼ਾਂ ਦੀ ਥਾਹ ਪਾਉਂਦੀ ਹੈ, ਬਾਤ ਪਾਉਂਦੀ ਹੈ ਪਰ ਉਹ ਸਭ ਤਾਂ ਸਾਨੂੰ ਕਿਤਾਬ ਪੜ੍ਹ ਕੇ ਹੀ ਪਤਾ ਲੱਗਣਗੀਆਂ।

***(ਨੋਟ: ਇਸ ਕਿਤਾਬ ਦੀ ਕੀਮਤ ਭਾਵੇਂ ਵੀਹ ਡਾਲਰ ਰੱਖੀ ਗਈ ਹੈ ਪਰ ਅਮਰੀਕਾ ਵਿਚ ਇਹ ਮੁਫਤ ਭੇਜੀ ਜਾ ਸਕਦੀ ਹੈ, ਬਸ਼ਰਤੇ ਤੁਸੀਂ ਚਾਰ ਡਾਲਰ ਤੀਹ ਸੈਂਟ ਦੀਆਂ ਟਿਕਟਾਂ (ਸਟੈਂਪਸ) ਵਾਲਾ ਲਿਫ਼ਾਫ਼ਾ (8*10) ਭੇਜੋ। ਮੇਰਾ ਸੰਪਰਕ ਨੰਬਰ ਹੈ 219-900-1115।***
***-ਆਮੀਨ***

---

## ਕਾਵਿ-ਕਿਆਰੀ

### ਬੇਬੇ ਦਾ ਪਕਵਾਨ

ਉੱਠ ਜਾ ਬੇਬੇ ਦੱਸਦੇ ਮੈਨੂੰ,
ਤੂੰ ਸਾਗ ਕਿਵੇਂ ਬਣਇਆ ਸੀ
ਚਣੇ ਦੀ ਦਾਲ ‘ਚ ਘੀਆ ਪਾ ਕੇ,
ਤੜਕਾ ਕਿੰਝ ਲਗਾਇਆ ਸੀ।

ਆਲੂ ਦਾਲ ਕਚੋਰੀਆਂ ਦੇ ਲਈ,
ਕਿੰਨਾ ਤੇਲ ਰਿਝਾਇਆ ਸੀ
ਗੁਲਗਲੇ ਐਨੇ ਪੋਲੇ ਕਿੰਜ ਬਣਦੇ,
ਕਿਸ ਤੋਂ ਸਿੱਖ ਸਿਖਾਇਆ ਸੀ।

ਕੜ੍ਹੀ ਚ ਕਿੰਨੇ ਆਲੂ ਟਮਾਟਰ,
ਪਾ ਕੇ ਕਿੰਨਾ ਰਿੰਨ੍ਹਇਆ ਸੀ
ਲੱਸੀ ਵਾਲੇ ਪਨੀਰ ਵਿਚ,
ਕੀ ਕੁਝ ਹੋਰ ਮਿਲਾਇਆ ਸੀ।

ਅੰਬ ਦੀ ਕੱਚੀ ਪੱਕੀ ਚਟਣੀ,
ਬਣਾਣੀ ਕਿਸ ਸਿਖਾਇਆ ਸੀ
ਸੁਪਨੇ ਵਿਚ ਹੀ ਖਾ ਲੈਨਾਂ,
ਜੋ ਖੋਆ ਕੱਚਾ ਛੁਪਾਇਆ ਸੀ।

ਮੈਂ ਕਿਹੜਾ ਤੇਰੀ ਰੈਸਪੀ ਖੋਹਣੀ,
ਮੈਥੋਂ ਕਿਉਂ ਤੂੰ ਛੁਪਾਇਆ ਸੀ
ਨਾ ਬੇਬਾ ਨਾ ਗੁੱਸੇ ਨਾ ਹੋ,
ਐਵੇਂ ਮਜ਼ਾਕ ‘ਚ ਮੂੰਹ ਬਣਾਇਆ ਸੀ।

***-ਠਾਕਰ ਸਿੰਘ ਬਸਾਤੀ***

---

### ਕੰਮ ਤੋਂ ਮੁੜਦੀਆਂ ਕੁੜੀਆਂ

ਸ਼ਾਮ ਦੀ ਆਖਰੀ ਗੱਡੀ
ਕੰਮਾਂ ਤੋਂ ਘਰਾਂ ਵੱਲ ਜਾਵੇ ਭੱਜੀ
ਡੁਬਦੇ ਸੂਰਜ ਦੀ ਲੋਏ
ਘੂਕ ਸੁੱਤੀ ਪਈ
ਇੱਕ ਅੱਲੜ ਕੁੜੀ।

ਬਾਰੀ ਥਾਣੀਂ ਚੁਪਕੇ-ਚੁਪਕੇ
ਅਲਸਾਈਆਂ ਅਲਸਾਈਆਂ
ਸੂਹੀਆਂ ਕਿਰਨਾਂ
ਉਸਦਾ ਮੱਥਾ ਚੁੰਮਦੀਆਂ
ਪਲਕਾਂ ਸਹਿਲਾਉਂਦੀਆਂ
ਹੋਠਾਂ ਨੂੰ ਹੋਰ ਸੁਰਖਾਉਂਦੀਆਂ।

ਉਸਦੇ ਚਿਹਰੇ ‘ਤੇ ਬਿਖਰੀ ਲਟ
ਗੱਡੀ ਦੇ ਹਿਚਕੋਲੇ ਨਾਲ
ਸਰਕ ਸਰਕ ਕੇ ਆਪਮੁਹਾਰ
ਮੁੜ ਆਪਣੀ ਥਾਂ ਪਰਤਦੀ।

ਪਰ੍ਹੇ ਸੀਟ ‘ਤੇ ਕੁੜੀ ਇੱਕ ਗਰਭਵਤੀ
ਆਈ ਪੌਡ ‘ਤੇ ਗਾਣੇ ਸੁਣਦੀ
ਸਲਾਈਆਂ ਨਾਲ ਕੁਛ ਬੁਣਦੀ
ਹਲਕਾ ਹਲਕਾ ਮੁਸਕਰਾਉਂਦੀ
ਵਿਚ ਵਿਚ ਗੁਣਗੁਣਾਉਂਦੀ
ਬਾਰੀ ਥਾਣੀਂ ਦੂਰ ਦੁਮੇਲ ‘ਚ ਗੁੰਮੀ ਹੋਈ।

ਮੇਰੇ ਨਾਲ ਵਾਲੀਆਂ ਸੀਟਾਂ ‘ਤੇ
ਚਾਰ ਕੁੜੀਆਂ ਗਰਮਾ ਗਰਮ ਬਹਿਸਦੀਆਂ
ਅੱਜ ਸ਼ਾਮੀਂ ਹੋ ਰਹੀ ਇਲੈਕਸ਼ਨ ਬਾਰੇ
ਆਪੋ ਆਪਣੀ ਸਲੈਕਸ਼ਨ ਬਾਰੇ

ਇੱਕ ਲੀਡਰ ਦੀ ਲੁੱਕ ਨੂੰ
‘ਸਕੱਮ-ਬੈਗ ਲੁੱਕ’ ਆਖਦੀ ਗੋਰੀ ਕੁੜੀ
ਇੱਕ ਪਾਰਟੀ ਮੁਖੀ ਨੂੰ
‘ਸੱਚ ਏ ਟਰਨ ਆਫ’ ਕਹਿੰਦੀ
ਕੈਨੇਡੀਅਨ ਬੌਰਨ ਦੇਸੀ ਕੁੜੀ।

ਕਾਲੀ ਕੁੜੀ ਸ਼ਰਮਾ ਕੇ ਦੱਸਦੀ:
ਕਿੰਝ ਇੱਕ ਲੀਡਰ ਦੀ
ਡੀਪ ਵਾਇਸ
ਉਹਨੂੰ ਟਰਨ-ਆਨ ਕਰਦੀ।

ਚਾਰੇ ਕੁੜੀਆਂ ਖਿਲ-ਖਿਲਾ ਕੇ ਹੱਸਦੀਆਂ
ਚੁੱਪ ਜਿਹੀ ਤੀਜੀ ਕੁੜੀ ਜ਼ਿਕਰ ਕਰਦੀ
‘ਮਾਈਨ’ ‘ਚ ਕੰਮ ਕਰਦੇ ਰਹੇ ਗਰੈਂਡ-ਪਾ ਦਾ
ਕੰਸਟਰਕਸ਼ਨ ‘ਚ ਲੱਗੇ ਅੰਕਲ ਦਾ
ਫੈਕਟਰੀ ਜਾਂਦੇ ਭਰਾ ਦਾ
‘ਯੂ ਨੋਅ ਇਨ ਦਾ ਇਲੈਕਸ਼ਨ ਡੀਬੇਟਸ
ਆਈ ਡਿਡ ਨਾਟ ਹੀਅਰ ਮੱਚ ਔਨ
ਲੇਬਰ ਰਾਈਟਸ...ਦਿਅਰ ਬੈਨੀਫਿਟ ਐਂਡ ਪੇਅਸ’

ਸੋ ਟਰੂ...ਆਖਦੀ ਗੋਰੀ ਕੁੜੀ
ਆਫਟਰ ਔਲ, ਔਲ ਦੀਜ਼
ਪੋਲੀਟੀਸ਼ਅਨ ਮੋਰੋਨਸ
ਆਰ ਆਫਟਰ ਪੀਪਲਜ਼ ਮਨੀ...।

ਬਾਰੀ ਨਾਲ ਬੈਠੀ ਚੌਥੀ ਕੁੜੀ ਭੜਕਦੀ
‘ਕੰਸਟੀਚਿਊਸ਼ਨ ਸ਼ਿਟ-ਸਟੱਫ’ ਨੂੰ
ਚੇਂਜ ਕਰਨਾ ਮੰਗਦੀ
ਉਹ ਚਾਹੁੰਦੀ ਅਮਰੀਕਨਾਂ ਵਾਂਗ
ਚੁਣਨਾ ਪ੍ਰਧਾਨ
‘ਆਈ ਵਾਂਟ ਟੂ ਵੋਟ
ਇਫ ਆਈ ਨੋਅ ਦਿਸ ਇਜ਼ ਦਾ ਗਾਈ
ਆਈ ਐਮ ਚੂਜ਼ਿੰਗ ਟੂ ਬੀ ਮਾਈ ਪਰਾਈਮ ਮਨਿਸਟਰ’
ਯੂ ਨੋਅ ਵੱਟ ਆਈ ਮੀਨ....।’

‘ਗੈਟ ਆਊਟ...
ਇਟਸ ਨੋਟ ਲਾਈਕ ਯੂ ਚੂਜ਼ਿੰਗ
ਯੂਅਰ ਬੁਆਏ ਫਰੈਂਡ’, ਗੋਰੀ ਕੁੜੀ ਆਖਦੀ।
ਤਿੰਨੇ ਕੁੜੀਆਂ ਚੌਥੀ ‘ਤੇ ਹੱਸਦੀਆਂ।
ਕਾਲੀ ਕੁੜੀ ਹਸਦੀ ਹਸਦੀ ਕਰਦੀ ਟਕੋਰ :
‘...ਐਂਡ ਵਾਈ ਓਨਲੀ ਗਾਈ ਟੂ ਚੂਜ਼
ਕੁੱਡ ਵੀ ਗਰਲ ਟੂ ਯੂ ਨੋਅ’

ਸ਼ੱਟ-ਅੱਪ ....ਵੱਟ-ਐਵਰ...ਕਹਿੰਦੀ ਚੌਥੀ ਕੁੜੀ
ਅੱਗੇ ਤੋਰਦੀ ਗੱਪ-ਸ਼ੱਪ ਲੜੀ।

ਮੈਂ ਉਨ੍ਹਾਂ ਦੇ ਲਾਗੇ ਬੈਠਾ
ਸੁਣ ਰਿਹਾਂ
ਉਨ੍ਹਾਂ ਦੀਆਂ ਗੱਲਾਂ ‘ਚੋਂ
ਕੁਝ ਉਧੇੜ ਰਿਹਾਂ
ਕੁਝ ਬੁਣ ਰਿਹਾਂ।

ਗੱਡੀਓਂ ਉਤਰਨ ਵੇਲੇ ਮੈਂ ਚਾਹੁੰਦਾਂ
ਉਨ੍ਹਾਂ ਦੇ ਮੱਥੇ ਚੁੰਮਾਂ
ਸਿਰ ਪਲੋਸਾਂ
ਤੇ ਆਖਾਂ ਅੜੀਓ
ਇਉਂ ਹੀ ਜਗਦੀਆਂ ਮਘਦੀਆਂ ਰਹੀਓ
ਪਲੇਟਫਾਰਮ ‘ਤੇ ਤੁਰਿਆ ਜਾਂਦਾ
ਹੁਣ ਮੈਂ ਸੋਚ ਰਿਹਾਂ
ਉਸ ਘੂਕ ਸੁੱਤੀ ਕੁੜੀ ਬਾਰੇ
ਕਿਤੇ ਉਹਦਾ ਸਟੇਸ਼ਨ
ਸੁੱਤੇ ਸੁੱਤੇ ਲੰਘ ਨਾ ਜਾਵੇ!!

***-ਉਂਕਾਰਪ੍ਰੀਤ***

---

### ਧਰਤੀ ਅਮਰੀਕਾ ਦੀ

***(ਅਮਰੀਕਾ ਦੇ ਆਰਥਿਕ ਸੰਕਟ, ਅਸਥਿਰਤਾ ਤੇ ਅਨਿਸ਼ਚਿਤਤਾ ਨੂੰ ਸਮਰਪਿਤ)***

ਧਰਤੀ ਅਮਰੀਕਾ ਦੀ, ਸੁਰਗ ਦੁਆਰਾ ਹੈ।
ਸੋਨੇ ਦੀ ਮੁਰਗੀ ਹੈ, ਆਂਡਾ ਵੀ ਭਾਰਾ ਹੈ।
ਖ਼ਜ਼ਾਨਾ ਰਤਨਾਂ ਦਾ, ਅਜਗਰ ਫੁੰਕਾਰਾ ਹੈ।
ਵੈਦ ਧਨੰਤਰ ਹੈ, ਗੁੱਥੀ ਅੰਮ੍ਰਿਤ-ਧਾਰਾ ਹੈ।

ਕਾਦਰ ਦੀ ਬੁਣਤੀ ਦਾ, ਅਜਬ ਖਲਾਰਾ ਹੈ।
ਵਿਸਮਾਦੀ ਚਸ਼ਮੇ ਨੇ, ਸੰਗੀਤ ਹੁਲਾਰਾ ਹੈ।
ਬਰਫ਼ੀਲੇ ਪਰਬਤਾਂ ਦੀ, ਨਿਰੰਤਰ ਧਾਰਾ ਹੈ।
ਸੰਜੀਵਨੀ ਬੂਟੀਆਂ ਦਾ, ਕੇਸਰ ਕਿਆਰਾ ਹੈ।

ਗੁਲਦਸਤਾ ਕੌਮਾਂ ਦਾ, ਲਹੂ ਚਿੱਟਾ ਖਾਰਾ ਹੈ।
ਮਿਸ਼ਰਨ ਸਭਿਅਤਾ ਦਾ, ਦਰਸ ਦੀਦਾਰਾ ਹੈ।
ਖਾਣ ਹੀਰਿਆਂ ਦੀ, ਵਿਚ ਚਿੱਕੜ ਗਾਰਾ ਹੈ।
ਮਿਰਗ ਤ੍ਰਿਸ਼ਨਾ ਦਾ, ਸੁੰਦਰ ਝਲਕਾਰਾ ਹੈ।

ਜੀਵਨ ਟੈਨਸ਼ਨ ਵਿਚ, ਮੁਸ਼ਕਲ ਗੁਜ਼ਾਰਾ ਹੈ।
ਭਗਦੜ ਸ਼ਿਫ਼ਟਾਂ ਦੀ, ਨਿੱਤ ਮਾਰੋ ਮਾਰਾ ਹੈ।
ਜ਼ਿੰਦਗੀ ਦੁੱਭਰ ਹੈ, ਸਭ ਖੱਜਲ ਖਵਾਰਾ ਹੈ।
ਆਰਥਿਕ ਮੰਦਹਾਲੀ ਦਾ, ਢੋਲ ਨਗਾਰਾ ਹੈ।

ਖ਼ੁਦਗਰਜ਼ੀ ਭਾਰੂ ਹੈ, ਰੁੱਖਾ ਭਾਈਚਾਰਾ ਹੈ।
ਜਾਬਾਂ ਛੁੱਟ ਰਹੀਆਂ, ਅਰਮਾਨ ਗਵਾਰਾ ਹੈ।
ਮੂੰਹ ਯਾਰਾਂ ਮੋੜ ਲਏ, ਨਾ ਕੋਈ ਚਾਰਾ ਹੈ।
ਕੰਡਿਆਂ ਤੇ ਸੇਜਾਂ ਨੇ, ਨਾ ਤਖ਼ਤ ਹਜ਼ਾਰਾ ਹੈ।

ਨਕਦੀ ਦਾ ਸੌਦਾ ਹੈ, ਨਾ ਕੋਈ ਉਧਾਰਾ ਹੈ।
ਹੱਥ ਠੂਠਾ ਮੰਗਣ ਨੂੰ, ਮਜਬੂਰ ਗਰਾਰਾ ਹੈ।
ਕਿਰਤੀ ਦਾ ਸ਼ੋਸ਼ਣ ਹੈ, ਸਵਾਮੀ ਹੰਕਾਰਾ ਹੈ।
ਨਿਕੰਮਾ ਵਿਹਲੜ ਹੈ, ਜੋ ਕਰਮਾਂ ਮਾਰਾ ਹੈ।

ਆਰਥਿਕ ਪੱਧਰ ਦਾ, ਬਹੁ ਵੱਡਾ ਪਾੜਾ ਹੈ।
ਬੰਗਲੇ ਕੋਠੀਆਂ ਨੇ, ਕਿਤੇ ਚੋਂਦਾ ਢਾਰਾ ਹੈ।
ਸੁਪਨਈ ਦੁਨੀਆ ਦਾ, ਭਰਮ ਮੁਨਾਰਾ ਹੈ।
ਚਕਾਚੌਂਧ ‘ਮਰੀਕਾ ਦੀ, ਮਿੱਥ ਲਿਸ਼ਕਾਰਾ ਹੈ।

ਸੁਵਿਧਾਵਾਂ ਬਿਹਤਰ ਨੇ, ਬਿੱਲ ਕਰਾਰਾ ਹੈ।
ਬਜਟ ਬਿਜਲੀ ਪਾਣੀ ਦਾ, ਸੀਨੇ ਆਰਾ ਹੈ।
ਘਰ ਕੁਰਕ ਹੁੰਦੇ ਨੇ, ਕਰਜ਼ਾ ਜੋ ਭਾਰਾ ਹੈ।
ਸਿਰ ਫੇਰਿਆ ਬੈਂਕਾਂ ਨੇ, ਨਾ ਹੋਰ ਸਹਾਰਾ ਹੈ।

ਸਿੰਘਾਸਨ ਉਤੇ ਬੈਠਾ ਜੋ, ਖੋਲ੍ਹ ਪਟਾਰਾ ਹੈ।
ਸਰਪੰਚ ਦੁਨੀਆ ਦਾ, ਰੋਹਬ ਸਚਿਆਰਾ ਹੈ।
ਹੱਥ ਗੁੱਚਾ ਕਲਮਾਂ ਦਾ, ਕੋਮਲ ਨਿਆਰਾ ਹੈ।
ਕ੍ਰਿਸ਼ਮਾ ਮਿਹਨਤ ਦਾ, ਕਰਮ ਪਿਆਰਾ ਹੈ।

ਕਾਲੇ ਗੋਰਿਆਂ ਦਾ, ਮਾਰਗ ਦਸਤਾਰਾ ਹੈ।
ਚਮੜੀ ਭਾਵੇਂ ਕਾਲੀ ਹੈ, ਬੁਲੰਦ ਸਿਤਾਰਾ ਹੈ।
ਦਿਆਨਤ ਦੇ ਸੋਮੇ ਦਾ, ਉਚਤਮ ਫੁਹਾਰਾ ਹੈ।
ਭੂੰਡਾਂ ਦੀ ਖੱਖਰ ਵਿਚ, ਉਹ ਕੱਲਾ ਕਾਰਾ ਹੈ।

ਜੋ ਬਸਤੀ ਜਲ ਰਹੀ, ਅੱਤਵਾਦੀ ਕਾਰਾ ਹੈ।
ਅੱਲਾ ਦੇ ਬੰਦੇ ਨੇ, ਨਾ ਕੋਈ ਹਤਿਆਰਾ ਹੈ।
ਭੇਡ ਨੂੰ ਪੁੱਛਦੇ ਨੇ, ਕਿਉਂ ਬਾਘ ਵੰਗਾਰਾਂ ਹੈ।
ਅਸਲੇ ਦੀ ਮੰਡੀ ਹੈ, ਸੌਦਾ ਖਰਾ ਹਮਾਰਾ ਹੈ।

ਭੰਵਰ ਵਿਚ ਕਿਸ਼ਤੀ ਹੈ, ਦੂਰ ਕਿਨਾਰਾ ਹੈ।
ਹਿੰਸਾ ਦਾ ਹਾਮੀ ਨਹੀਂ, ਸ਼ਾਂਤੀ ਹਰਕਾਰਾ ਹੈ।
ਵਿਕਾਸ ਮਨੁੱਖਤਾ ਦਾ, ਸੁੰਦਰ ਵਰਤਾਰਾ ਹੈ।
ਰਾਜਨੀਤੀ ਜੰਗਾਂ ਦੀ, ਉਦਾ ਚੋਜ ਨਿਆਰਾ ਹੈ।

ਨਸਲੀ ਦੰਗੇ ਨੇ, ਕਿਤੇ ਮਜ਼੍ਹਬਾਂ ਦਾ ਨਾਅਰਾ ਹੈ।
ਹਮਦਰਦ ਮਨੁੱਖਤਾ ਦਾ, ਮਿੱਠਾ ਹਤਿਆਰਾ ਹੈ।
ਭਾਂਬੜ ਨੂੰ ਕਾਫੀ ਹੈ, ਉਹਦਾ ਇਕ ਇਸ਼ਾਰਾ ਹੈ।
ਐਟਮ ਦੀ ਵਰਤੋਂ ਨਹੀਂ, ਰੋਮਾਂਟਿਕ ਲਾਰਾ ਹੈ।

ਡੁਗਡੁਗੀ ਵਜਾਉਂਦਾ ਹੈ, ਜਾਦੂਗਰ ਭਾਰਾ ਹੈ।
ਇਰਾਕ ਤੇ ਕਬਜ਼ਾ ਹੈ, ਅਫ਼ਗਾਨ ਹਮਾਰਾ ਹੈ।
ਪਹਿਰੇਦਾਰ ਅਮਨਾਂ ਦਾ, ਹੱਥ ਵਿਚ ਕੁਹਾੜਾ ਹੈ।
ਸਿਰ ਉਖਲੀ ਅੰਦਰ ਹੈ, ਮੋਹਲਾ ਵੀ ਭਾਰਾ ਹੈ।
ਸੱਪ ਦੇ ਮੂੰਹ ਕਿਰਲੀ ਹੈ, ਨਾ ਕੋਈ ਚਾਰਾ ਹੈ।

ਅਮਰੀਕਾ ਨਾਲ ਮੇਰਾ, ਰਿਸ਼ਤਾ ਬੜਾ ਗਾੜਾ ਹੈ।
ਪਨਾਹ ਦਿੰਦਾ ਹੈ, ਨਿਥਾਵਿਆਂ ਦਾ ਸਹਾਰਾ ਹੈ।
ਭਵਿੱਖ ਨਵੀ ਪਨੀਰੀ ਦਾ, ਚੰਗਾ ਉਜਿਆਰਾ ਹੈ।
ਪੰਨੂ ਨੂੰ ਝੱਲਦਾ ਇਹ, ਮਹਿਫੂਜ਼ ਗਲਿਆਰਾ ਹੈ।

***-ਚਰਨਜੀਤ ਸਿੰਘ ਪੰਨੂ***

---

### ਸਕੇ ਭਾਈ

ਕਿਤੇ ਧੁੱਪਾਂ ਕਿਤੇ ਛਾਵਾਂ ਹੁੰਦੀਆਂ।
ਸਕੇ ਭਾਈ ਤਾਂ ਬਾਹਵਾਂ ਹੁੰਦੀਆਂ।
ਘਰ ਉਹ ਭਾਗਾਂ ਵਾਲੇ ਹੁੰਦੇ,
ਜਿਨ੍ਹਾਂ ਘਰਾਂ ‘ਚ ਮਾਂਵਾਂ ਹੁੰਦੀਆਂ।

ਸਤ-ਸੰਤੋਖ ਦਾ ਜਿੱਥੇ ਪਹਿਰਾ,
ਉੱਥੇ ਨਾ ਬਲਾਵਾਂ ਹੁੰਦੀਆਂ।

ਜਿਥੇ ਜੰਮਣ ਪਵਿੱਤਰ ਰੂਹਾਂ,
ਪੂਜਣਯੋਗ ਉਹ ਥਾਂਵਾਂ ਹੁੰਦੀਆਂ।

ਬੰਦਾ ਮੁਸ਼ਕਿਲ ਵਿਚ ਫਸ ਜਾਂਦਾ,
ਵੱਡੀਆਂ ਜਦੋਂ ਇੱਛਾਵਾਂ ਹੁੰਦੀਆਂ।

ਵਾਲ ਨਾ ਵਿੰਗਾ ਉਸਦਾ ਹੋਵੇ,
ਜਿਸਦੇ ਲਈ ਦੁਆਵਾਂ ਹੁੰਦੀਆਂ।
ਬਹੁਤੇ ਥਾਵੀਂ ‘ਨਾਗਰਾ’ ਅੱਜਕੱਲ੍ਹ,
ਤੇਰੀਆਂ ਹੀ ਚਰਚਾਵਾਂ ਹੁੰਦੀਆਂ।

***-ਜਸਪਾਲ ਸਿੰਘ ਨਾਗਰਾ ‘ਮਹਿੰਦਪੁਰੀਆ’***
***ਫੋਨ:+13604481989***

# ਏਸ਼ੀਆ ਦਾ ਉਡਣਾ ਦੌੜਾਕ ਅਬਦੁੱਲ ਖ਼ਾਲਿਕ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਬਦੁੱਲ ਖ਼ਾਲਿਕ ਪਾਕਿਸਤਾਨ ਦਾ ਮਿਲਖਾ ਸਿੰਘ ਸੀ। ਦੋਹਾਂ ਦਾ ਜਨਮ ਅਣਵੰਡੇ ਪੰਜਾਬ ਵਿਚ ਹੋਇਆ ਸੀ। ਮਿਲਖਾ ਸਿੰਘ ਦਾ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਤੇ ਅਬਦੁੱਲ ਖ਼ਾਲਿਕ ਦਾ ਜ਼ਿਲ੍ਹਾ ਚਕਵਾਲ 'ਚ। 1947 ਵਿਚ ਦੇਸ਼ ਦੀ ਵੰਡ ਵੇਲੇ ਅਬਦੁੱਲ ਖ਼ਾਲਿਕ ਪਾਕਿਸਤਾਨ ਵਿਚ ਰਹਿ ਗਿਆ ਜਦਕਿ ਮਿਲਖਾ ਸਿੰਘ ਨੂੰ ਉੱਜੜ-ਪੁੱਜੜ ਕੇ ਭਾਰਤ ਆਉਣਾ ਪਿਆ। ਜੁਆਨ ਹੋ ਕੇ ਦੋਵੇਂ ਭਾਰਤ-ਪਾਕਿ ਫੌਜਾਂ ਵਿਚ ਭਰਤੀ ਹੋਏ ਤੇ ਏਸ਼ੀਆ ਦੇ ਸਭ ਤੋਂ ਤੇਜ਼-ਤਰਾਰ ਦੌੜਾਕ ਬਣੇ। ਦੋਹਾਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਤੇ ਦੋਹੇਂ ਏਸ਼ੀਆ ਦੇ ਬੈੱਸਟ ਅਥਲੀਟ ਰਹੇ। ਅਬਦੁੱਲ ਖ਼ਾਲਿਕ ਦਿੱਲੀ 'ਚ ਦੌੜਿਆ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਸ ਨੂੰ 'ਫਲਾਈਂਗ ਬਰਡ ਆਫ਼ ਏਸ਼ੀਆ' ਕਹਿ ਕੇ ਵਡਿਆਇਆ। ਮਿਲਖਾ ਸਿੰਘ ਲਾਹੌਰ 'ਚ ਦੌੜਿਆ ਤਾਂ ਪਾਕਿਸਤਾਨ ਦੇ ਸਦਰ ਅਯੂਬ ਖਾਂ ਨੇ ਉਸ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ।




ਅਬਦੁੱਲ ਖ਼ਾਲਿਕ ਪਾਕਿਸਤਾਨ ਦਾ ਪਹਿਲਾ ਅਥਲੀਟ ਸੀ ਜਿਸ ਨੇ ਪਾਕਿਸਤਾਨ ਦਾ ਨਾਂ ਏਸ਼ਿਆਈ ਖੇਡਾਂ 'ਚ ਚਮਕਾਇਆ। ਉਸ ਨੇ 1954 ਤੇ 1958 ਦੀਆਂ ਏਸ਼ਿਆਈ ਖੇਡਾਂ 'ਚੋਂ ਪੰਜ ਮੈਡਲ ਜਿੱਤੇ। 2 ਸੋਨੇ, 2 ਚਾਂਦੀ ਤੇ 1 ਕਾਂਸੀ ਦਾ। ਉਸ ਦੀ ਪ੍ਰਮੁੱਖ ਦੌੜ 100 ਮੀਟਰ ਸਪਾਟ ਦੌੜ ਸੀ। ਉਂਜ ਉਹ 200 ਮੀਟਰ ਦੌੜ ਦਾ ਵੀ ਨਾਮੀ ਦੌੜਾਕ ਸੀ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ ਸਮੇਂ ਅਬਦੁੱਲ ਖ਼ਾਲਿਕ ਤੇ ਮਿਲਖਾ ਸਿੰਘ ਵਿਚਕਾਰ 200 ਮੀਟਰ ਦੀ ਦੌੜ ਬੇਹੱਦ ਚਰਚਾ ਦਾ ਵਿਸ਼ਾ ਬਣੀ ਸੀ। ਕੋਈ ਕਹਿੰਦਾ ਸੀ ਅਬਦੁੱਲ ਖ਼ਾਲਿਕ ਜਿੱਤੇਗਾ, ਕੋਈ ਮਿਲਖਾ ਸਿੰਘ। ਦਰਸ਼ਕਾਂ ਦੀਆਂ ਆਪਸ ਵਿਚ ਸ਼ਰਤਾਂ ਲੱਗ ਗਈਆਂ ਸਨ। 200 ਮੀਟਰ ਦੌੜ ਦੇ ਮੁਕਾਬਲੇ ਤੋਂ ਪਹਿਲਾਂ ਅਬਦੁੱਲ ਖ਼ਾਲਿਕ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਤੇ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ ਵੀ 200 ਮੀਟਰ ਦੀ ਦੌੜ ਜਿੱਤਦਾ ਉਸੇ ਨੇ ਏਸ਼ਿਆਈ ਖੇਡਾਂ ਦਾ ਬੈੱਸਟ ਅਥਲੀਟ ਬਣਨਾ ਸੀ।

ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਬਦੁੱਲ ਖ਼ਾਲਿਕ ਤੇ ਮਿਲਖਾ ਸਿੰਘ ਮੀਡੀਏ ਦੇ ਫੋਕਸ ਵਿਚ ਸਨ। ਜਦੋਂ ਉਹ ਟੋਕੀਓ ਖੇਡ ਪਿੰਡ 'ਚ ਪਹੁੰਚੇ ਤਾਂ ਵਧੇਰੇ ਕੈਮਰੇ ਉਨ੍ਹਾਂ ਦੋਹਾਂ ਦੁਆਲੇ ਸਨ। ਅਬਦੁੱਲ ਖਾਲਿਕ ਤਜਰਬੇ ਪੱਖੋਂ ਪ੍ਰੌਢ ਸੀ। ਉਸ ਨੂੰ 100 ਮੀਟਰ ਦੌੜ ਜਿੱਤ ਲੈਣ ਪਿੱਛੋਂ 200 ਮੀਟਰ ਦੌੜ ਜਿੱਤ ਲੈਣ ਦਾ ਪੂਰਾ ਭਰੋਸਾ ਸੀ। ਉਸ ਨੇ ਖੇਡ ਪੱਤਰਕਾਰਾਂ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਇਸ ਬਚੂੰਗੜੇ ਨੇ ਮੇਰਾ ਮੁਕਾਬਲਾ ਕੀ ਕਰਨਾ? ਉਥੇ ਹੀ ਇਕ ਲੜਕੀ ਨੇ ਮਿਲਖਾ ਸਿੰਘ ਨੂੰ ਕਿਹਾ ਸੀ, "ਜੇ ਅੱਜ ਅਬਦੁੱਲ ਖਾਲਿਕ ਨੂੰ ਹਰਾ ਦੇਵੇਂ ਤਾਂ ਜੋ ਮੰਗੇਗਾਂ ਸੋ ਮਿਲੇਗਾ।"

ਮਿਲਖਾ ਸਿੰਘ ਦੇ ਦੱਸਣ ਮੂਜਬ ਟੋਕੀਓ 'ਚ ਖ਼ਾਲਿਕ ਕੋਲ ਥੱਲਵੀਂ ਲੇਨ ਸੀ ਤੇ ਮੇਰੇ ਕੋਲ ਉਤਲੀ। ਕਰਵ 'ਤੇ ਪਤਾ ਨਹੀਂ ਸੀ ਲੱਗਦਾ ਕਿਹੜਾ ਅੱਗੇ ਸੀ ਤੇ ਕਿਹੜਾ ਪਿੱਛੇ। ਸਟਰੇਟ 'ਤੇ ਅਸੀਂ ਬਰਾਬਰ ਹੋ ਗਏ। ਸਟੇਡੀਅਮ 'ਚ ਹੱਲਾਸ਼ੇਰੀ ਗੂੰਜ ਰਹੀ ਸੀ। ਫਿਨਿਸ਼ ਲਾਈਨ ਤੋਂ ਤਿੰਨ ਚਾਰ ਗਜ਼ ਪਿੱਛੇ ਮੇਰੀ ਸੱਜੀ ਲੱਤ ਦਾ ਮਸਲ ਖਿੱਚਿਆ ਗਿਆ ਜਿਸ ਨਾਲ ਮੇਰੀ ਸੱਜੀ ਲੱਤ ਖੱਬੀ 'ਚ ਫਸ ਗਈ ਤੇ ਮੈਂ ਭੁੜਕ ਕੇ ਫਿਨਿਸ਼ ਲਾਈਨ ਉੱਤੇ ਜਾ ਡਿੱਗਾ। ਅਬਦੁੱਲ ਖ਼ਾਲਿਕ ਵੀ ਉਸੇ ਵਕਤ ਟੇਪ ਨੂੰ ਛੋਹਿਆ। ਨੰਗੀ ਅੱਖ ਨੂੰ ਪਤਾ ਨਹੀਂ ਸੀ ਲੱਗਾ ਕਿ ਦੌੜ 'ਚ ਫਸਟ ਕੌਣ ਤੇ ਸੈਕੰਡ ਕੌਣ? ਖ਼ਾਲਿਕ ਜੇਤੂ ਅੰਦਾਜ਼ 'ਚ ਛਾਲਾਂ ਮਾਰਦਾ ਫਿਰਦਾ ਸੀ ਜਿਵੇਂ ਉਹ ਅੱਵਲ ਆਇਆ ਹੋਵੇ। ਪਰ ਕੈਮਰਿਆਂ ਦੇ ਫੋਟੋ ਪਰਖ ਕੇ ਅੱਧੇ ਘੰਟੇ ਪਿੱਛੋਂ ਐਲਾਨ ਹੋਇਆ ਕਿ ਮਿਲਖਾ ਸਿੰਘ ਅੱਵਲ ਆਇਆ ਤੇ ਅਬਦੁੱਲ ਖ਼ਾਲਿਕ ਦੋਮ। ਐਲਾਨ ਸੁਣਨ ਸਾਰ ਖ਼ਾਲਿਕ ਦੀਆਂ ਅੱਖਾਂ 'ਚ ਹੰਝੂ ਭਰ ਆਏ। ਉਸ ਨੂੰ ਉੱਕਾ ਉਮੀਦ ਨਹੀਂ ਸੀ ਕਿ ਉਹ ਮੈਥੋਂ ਹਾਰ ਜਾਵੇਗਾ। ਮੈਂ ਸੋਨੇ ਦਾ ਦੂਜਾ ਤਗ਼ਮਾ ਜਿੱਤ ਕੇ ਏਸ਼ੀਆ ਦਾ ਬੈੱਸਟ ਅਥਲੀਟ ਬਣ ਗਿਆ।

ਅਬਦੁੱਲ ਖ਼ਾਲਿਕ ਦਾ ਜਨਮ 23 ਮਾਰਚ 1933 ਨੂੰ ਪਿੰਡ ਜੰਡ ਅਵਾਨ ਜ਼ਿਲ੍ਹਾ ਚਕਵਾਲ 'ਚ ਸਜਾਵਲ ਖਾਂ ਦੇ ਘਰ ਹੋਇਆ ਤੇ ਮ੍ਰਿਤੂ 10 ਮਾਰਚ 1988 ਨੂੰ ਰਾਵਲਪਿੰਡੀ ਵਿਚ ਹੋਈ। ਖ਼ਾਲਿਕ ਛੋਟਾ ਹੁੰਦਾ ਹੀ ਪਿੰਡਾਂ ਦੀ ਖੇਡ ਕਬੱਡੀ ਖੇਡਣ ਲੱਗ ਪਿਆ ਸੀ। ਉਹ ਧਾਵੇ ਵੀ ਬੋਲਦਾ ਤੇ ਜੱਫੇ ਵੀ ਲਾਉਂਦਾ। ਉਹ ਪੰਦਰਾਂ ਕੁ ਸਾਲਾਂ ਦਾ ਸੀ ਜਦੋਂ ਪਿੰਡ ਪੰਜਾਲ ਨੇੜੇ ਕਬੱਡੀ ਟੂਰਨਾਮੈਂਟ 'ਚ ਖੇਡਦਾ ਪਾਕਿਸਤਾਨ ਦੀ ਫੌਜ ਦੇ ਬ੍ਰਿਗੇਡੀਅਰ ਸੀ.ਐੱਚ.ਐੱਮ. ਰੋਡ੍ਹਮ ਦੀ ਨਜ਼ਰੇ ਚੜ੍ਹ ਗਿਆ। ਉਹ ਪਾਕਿਸਤਾਨ ਆਰਮੀ ਸਪੋਰਟਸ ਕੰਟਰੋਲ ਬੋਰਡ ਦਾ ਮੁਖੀ ਸੀ। ਉਸ ਨੇ ਅਬਦੁੱਲ ਖ਼ਾਲਿਕ ਨੂੰ 1948 ਵਿਚ ਬੱਚਾ ਕੰਪਨੀ 'ਚ ਭਰਤੀ ਕਰ ਲਿਆ। ਫੌਜ ਵਿਚ ਭਰਤੀ ਹੋ ਕੇ ਉਹ ਦੌੜਾਂ ਦੀ ਕੋਚਿੰਗ ਲੈਣ ਲੱਗ ਪਿਆ। ਭਾਰਤ ਵਿਚ ਮਿਲਖਾ ਸਿੰਘ ਵੀ ਫੌਜ ਵਿਚ ਭਰਤੀ ਹੋ ਕੇ ਦੌੜਾਕ ਬਣਿਆ ਸੀ। ਉਦੋਂ ਮਿਲਖਾ ਸਿੰਘ ਨੂੰ ਪਤਾ ਵੀ ਨਹੀਂ ਸੀ ਕਿ 400 ਮੀਟਰ ਦੌੜ ਟ੍ਰੈਕ ਦੇ ਕਿੰਨੇ ਚੱਕਰ ਹੁੰਦੀ ਹੈ! ਜਦੋਂ ਉਸ ਨੂੰ ਦੱਸਿਆ ਗਿਆ ਕਿ 400 ਮੀਟਰ ਦੌੜ ਟ੍ਰੈਕ ਦਾ ਇਕੋ ਚੱਕਰ ਹੁੰਦੀ ਹੈ ਤਾਂ ਉਸ ਨੇ ਕਿਹਾ ਸੀ ਕਿ ਮੈਂ ਤਾਂ ਇਕ ਚੱਕਰ ਦੀ ਥਾਂ ਦਸ ਚੱਕਰ ਦੌੜ ਸਕਦਾਂ। ਉਹਦੇ ਉਸਤਾਦ ਨੇ ਸਮਝਾਇਆ ਸੀ ਕਿ ਦਸਾਂ ਚੱਕਰਾਂ ਜਿੰਨਾ ਜ਼ੋਰ ਇਕੋ ਚੱਕਰ 'ਚ ਲਾਉਣਾ ਹੁੰਦਾ। ਖ਼ਾਲਿਕ ਵੀ ਕੁਝ ਇਸੇ ਤਰ੍ਹਾਂ ਦੌੜਾਕ ਬਣਿਆ ਸੀ। ਦੌੜਾਂ ਦਾ ਉਸ ਨੂੰ ਵੀ ਕੋਈ ਗਿਆਨ ਨਹੀਂ ਸੀ। ਜਿਵੇਂ ਮਿਲਖਾ ਸਿੰਘ ਨੇ 82 ਦੌੜਾਂ ਵਿਚੋਂ 79 ਮੈਡਲ ਜਿੱਤੇ ਉਵੇਂ ਅਬਦੁੱਲ ਖ਼ਾਲਿਕ ਨੇ ਅੰਤਰਰਾਸ਼ਟਰੀ ਪੱਧਰ ਦੇ 36 ਗੋਲਡ, 15 ਸਿਲਵਰ ਤੇ 12 ਕਾਂਸੀ ਦੇ ਮੈਡਲ ਜੋੜ ਕੇ 63 ਮੈਡਲ ਜਿੱਤੇ।

ਅਬਦੁੱਲ ਖ਼ਾਲਿਕ ਨੇ ਆਪਣੀ ਪੜ੍ਹਾਈ ਲਾਗਲੇ ਪਿੰਡ ਹੰਸੋਲਾ ਦੇ ਮਿਡਲ ਸਕੂਲ ਤੋਂ ਕੀਤੀ। ਉਹ ਤਿੰਨ ਮੀਲ ਦੂਰ ਦੌੜ ਕੇ ਪੜ੍ਹਨ ਜਾਂਦਾ ਤੇ ਦੌੜਦਾ ਹੀ ਮੁੜਦਾ। ਉਸ ਦਾ ਦਮ ਪੱਕ ਗਿਆ ਸੀ। ਬਾਕੀ ਦਾ ਰੰਗਰੂਟੀ ਨੇ ਪਕਾਅ ਦਿੱਤਾ ਸੀ। ਬੱਚਾ ਕੰਪਨੀ ਦੇ ਮੁਕਾਬਲੇ ਜਿੱਤਦਾ-ਜਿੱਤਦਾ ਉਹ ਦੇਸ਼ ਦੀ ਫੌਜ ਦੇ ਮੁਕਾਬਲੇ ਜਿੱਤਣ ਲੱਗਾ। ਨੈਸ਼ਨਲ ਖੇਡਾਂ 'ਚ ਉਹ ਫੌਜ ਵੱਲੋਂ ਜਾਂਦਾ ਤੇ ਅੰਤਰਰਾਸ਼ਟਰੀ ਖੇਡਾਂ 'ਚ ਪਾਕਿਸਤਾਨ ਦੀ ਨੁਮਾਇੰਦਗੀ ਕਰਦਾ।

1954 ਦੀਆਂ ਦੂਜੀਆਂ ਏਸ਼ਿਆਈ ਖੇਡਾਂ ਇੰਡੋਨੇਸ਼ੀਆ ਦੇ ਸ਼ਹਿਰ ਮਨੀਲਾ ਵਿਚ ਹੋਣੀਆਂ ਸਨ। ਖ਼ਾਲਕ ਪਹਿਲੀ ਵਾਰ ਪਾਕਿਸਤਾਨ ਵੱਲੋਂ ਭਾਗ ਲੈਣ ਗਿਆ। ਉਸ ਨੇ 100 ਮੀਟਰ ਦੌੜ 10.6 ਸੈਕੰਡ 'ਚ ਲਾ ਕੇ ਏਸ਼ੀਆ ਦਾ ਨਵਾਂ ਰਿਕਾਰਡ ਸਥਾਪਿਤ ਕੀਤਾ। 1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ 'ਚ ਭਾਰਤ ਦਾ ਲੇਵੀ ਪਿੰਟੋ 100 ਮੀਟਰ ਦੌੜ 10.8 ਸੈਕੰਡ 'ਚ ਲਾ ਕੇ ਜਿੱਤਿਆ ਸੀ। ਮਨੀਲਾ ਤੋਂ ਅਬਦੁੱਲ ਖ਼ਾਲਿਕ 1 ਗੋਲਡ ਮੈਡਲ ਜਿੱਤਿਆ ਤੇ 4+100 ਮੀਟਰ ਰਿਲੇਅ ਦੌੜ 'ਚ 1 ਸਿਲਵਰ ਮੈਡਲ ਹਾਸਲ ਕੀਤਾ। ਉਥੇ ਭਗਤੇ ਦੇ ਪ੍ਰਦੁੱਮਣ ਸਿੰਘ ਦੀਆਂ ਚੜ੍ਹ ਮੱਚੀਆਂ ਜਿਸ ਨੇ ਗੋਲਾ ਤੇ ਡਿਸਕਸ ਸੁੱਟਣ 'ਚ 2 ਗੋਲਡ ਮੈਡਲ ਜਿੱਤੇ।

1954 ਵਿਚ ਹੀ ਖ਼ਾਲਿਕ ਨੇ ਕਾਮਨਵੈਲਥ ਤੇ ਬ੍ਰਿਟਿਸ਼ ਅੰਪਾਇਰ ਖੇਡਾਂ 'ਚ ਭਾਗ ਲਿਆ। ਉਥੇ ਉਹ 100 ਗਜ਼ ਸਪਾਟ ਦੌੜ ਦੇ ਸੈਮੀ ਫਾਈਨਲ ਅਤੇ 4+110 ਗਜ਼ ਦੌੜ ਦੇ ਫਾਈਨਲ ਵਿਚ ਪੁੱਜਾ। 1955 'ਚ ਉਸ ਨੇ ਏਥਨਜ਼ ਵਿਖੇ ਹੋਈਆਂ ਵਰਲਡ ਮਿਲਟਰੀ ਗੇਮਜ਼ ਵਿਚ ਭਾਗ ਲਿਆ। 1956 'ਚ ਵਰਲਡ ਮਿਲਟਰੀ ਗੇਮਜ਼ ਬਰਲਿਨ ਵਿਖੇ ਉਸ ਨੇ 100 ਮੀਟਰ 10.4 ਸੈਕੰਡ ਵਿਚ ਲਾ ਕੇ ਕਾਂਸੀ ਦਾ ਮੈਡਲ ਜਿੱਤਿਆ। ਉਸ ਨੇ 200 ਮੀਟਰ ਸਪਾਟ ਤੇ 4+100 ਮੀਟਰ ਰਿਲੇਅ ਦੌੜਾਂ 'ਚ ਵੀ ਕਾਂਸੀ ਦੇ ਤਗ਼ਮੇ ਜਿੱਤੇ। 1956 'ਚ ਉਹ ਆਸਟ੍ਰੇਲੀਆ ਦੇ ਸ਼ਹਿਰ ਮੈਲਬਰਨ ਦੀਆਂ ਓਲੰਪਿਕ ਖੇਡਾਂ ਲਈ ਪਾਕਿਸਤਾਨ ਦੀ ਟੀਮ 'ਚ ਚੁਣਿਆ ਗਿਆ। ਉਥੇ ਉਸ ਨੇ ਕੋਈ ਮੈਡਲ ਤਾਂ ਨਾ ਜਿੱਤਿਆ ਪਰ ਓਲੰਪਿਕ ਖੇਡਾਂ ਦਾ ਚੰਗਾ ਤਜਰਬਾ ਹਾਸਲ ਕੀਤਾ।

ਉਸ ਨੂੰ ਪਾਕਿਸਤਾਨ ਅਥਲੈਟਿਕਸ ਟ੍ਰੇਨਿੰਗ ਪ੍ਰੋਗਰਾਮ ਅਧੀਨ ਇੰਗਲੈਂਡ ਭੇਜਿਆ ਗਿਆ ਜਿਥੇ ਉਹ ਯੂਰਪੀਨ ਦੌੜਾਕਾਂ ਨਾਲ ਦੌੜਿਆ। ਉਸ ਨੇ 15 ਮੁਲਕਾਂ ਦੇ ਸਪਰਿੰਟਰਾਂ ਵਿਰੁੱਧ ਦੌੜਾਂ ਲਾਈਆਂ ਜਿਸ ਨਾਲ ਚੋਖਾ ਤਜਰਬਾ ਹਾਸਲ ਕੀਤਾ। ਓਲੰਪਿਕ ਪਾਰਕ ਵਿਚ 100 ਮੀਟਰ ਦੌੜ ਫਿਰ 10.4 ਸੈਕੰਡ 'ਚ ਲਾਈ ਜੋ ਓਲੰਪਿਕ ਚੈਂਪੀਅਨ ਬੌਬੀ ਮਾਰੋ ਦੇ 10.3 ਸੈਕੰਡ ਦੇ ਨੇੜ ਸੀ। ਪਾਕਿਸਤਾਨੀਆਂ ਨੂੰ ਜਾਪਣ ਲੱਗ ਪਿਆ ਕਿ ਓਲੰਪਿਕ ਖੇਡਾਂ 'ਚ ਉਹ ਕੋਈ ਮੈਡਲ ਜਿੱਤ ਸਕਦਾ ਹੈ। 1956 ਦੀਆਂ ਓਲੰਪਿਕ ਖੇਡਾਂ 'ਚ ਉਹ 100 ਮੀਟਰ ਤੇ 200 ਮੀਟਰ ਦੌੜਾਂ ਦੇ ਸੈਮੀ ਫਾਈਨਲ 'ਚ ਪੁੱਜ ਗਿਆ। ਉਸ ਦਾ ਟਾਈਮ ਵਿਸ਼ਵ 'ਚ ਸੱਤਵੇਂ ਥਾਂ ਗਿਣਿਆ ਗਿਆ।

1956 'ਚ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਪਹਿਲੀ ਇੰਡੋ/ਪਾਕਿ ਮੀਟ ਹੋਈ। ਉਸ ਨੇ 100 ਤੇ 200 ਮੀਟਰ ਦੌੜਾਂ ਦੇ ਨਵੇਂ ਏਸ਼ਿਆਈ ਰਿਕਾਰਡ ਰੱਖੇ। 100 ਮੀਟਰ ਦਾ 10.4 ਸੈਕੰਡ ਤੇ 200 ਮੀਟਰ ਦਾ 21.4 ਸੈਕੰਡ। ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅਬਦੁੱਲ ਖ਼ਾਲਿਕ ਨੂੰ 'ਫਲਾਈਂਗ ਬਰਡ ਆਫ਼ ਏਸ਼ੀਆ' ਦਾ ਖ਼ਿਤਾਬ ਦਿੱਤਾ। 1957 ਵਿਚ ਖ਼ਾਲਿਕ ਨੇ ਇੰਗਲੈਂਡ, ਇਰਾਨ, ਯੂਨਾਨ ਤੇ ਸਕਾਟਲੈਂਡ ਦੀਆਂ ਅਥਲੈਟਿਕਸ ਮੀਟਾਂ 'ਚੋਂ 1 ਸਿਲਵਰ ਤੇ 11 ਗੋਲਡ ਮੈਡਲ ਜਿੱਤੇ। 1958 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 100 ਮੀਟਰ ਦੌੜ ਦਾ ਗੋਲਡ, 200 ਮੀਟਰ ਦੌੜ ਦਾ ਸਿਲਵਰ ਤੇ 4+100 ਮੀਟਰ ਰਿਲੇਅ ਦੌੜ ਦਾ ਬਰਾਂਜ਼ ਮੈਡਲ ਜਿੱਤ ਕੇ ਧੰਨ-ਧੰਨ ਕਰਾਈ। ਉਸ ਦੀਆਂ ਜਿੱਤਾਂ ਸਦਕਾ ਏਸ਼ਿਆਈ ਖੇਡ ਦੀ ਤਗਮਾ ਸੂਚੀ 'ਚ ਪਾਕਿਸਤਾਨ ਛੇਵੇਂ ਥਾਂ ਆਇਆ। 1958 'ਚ ਹੀ ਖ਼ਾਲਿਕ ਨੇ ਜਪਾਨ, ਚੀਨ ਤੇ ਸਕਾਟਲੈਂਡ 'ਚ ਦੌੜਦਿਆਂ 3 ਹੋਰ ਮੈਡਲ ਜਿੱਤੇ। 1958 ਵਿਚ ਕਾਰਡਿਫ ਦੀਆਂ ਕਾਮਨਵੈਲਥ ਖੇਡਾਂ ਦੇ ਸੈਮੀ ਫਾਈਨਲ 'ਚ ਉਸ ਨੇ 100 ਗਜ਼ ਦੀ ਦੌੜ 9.8 ਸੈਕੰਡ 'ਚ ਲਾਈ। 1959 'ਚ ਯੂ.ਕੇ., ਸਵੀਡਨ ਤੇ ਆਇਰਲੈਂਡ ਦੀਆਂ ਇੰਟਰਨੈਸ਼ਨਲ ਮੀਟਾਂ 'ਚੋਂ ਉਸ ਨੇ 9 ਗੋਲਡ, 7 ਸਿਲਵਰ ਤੇ 4 ਬਰਾਂਜ਼ ਮੈਡਲ ਜਿੱਤੇ।

1960 'ਚ ਹੋਈਆਂ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਮਿਲਖਾ ਸਿੰਘ ਪੂਰੀ ਤਿਆਰੀ ਵਿਚ ਸੀ ਜਦਕਿ ਅਬਦੁੱਲ ਖ਼ਾਲਿਕ ਓਨਾ ਆਸਵੰਦ ਨਹੀਂ ਸੀ। ਮਿਲਖਾ ਸਿੰਘ 400 ਮੀਟਰ ਦੌੜ 'ਚ ਚੌਥੇ ਸਥਾਨ 'ਤੇ ਆ ਗਿਆ ਪਰ ਖ਼ਾਲਿਕ ਨਾ 100 ਮੀਟਰ ਦੀ ਦੌੜ ਵਿਚ ਤੇ ਨਾ 4+100 ਮੀਟਰ ਦੀ ਰਿਲੇਅ ਰੇਸ 'ਚ ਕੋਈ ਜਲਵਾ ਵਿਖਾ ਸਕਿਆ। 1960 'ਚ ਲਾਹੌਰ ਵਿਖੇ ਪਾਕਿਸਤਾਨ, ਭਾਰਤ ਤੇ ਇਰਾਨ ਦੀ ਅਥਲੈਟਿਕਸ ਮੀਟ ਹੋਈ। ਮਿਲਖਾ ਸਿੰਘ ਅਨਮੰਨੇ ਮਨ ਨਾਲ ਪਾਕਿਸਤਾਨ ਗਿਆ ਕਿਉਂਕਿ 1947 'ਚ ਮਾਰੇ ਗਏ ਉਹਦੇ ਮਾਂ-ਬਾਪ ਤੇ ਘਰ ਜੀਅ ਯਾਦ ਆ ਰਹੇ ਸਨ। ਪਰ ਭਾਰਤ ਦੇ ਪ੍ਰਧਾਨ ਮੰਤਰੀ ਦੀ ਇੱਛਾ ਮੁਤਾਬਿਕ ਉਸ ਨੂੰ ਲਾਹੌਰ ਜਾਣਾ ਪਿਆ। ਉਹ ਸਟੇਡੀਅਮ 'ਚ ਦਾਖਲ ਹੋਇਆ ਤਾਂ ਔਰਤਾਂ ਨੇ ਬੁਰਕੇ ਹਟਾ ਕੇ ਮਿਲਖਾ ਸਿੰਘ ਦੇ ਦਰਸ਼ਨ ਕੀਤੇ। ਉਥੇ ਵੀ ਟੋਕੀਓ ਵਾਲੇ ਹੀ ਨਤੀਜੇ ਨਿਕਲੇ। 100 ਮੀਟਰ ਦੀ ਦੌੜ ਅਬਦੁੱਲ ਖ਼ਾਲਿਕ ਨੇ ਜਿੱਤੀ ਤੇ 400 ਮੀਟਰ ਦੀ ਦੌੜ ਮਿਲਖਾ ਸਿੰਘ ਨੇ। 200 ਮੀਟਰ ਦੌੜ ਦਾ ਮੁਕਾਬਲਾ ਦੋਹਾਂ ਦੌੜਾਕਾਂ ਤੇ ਦੋਹਾਂ ਦੇਸ਼ਾਂ ਵਿਚਕਾਰ ਮੁੱਛ ਦਾ ਸਵਾਲ ਸੀ।

ਮਿਲਖਾ ਸਿੰਘ ਉਸ ਦੌੜ ਨੂੰ ਆਪਣੀ ਸਿਰੇ ਦੀ ਦੌੜ ਮੰਨਦਾ ਸੀ ਜੋ 'ਭਾਗ ਮਿਲਖਾ ਭਾਗ' ਫਿਲਮ ਵਿਚ ਫਿਲਮਾਈ ਗਈ। ਅਬਦੁੱਲ ਖ਼ਾਲਿਕ ਆਪਣੇ ਦੇਸ਼ ਵਿਚ ਲੱਗ ਰਹੀ ਇਸ ਦੌੜ ਨੂੰ ਹਰ ਹੀਲੇ ਜਿੱਤਣਾ ਚਾਹੁੰਦਾ ਸੀ। ਪਰ ਮਿਲਖਾ ਸਿੰਘ ਨੇ ਇਹ ਦੌੜ ਏਨੇ ਜੋਸ਼ ਨਾਲ ਲਾਈ ਕਿ ਅਬਦੁੱਲ ਖ਼ਾਲਿਕ ਨੂੰ ਦਸ ਮੀਟਰ ਪਿੱਛੇ ਛੱਡ ਗਿਆ। ਅਨਾਊਂਸਰ ਨੇ ਕਿਹਾ ਕਿ ਇਹ ਦੌੜ ਮਿਲਖਾ ਸਿੰਘ ਨੇ ਦੌੜ ਕੇ ਨਹੀਂ ਉੱਡ ਕੇ ਲਾਈ ਹੈ। ਪਾਕਿਸਤਾਨ ਦਾ ਸਦਰ ਜਨਰਲ ਅਯੂਬ ਖਾਂ ਵੀ ਉਸ ਵੇਲੇ ਸਟੇਡੀਅਮ 'ਚ ਹਾਜ਼ਰ ਸੀ। ਉਸ ਨੇ ਮਿਲਖਾ ਸਿੰਘ ਨੂੰ ਮੈਡਲ ਪਹਿਨਾਉਂਦਿਆਂ ਉਸ ਨੂੰ 'ਫਲਾਈਂਗ ਸਿੱਖ' ਕਿਹਾ ਜੋ ਹਮੇਸ਼ਾਂ ਲਈ ਮਿਲਖਾ ਸਿੰਘ ਦੇ ਨਾਂ ਨਾਲ ਜੁੜ ਗਿਆ। ਅਬਦੁੱਲ ਖ਼ਾਲਿਕ ਨੇ 1948 ਤੋਂ 78 ਤਕ ਪਾਕਿਸਤਾਨ ਦੀ ਫੌਜ 'ਚ ਨੌਕਰੀ ਕੀਤੀ ਤੇ ਸੂਬੇਦਾਰ ਬਣ ਕੇ ਰਿਟਾਇਰ ਹੋਇਆ। ਉਹ 1965-68 ਤੇ 70-71 ਦੌਰਾਨ ਪਾਕਿਸਤਾਨ ਦੀ ਫੌਜ ਅਤੇ ਪੰਜਾਬ ਦੇ ਖੇਡ ਮਹਿਕਮੇ ਵਿਚ ਕੋਚਿੰਗ ਦਿੰਦਾ ਰਿਹਾ। 1974 ਤੋਂ 78 ਤਕ ਉਹ ਨੈਸ਼ਨਲ ਕੋਚ ਰਿਹਾ। ਉਸ ਨੇ ਪਾਕਿਸਤਾਨ ਦੀ ਫੌਜ ਵੱਲੋਂ 1965 ਤੇ 71 ਦੀਆਂ ਜੰਗਾਂ ਲੜੀਆਂ। ਬੰਗਲਾ ਦੇਸ਼ ਦੀ ਲੜਾਈ ਵਿਚ ਉਹ ਭਾਰਤ ਦਾ ਜੰਗੀ ਕੈਦੀ ਬਣਿਆ। ਪਹਿਲਾਂ ਗਵਾਲੀਅਰ ਦੀ ਜੇਲ੍ਹ 'ਚ ਰਿਹਾ, ਫਿਰ ਮੇਰਠ ਦੀ ਜੇਲ੍ਹ ਵਿਚ। ਭਾਰਤ ਸਰਕਾਰ ਨੇ ਉਸ ਦੀਆਂ ਖੇਡ ਪ੍ਰਾਪਤੀਆਂ ਕਰਕੇ ਰਿਹਾਅ ਕਰਨਾ ਚਾਹਿਆ ਪਰ ਅਬਦੁੱਲ ਖ਼ਾਲਿਕ ਨੇ ਕਿਹਾ ਕਿ ਉਹ ਬਾਕੀ ਕੈਦੀਆਂ ਨਾਲ ਹੀ ਰਿਹਾਅ ਹੋਵੇਗਾ। ਉਸ ਨੇ ਮਿਲਖਾ ਸਿੰਘ, ਪ੍ਰਦੁੱਮਣ ਸਿੰਘ ਤੇ ਗੁਰਬਚਨ ਸਿੰਘ ਨੂੰ ਮਿਲਣ ਦੀ ਇੱਛਾ ਪਰਗਟ ਕੀਤੀ। ਮਿਲਖਾ ਸਿੰਘ ਤੇ ਗੁਰਬਚਨ ਸਿੰਘ ਤਾਂ ਮਿਲ ਗਏ ਪਰ ਪ੍ਰਦੁੱਮਣ ਸਿੰਘ ਫੌਜ ਵਿਚ ਹੋਣ ਕਾਰਨ ਖ਼ਾਲਿਕ ਨੂੰ ਮਿਲ ਨਾ ਸਕਿਆ ਜਿਸ ਦਾ ਉਸ ਨੂੰ ਮਰਦੇ ਦਮ ਤਕ ਮਲਾਲ ਰਿਹਾ।

ਅਬਦੁੱਲ ਖ਼ਾਲਿਕ ਦਾ ਛੋਟਾ ਭਰਾ ਅਬਦੁੱਲ ਮਲਿਕ ਵੀ ਨਾਮੀ ਅਥਲੀਟ ਰਿਹਾ। ਖ਼ਾਲਿਕ ਦੇ ਚਾਰ ਪੁੱਤਰ ਹੋਏ। ਵੱਡਾ ਗੁਲਾਮ ਅੱਬਾਸ ਤੇ ਉਸ ਤੋਂ ਛੋਟਾ ਮੁਹੰਮਦ ਅਸ਼ਫਾਕ ਪਾਕਿਸਤਾਨ ਦੀ ਫੌਜ 'ਚ ਨੌਕਰੀ ਕਰਦੇ ਰਹੇ। ਤੀਜਾ ਪੁੱਤਰ ਮੁਹੰਮਦ ਏਜਾਜ਼ ਪਾਕਿਸਤਾਨ ਸਪੋਰਟਸ ਬੋਰਡ ਵਿਚ ਕੋਚ ਰਿਹਾ ਤੇ ਸਭ ਤੋਂ ਛੋਟਾ ਪਿੰਡ ਦੇ ਸਕੂਲ ਵਿਚ ਪੀਟੀ ਮਾਸਟਰ ਰਿਹਾ। ਅਬਦੁੱਲ ਖ਼ਾਲਿਕ 10 ਮਾਰਚ 1988 ਨੂੰ ਰਾਵਲਪਿੰਡੀ ਵਿਚ ਫੌਤ ਹੋਇਆ। ਪਾਕਿਸਤਾਨ ਦੇ ਇਸ ਮਹਾਨ ਅਥਲੀਟ ਨੂੰ 'ਪ੍ਰਾਈਡ ਆਫ਼ ਪਾਕਿਸਤਾਨ' ਦੇ ਖ਼ਿਤਾਬ ਨਾਲ ਸਨਮਾਨਿਆ ਗਿਆ ਅਤੇ ਉਸ ਦਾ ਸਟੈਚੂ ਰਾਵਲਪਿੰਡੀ ਦੇ ਅਯੂਬ ਪਾਰਕ ਵਿਚ ਸਥਾਪਿਤ ਕੀਤਾ ਗਿਆ।

# ਬੇਰੁਜ਼ਗਾਰੀ ਦਾ ਰੋਣਾ: ਫੂੰਤੂ ਕਿਤੇ ਨਾਚ ਨਾ ਜਾਨੇ, ਆਂਗਨ ਟੇਢਾ ਵਾਲੀ ਗੱਲ ਤਾਂ ਨਹੀਂ!



ਹਰਜੀਤ ਦਿਓਲ
E-mail: sarjit125@gmail.com

ਫਰੀਦਾਬਾਦ ਰਹਿੰਦਿਆਂ ਰੈਫਰਿਜਰੇਟਰ ਫੈਕਟਰੀ ਵਿਚ ਨੌਕਰੀ ਦੌਰਾਨ ਆਪਣੀ ਰਿਟਾਇਰਮੈਂਟ ਤੋਂ 2 ਕੁ ਸਾਲ ਪਹਿਲਾਂ ਮੈਂ ਸੰਨ 2000 ਵਿਚ ਵਾਲੰਟੀਅਰੀ ਰਿਟਾਇਰਮੈਂਟ ਲੈ ਲਈ ਕਿਉਂਕਿ ਇਹ ਪੈਕੇਜ ਵਧੇਰੇ ਲਾਹੇਵੰਦ ਸੀ। ਹੋਮ ਮਨਿਸਟਰੀ ਦਾ ਬੂਟੀਕ ਦਾ ਕੰਮ ਵਧੀਆ ਚੱਲ ਰਿਹਾ ਸੀ ਸੋ ਉਸ ਦਾ ਹੱਥ ਵਟਾਉਣ ਲੱਗਾ। ਘਰ ਦੇ ਇੱਕ ਪੋਰਸ਼ਨ ਦਾ ਕਿਰਾਇਆ ਆਉਂਦਾ ਸੀ ਸੋ ਘਰ ਖਰਚ ਠੀਕ-ਠਾਕ ਰਿੜ੍ਹਨ ਲੱਗਾ। ਕੁਝ ਹੋਰ ਆਮਦਨ ਅਤੇ ਰੁਝੇਵੇਂ ਲਈ ਮੈਂ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਦਾ ਮਨ ਬਣਾਇਆ। ਤਿੰਨ ਬੱਚਿਆਂ ਤੋਂ ਸ਼ੁਰੂ ਕਰ ਕੇ ਮੇਰੇ ਕੋਲ 15 ਕੁ ਬੱਚੇ ਹੋ ਗਏ ਜੋ ਚੌਥੀ ਤੋਂ ਨੌਵੀਂ ਜਮਾਤ ਤੱਕ ਦੇ ਸਨ ਜਿਸ ਦੇ ਮੈਂ ਤਿੰਨ ਬੈਚ ਬਣਾ ਲਏ। ਕੰਮ ਚੰਗਾ ਚੱਲ ਪਿਆ ਕਿਉਂਕਿ ਬੱਚੇ ਮੇਰੇ ਪੜ੍ਹਾਉਣ ਦੇ ਢੰਗ ਤੋਂ ਖੁਸ਼ ਸਨ। ਆਪਣੇ ਜਨਮ ਦਿਨ 14 ਨਵੰਬਰ ਨੂੰ ਮੈਂ ਬੱਚਿਆਂ ਨੂੰ ਚਾਹ ਪਾਣੀ ਦੀ ਪਾਰਟੀ ਦਿੰਦਾ ਜਿਸ ਦਾ ਬੱਚੇ ਅਨੰਦ ਲੈਂਦੇ ਮੇਰੇ ਨਾਲ ਦੋਸਤਾਨਾ ਹੋ ਖਾਸੇ ਘੁਲਮਿਲ ਗਏ।

ਫਰੀਦਾਬਾਦ ਛੱਡ ਕੈਨੇਡਾ ਆਇਆਂ ਸਾਨੂੰ 20 ਕੁ ਸਾਲ ਹੋ ਗਏ ਹਨ ਪਰ ਬੱਚੇ ਮੈਨੂੰ ਮੇਰਾ ਜਨਮ ਦਿਨ ਵਿਸ਼ ਕਰਨਾ ਨਹੀਂ ਭੁੱਲਦੇ। ਵਰਣਨਯੋਗ ਗੱਲ ਇਹ ਹੈ ਕਿ ਇਸ ਵਕਫੇ ਦੌਰਾਨ ਤਕਰੀਬਨ ਸਾਰੇ ਬੱਚੇ ਅਗਲੇਰੀ ਉੱਚ ਵਿਦਿਆ ਹਾਸਲ ਕਰ ਚੰਗੇ ਪੈਕੇਜ ਵਾਲੀਆਂ ਨੌਕਰੀਆਂ ਹਾਸਲ ਕਰ ਚੁੱਕੇ ਹਨ ਅਤੇ ਕਿਸੇ ਵਿਚ ਵੀ ਬਾਹਰਲੇ ਮੁਲਕ ਜਾਣ ਦਾ ਕਰੇਜ਼ ਮੈਂ ਨਹੀਂ ਦੇਖਿਆ। ਉਸੇ ਦੌਰਾਨ ਇੱਕ ਨਾਲਾਇਕ ਬੱਚਾ ਵੀ ਮੇਰੇ ਸੰਪਰਕ ਵਿਚ ਆਇਆ। ਉਸ ਦੀ ਗਰੀਬੜੀ ਵਿਧਵਾ ਮਾਂ ਘਰਾਂ ਦਾ ਕੰਮ ਕਰ ਪੰਜਵੀਂ 'ਚ ਪੜ੍ਹਦੇ ਆਪਣੇ ਪੁੱਤਰ ਨੂੰ ਪੜ੍ਹਾਉਣ ਦਾ ਉਪਰਾਲਾ ਕਰ ਰਹੀ ਸੀ ਪਰ ਉਹ ਪਤੰਦਰ ਜਮ੍ਹਾਂ ਹੀ ਪੜ੍ਹ ਕੇ ਰਾਜ਼ੀ ਨਹੀਂ ਸੀ। ਉਸ ਨੂੰ ਮੇਰੇ ਕੋਲ ਲਿਆਇਆ ਗਿਆ ਤੇ ਮੈਂ ਬਿਨਾ ਫੀਸ ਤੋਂ ਉਸ ਵੱਲ ਵਧੇਰੇ ਧਿਆਨ ਦੇ ਕੇ ਉਸ ਨੂੰ ਪਟਰੀ 'ਤੇ ਲਿਆਉਣ ਦਾ ਯਤਨ ਕੀਤਾ ਪਰ ਨਤੀਜਾ ਸਿਫਰ ਰਿਹਾ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੀ ਮਾਂ ਨੇ ਉਸ ਨੂੰ ਕਿਸੇ ਵਾਕਫਕਾਰ ਦੀ ਜੁੱਤੀਆਂ ਦੀ ਦੁਕਾਨ 'ਤੇ ਕੰਮ 'ਤੇ ਲਗਵਾ ਦਿੱਤਾ ਸੀ। ਅੱਜ ਉਹ ਬੱਚਾ ਉਸ ਦੁਕਾਨ ਤੋਂ ਕੰਮ ਦਾ ਭੇਤ ਸਿੱਖ ਕੇ ਆਪਣੀ ਵੱਖਰੀ ਦੁਕਾਨ ਖੋਲ੍ਹ ਸੁਹਣਾ ਕੰਮ ਚਲਾ ਰਿਹਾ ਹੈ। ਉਸ ਦੀ ਮਾਂ ਕੋਲ ਏਜੰਟਾਂ ਨੂੰ ਦੇ ਕੇ ਉਸ ਨੂੰ ਬਾਹਰ ਭੇਜਣ ਲਈ ਚਾਲੀ ਲੱਖ ਤਾਂ ਕੀ ਚਾਲੀ ਹਜ਼ਾਰ ਵੀ ਨਹੀਂ ਸਨ ਅਤੇ ਨਾ ਸੀ ਵੇਚਣ ਲਈ ਜ਼ਮੀਨ।

ਅੱਜ ਡਿਪੋਰਟੇਸ਼ਨ ਦੇ ਰੌਲੇ ਰੱਪੇ ਵਿਚ ਪੰਜਾਬ ਦੇ ਲੋਕਾਂ ਕੋਲ ਸਿਵਾਏ ਸਰਕਾਰਾਂ ਨੂੰ ਭੰਡਣ ਦੇ ਹੋਰ ਕੋਈ ਕੰਮ ਨਹੀਂ ਜਿਵੇਂ ਕਿ ਭਾਰਤ ਵਿਚ ਤਾਂ ਰੋਜ਼ਗਾਰ ਹੈ ਹੀ ਨਹੀਂ ਨਾ ਕੰਮ ਦੀ ਕਦਰ ਹੈ! ਕਿਰਤ ਦਾ ਮੁੱਲ ਹੀ ਨਹੀਂ ਪੈਂਦਾ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਆਦਿ। ਪੰਜਾਬ ਵਿਚ ਰਹਿੰਦਿਆਂ ਮੈਂ ਯੂ.ਪੀ, ਬਿਹਾਰ ਤੋਂ ਆਇਆਂ ਭਈਆਂ ਨੂੰ ਮੇਹਨਤ ਦੇ ਸਿਰ 'ਤੇ ਆਪਣਾ ਕਾਰੋਬਾਰ ਜਮਾ ਕਾਮਯਾਬ ਹੁੰਦਿਆਂ ਦੇਖਿਆ ਹੈ। ਕਈਆਂ ਨੇ ਵੱਡੀਆਂ ਕੋਠੀਆਂ ਵੀ ਪਾ ਲਈਆਂ ਹਨ।

ਗੱਲ ਇਵੇਂ ਹੈ ਕਿ ਵਿਦੇਸ਼ਾਂ ਵਿਚ ਬਾਹਰੋਂ ਆਏ ਨਾਲਾਇਕ ਅਤੇ ਲਾਇਕ ਦੋਵੇਂ ਤਰ੍ਹਾਂ ਦੇ ਲੋਕ ਖਪ ਜਾਂਦੇ ਹਨ ਜਦਕਿ ਭਾਰਤ ਵਿਚ ਕਾਮਯਾਬ ਹੋਣ ਲਈ ਲਿਆਕਤ ਜ਼ਰੂਰੀ ਹੈ ਭਾਵੇਂ ਉਹ ਸਿਖਿਆ ਦੇ ਖੇਤਰ ਵਿਚ ਹੋਵੇ ਭਾਵੇਂ ਵਪਾਰਕ ਯੋਗਤਾ। ਦੇਖਿਆ ਗਿਆ ਹੈ ਕਿ ਜੋ ਲੋਕ ਪੜ੍ਹਾਈ ਵਿਚ ਫਿਸੱਡੀ ਰਹਿ ਜਾਂਦੇ ਹਨ ਉਨ੍ਹਾਂ ਵਿਚ ਵਪਾਰਕ ਬੁੱਧੀ ਦਾ ਅੰਸ਼ ਜ਼ਰੂਰ ਹੁੰਦਾ ਹੈ ਜੇ ਉਹ ਇਸ ਨੂੰ ਵਰਤ ਕੇ ਮੇਹਨਤ ਦਾ ਰਾਹ ਚੁਣ ਲੈਣ। ਦੇਖਿਆ ਗਿਆ ਹੈ ਕਿ ਪੰਜਾਬ ਅੰਦਰ ਸਮਾਲ ਸਕੇਲ ਇੰਡਸਟਰੀ ਵਿਚ ਵੱਡੀ ਗਿਣਤੀ ਵਿਚ ਯੂ.ਪੀ, ਬਿਹਾਰ ਤੋਂ ਆਏ ਪਰਵਾਸੀ ਦਸ ਤੋਂ ਪੰਦਰਾਂ ਹਜ਼ਾਰ ਤੱਕ ਦੀਆਂ ਨੌਕਰੀਆਂ ਕਰ ਰਹੇ ਹਨ ਤੇ ਸਾਡਿਆਂ ਦੇ ਇਹ ਮਾਮੂਲੀ ਤਨਖਾਹਾਂ ਵਾਲੀਆਂ ਨੌਕਰੀਆਂ ਨੱਕ ਥੱਲੇ ਨਹੀਂ ਕਿਉਂਕਿ "ਐਨੇ ਦੇ ਤਾਂ ਮਿੱਤਰਾਂ ਦੇ ਬੂਟ ਆਉਂਦੇ ਆ"। ਜੇਕਰ ਨਾ ਸਿਖਿਆ ਵਿਚ ਕੋਈ ਵੱਡੀ ਮੱਲ ਮਾਰੀ ਨਾ ਲਗਨ ਨਾਲ ਕਿਸੇ ਕੰਮ ਨੂੰ ਹੱਥ ਪਾਇਆ ਤਾਂ ਫੇਰ ਸਰਕਾਰਾਂ ਨਾਲ ਆਢਾ ਲਾ ਰੋਸ ਮੁਜ਼ਾਹਰਿਆਂ/ ਧਰਨਿਆਂ/ਸੜਕਾਂ ਜਾਮ ਕਰਨ ਤੋਂ ਸਿਵਾ ਹੋਰ ਕੋਈ ਕੰਮ ਕਰਨ ਦਾ ਬਦਲ ਰਹਿ ਨਹੀਂ ਜਾਂਦਾ। ਧੰਨਵਾਦ।

# ਯੂ.ਜੀ.ਸੀ. ਦਾ ਨਵਾਂ ਫ਼ੁਰਮਾਨ

ਵਿੱਦਿਅਕ ਅਦਾਰਿਆਂ ਨੂੰ ਫੰਡ ਦੇਣ ਵਾਲੇ 'ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ' ਵੱਲੋਂ 6 ਜਨਵਰੀ 2025 ਨੂੰ ਉੱਚ ਵਿੱਦਿਅਕ ਢਾਂਚੇ ਵਿਚ ਕਈ ਵੱਡੀਆਂ ਤਬਦੀਲੀਆਂ ਕਰਨ ਲਈ ਯੂਨੀਅਨ ਸਿੱਖਿਆ ਮੰਤਰੀ ਦੁਆਰਾ 'ਯੂਜੀਸੀ ਰੈਗੂਲੇਸ਼ਨ ਡਰਾਫਟ, 2025' ਪੇਸ਼ ਕੀਤਾ ਗਿਆ। ਕਰੀਬ 30 ਵਿੱਦਿਅਕ ਸੰਸਥਾਵਾਂ ਨੂੰ ਯੂਜੀਸੀ ਰੈਗੂਲੇਸ਼ਨ ਡਰਾਫਟ, 2025 ਨੂੰ ਮਨਜ਼ੂਰੀ ਦੇਣ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਕਈ ਸਾਲਾਂ ਤੋਂ ਯੂਜੀਸੀ ਲਗਾਤਾਰ ਸਿੱਖਿਆ ਢਾਂਚੇ ਵਿਚ ਵਿਦਿਆਰਥੀ ਦੋਖੀ ਅਤੇ ਸਿੱਖਿਆ ਦੇ ਪੱਧਰ ਨੂੰ ਹੇਠਾਂ ਸੁੱਟਣ ਵਾਲੀਆਂ ਨੀਤੀਆਂ ਲਾਗੂ ਕਰਦੀ ਆ ਰਹੀ ਹੈ, ਇੱਕ ਵਾਰ ਫਿਰ ਯੂਜੀਸੀ ਨੇ ਇਨ੍ਹਾਂ

**ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ**
**ਫੋਨ: 88472-27740**

''ਮਹੱਤਵਪੂਰਨ ਸੋਧਾਂ'' ਰਾਹੀਂ ਭਾਰਤ ਦੀ ਉਚੇਰੀ ਸਿੱਖਿਆ ਢਾਂਚੇ ਦੀ ਹਾਲਤ ਹੋਰ ਖਸਤਾ ਬਣਾਉਣ ਦਾ ਰਾਹ ਚੁਣਿਆ ਹੈ। ਹਰ ਯੂਨੀਵਰਸਿਟੀ ਨੂੰ ਲਾਜ਼ਮੀ ਹੀ ਇਨ੍ਹਾਂ ਨੂੰ ਕਬੂਲਣਾ ਪਵੇਗਾ, ਜੇਕਰ ਕੋਈ ਵਿੱਦਿਅਕ ਅਦਾਰਾ ਇਸਨੂੰ ਲਾਗੂ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਉਸਨੂੰ ਯੂਜੀਸੀ ਵੱਲੋਂ ਫੰਡ ਨਹੀਂ ਦਿੱਤੇ ਜਾਣਗੇ ਅਤੇ ਉਨ੍ਹਾਂ ਦੀ ਕਿਸੇ ਵੀ ਡਿਗਰੀ ਨੂੰ ਯੂਜੀਸੀ ਵੱਲੋਂ ਮਾਨਤਾ ਨਹੀਂ ਦਿੱਤੀ ਜਾਵੇਗੀ। ਇਹ ਸਿੱਧੇ ਤੌਰ ਉੱਤੇ ਵੱਖ-ਵੱਖ ਖਿੱਤਿਆਂ ਦੀ ਆਜ਼ਾਦੀ ਅਤੇ ਸਿੱਖਿਆ ਪ੍ਰਣਾਲੀ ਉੱਤੇ ਕਾਬਜ਼ ਹੋਣ ਦੀ ਕੋਸ਼ਿਸ਼ ਹੈ। ਇਸਦੇ ਨਾਲ ਖਰੜੇ ਅਨੁਸਾਰ ਉਪ-ਕੁਲਪਤੀ ਦੀ ਨਿਯੁਕਤੀ ਵਿਚ ਵੀ ਬਦਲਾਅ ਕੀਤੇ ਗਏ ਹਨ। ਸਭ ਤੋਂ ਪਹਿਲਾਂ, ਉਪ-ਕੁਲਪਤੀ ਬਣਨ ਲਈ ਹੁਣ ਵਿਅਕਤੀ ਦਾ ਪ੍ਰੋਫੈਸਰ ਹੋਣਾ, ਜਾਂ ਸਿੱਖਿਆ ਖੇਤਰ ਵਿਚ ਕੰਮ ਕਰਨਾ ਵੀ ਲਾਜ਼ਮੀ ਨਹੀਂ। ਖਰੜੇ ਅਨੁਸਾਰ ਸਨਅਤ ਅਤੇ ਸਰਕਾਰੀ ਮਹਿਕਮਿਆਂ ਵਿਚ ਕੰਮ ਕਰਦੇ "ਤਜਰਬੇਕਾਰ ਅਤੇ ਹੋਣਹਾਰ" ਵਿਅਕਤੀਆਂ ਨੂੰ ਵੀ ਯੂਨੀਵਰਸਿਟੀਆਂ ਦੇ ਉਪ-ਕੁਲਪਤੀ ਚੁਣਿਆ ਜਾ ਸਕੇਗਾ। ਇਸਦਾ ਮਤਲਬ ਹੁਣ ਵੱਡੇ ਸਰਮਾਏਦਾਰ ਅਤੇ ਸਰਕਾਰੀ ਨੁਮਾਇੰਦੇ ਵਿਦਿਆਰਥੀਆਂ ਦੀ ਸਿੱਖਿਆ ਬਾਰੇ ਉਹ ਫੈਸਲੇ ਲੈ ਸਕਣਗੇ ਜਿਨ੍ਹਾਂ ਲਈ ਉਹ ਬਿਲਕੁਲ ਨਾਕਾਬਲ ਹਨ। ਤਾਮਿਲਨਾਡੂ ਵਿਚ 6 ਯੂਨੀਵਰਸਿਟੀਆਂ ਵਿਚ ਉਪ-ਕੁਲਪਤੀ ਦੀ ਚੋਣ ਬਾਰੇ ਯੂਨੀਅਨ ਸਰਕਾਰ ਨਾਲ ਬਹਿਸ ਚੱਲਣ ਤੋਂ ਬਾਅਦ ਹੁਣ ਇਨ੍ਹਾਂ ਨਵੀਆਂ ਨੀਤੀਆਂ ਅਨੁਸਾਰ ਉਸ ਖਿੱਤੇ ਦੇ ਸਭ ਤੋਂ ਪੜ੍ਹੇ ਲਿਖੇ ਅਤੇ ਕਾਬਲ ਪ੍ਰੋਫੈਸਰਾਂ ਦੀ ਥਾਂ ਭਾਰਤ ਦੇ ਕਿਸੇ ਵੀ ਕੋਨੇ ਦੇ ਸਰਮਾਏਦਾਰ ਜਾਂ ਅਧਿਕਾਰੀ ਨੂੰ ਨਿਯੁਕਤ ਕੀਤੇ ਜਾਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ।

ਇਸ ਦੇ ਬਾਰੇ ਹੁਣ ਤੋਂ ਉਪ-ਕੁਲਪਤੀ ਦੀ ਨਿਯੁਕਤੀ ਲਈ ਤਿੰਨ-ਮੈਂਬਰੀ ਖੋਜ-ਅਤੇ-ਚੋਣ ਕਮੇਟੀ ਬਣਾਈ ਜਾਵੇਗੀ, ਜਿਸ ਵਿਚ ਰਾਸ਼ਟਰਪਤੀ ਜਾਂ ਉਪ-ਕੁਲਪਤੀ ਵੱਲੋਂ ਨਾਮਜ਼ਦ ਕੀਤਾ ਗਿਆ ਚੇਅਰਪਰਸਨ ਕਮੇਟੀ ਦਾ ਆਗੂ ਹੋਵੇਗਾ। ਇਸਦੇ ਨਾਲ ਇਸ ਕਮੇਟੀ ਵਿਚ ਚੇਅਰਪਰਸਨ ਵੱਲੋਂ ਨਾਮਜ਼ਦ ਇੱਕ ਵਿਅਕਤੀ, ਅਤੇ ਯੂਨੀਵਰਸਿਟੀ ਦੇ ਸਰਵਉੱਚ ਨਿਕਾਏ ਦਾ ਇੱਕ ਨਾਮਜ਼ਦ ਵਿਅਕਤੀ ਹੋਵੇਗਾ। ਇਸ ਕਮੇਟੀ ਦੁਆਰਾ ਸੁਝਾਏ 35 ਵਿਅਕਤੀਆਂ ਦੀ ਸੂਚੀ ਵਿਚੋਂ ਉਪ-ਕੁਲਪਤੀ ਨੂੰ ਨਿਯੁਕਤ ਕੀਤਾ ਜਾਵੇਗਾ। ਸਾਫ ਹੈ ਕਿ ਇਹ ਪ੍ਰਕਿਰਿਆ ਯੂਨੀਵਰਸਿਟੀ ਦੇ ਕਾਰਜਕਾਲ, ਵਿਦਿਆਰਥੀਆਂ ਦੇ ਭਵਿੱਖ, ਅਤੇ ਸਿੱਖਿਆ ਨੂੰ ਯੂਨੀਅਨ ਸਰਕਾਰ ਦੇ ਹੱਥਾਂ ਵਿਚ ਸੌਂਪਣ ਦਾ ਕੰਮ ਕਰੇਗੀ। ਸਿੱਖਿਆ ਦੇ ਕੇਂਦਰੀਕਰਨ ਦੇ ਹਮਲਿਆਂ ਤਹਿਤ ਯੂਜੀਸੀ ਨੇ ਕੇਂਦਰੀ ਪ੍ਰੀਖਿਆਵਾਂ ਨੂੰ ਵੀ ਪੂਰੇ ਦੇਸ਼ ਵਿਚ ਸਖਤਾਈ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਅਸਲ ਵਿਚ ਇਹ ਫੈਸਲੇ ਭਾਜਪਾ ਸਰਕਾਰ ਦੀ ਹਿੰਦੀ, ਹਿੰਦੂ, ਹਿੰਦੁਸਤਾਨ ਦੀ ਨੀਤੀ ਨੂੰ ਸਿੱਖਿਆ ਪ੍ਰਣਾਲੀ ਵਿਚ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹਨ। ਪਿਛਲੇ ਸਮੇਂ ਵਿਚ ਸਰਕਾਰ ਵੱਲੋਂ ਇਕਸਾਰ ਸਿਵਲ ਕੋਡ, ਇੱਕ ਦੇਸ਼- ਇੱਕ ਚੋਣ ਆਦਿ ਵਰਗੇ ਕਾਨੂੰਨ ਬਣਾਉਣ ਤੋਂ ਬਾਅਦ ਯੂਜੀਸੀ ਰਾਹੀਂ ਸਿੱਖਿਆ ਢਾਂਚੇ ਵਿਚ ਧੱਕੇ ਨਾਲ ਮਨਜ਼ੂਰੀ ਲੈ ਕੇ ਇੱਥੇ ਵਸਦੀਆਂ ਕੌਮਾਂ ਦੀ ਆਜ਼ਾਦੀ ਉੱਤੇ ਵੱਡੇ ਹਮਲੇ ਕੀਤੇ ਗਏ ਹਨ; ਇਸ ਦੇ ਨਾਲ ਲੋਕਾਂ ਦੀ ਸਿੱਖਿਆ ਪ੍ਰਣਾਲੀ ਵਿਚ ਬਣਦੀ ਭੂਮਿਕਾ ਵੀ ਘਟੇਗੀ। ਯੂਨੀਅਨ ਸਰਕਾਰ ਵੱਲੋਂ ਸਿੱਖਿਆ ਸੰਸਥਾਵਾਂ ਵਿਚ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਥੋਪਣੀ ਵੀ ਇਸਦੀ ਵੱਡੀ ਉਦਾਹਰਨ ਹੈ। ਤਾਮਿਲਨਾਡੂ, ਕੇਰਲਾ, ਅਤੇ ਕਰਨਾਟਕ ਵਿਚ ਇਨ੍ਹਾਂ ਤਬਦੀਲੀਆਂ ਦਾ ਸਖਤ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਉਚੇਰੀ ਸਿੱਖਿਆ ਨੂੰ ਯੂਨੀਅਨ ਸਰਕਾਰ ਦੇ ਸ਼ਿਕੰਜੇ ਵਿਚੋਂ ਆਜ਼ਾਦ ਕਰਵਾਉਣ ਦੀ ਮੰਗ ਕਰਦਿਆਂ ਕਈ ਰੋਸ ਮੁਜ਼ਾਹਰੇ ਵੀ ਕੱਢੇ ਜਾ ਚੁੱਕੇ ਹਨ। ਹਰ ਕੌਮ ਨੂੰ ਆਪਣੇ ਲੋਕਾਂ ਦੀਆਂ ਲੋੜਾਂ ਅਨੁਸਾਰ ਸਿੱਖਿਆ ਢਾਂਚੇ ਨੂੰ ਚਲਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਯੂਨੀਵਰਸਿਟੀਆਂ ਕੌਮਾਂ ਦੀਆਂ ਬੌਧਿਕ ਲੋੜਾਂ ਨੂੰ ਪੂਰਾ ਕਰਨ ਦਾ ਕੇਂਦਰ ਬਣਦੀਆਂ ਹਨ ਅਤੇ ਯੂਨੀਅਨ ਸਰਕਾਰ ਦੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਨ੍ਹਾਂ ਉੱਤੇ ਕਾਬਜ਼ ਹੋਣ ਦੀਆਂ ਕੋਸ਼ਿਸ਼ਾਂ ਵੀ ਕੌਮੀ ਦਾਬੇ ਦੀਆਂ ਉਦਾਹਰਨਾਂ ਹਨ।

ਇਸ ਖਰੜੇ ਵਿਚ ਪ੍ਰੋਫੈਸਰਾਂ ਦੀ ਨਿਯੁਕਤੀ ਦੇ ਮਾਇਨੇ ਵੀ ਬਦਲੇ ਗਏ ਹਨ। ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਇੰਜੀਨੀਅਰਿੰਗ ਦੇ ਵਿਸ਼ੇ ਪੜ੍ਹਾਉਣ ਲਈ ਲਾਜ਼ਮੀ ਨੈੱਟ ਪ੍ਰੀਖਿਆ ਹਟਾ ਦਿੱਤੀ ਗਈ ਹੈ ਅਤੇ ਐੱਮ.ਟੈਕ. ਦੀ ਡਿਗਰੀ ਨਾਲ ਹੀ ਵਿਅਕਤੀ ਪ੍ਰੋਫੈਸਰ ਨਿਯੁਕਤ ਹੋ ਸਕਦਾ ਹੈ। ਪਰ ਬਾਕੀ ਵਿਸ਼ਿਆਂ ਵਿਚ ਹੁਣ ਨੈੱਟ ਪ੍ਰੀਖਿਆ ਪਾਸ ਕੀਤੇ ਬਿਨਾਂ ਕੋਈ ਸਹਾਇਕ ਪ੍ਰੋਫੈਸਰ ਨਿਯੁਕਤ ਨਹੀਂ ਹੋ ਸਕੇਗਾ, ਅਤੇ ਨੈੱਟ ਪ੍ਰੀਖਿਆ ਪਾਸ ਹੋਵੇ ਤਾਂ ਇਹ ਲਾਜ਼ਮੀ ਨਹੀਂ ਕਿ ਵਿਅਕਤੀ ਨੇ ਪੋਸਟ ਗ੍ਰੈਜੂਏਸ਼ਨ ਵਿਚ ਉਹ ਵਿਸ਼ਾ ਪੜ੍ਹਿਆ ਹੀ ਹੋਵੇ। ਮਤਲਬ ਸਿਰਫ ਇੱਕ ਪੇਪਰ ਪਾਸ ਕਰ ਕੇ ਪ੍ਰੋਫੈਸਰ ਬਣ ਕੇ ਵਿਦਿਆਰਥੀਆਂ ਨੂੰ ਉਹ ਪੜ੍ਹਾ ਸਕਦਾ ਹੈ ਜੋ ਉਸਨੇ ਆਪ ਹੀ ਨਹੀਂ ਪੜ੍ਹਿਆ! 2024 ਵਿਚ ਹੀ ਐਨ.ਟੀ.ਏ. (ਸਰਕਾਰੀ ਏਜੰਸੀ ਜੋ ਕਿ ਨੈੱਟ, ਨੀਟ ਵਰਗੀਆਂ ਪ੍ਰੀਖਿਆਵਾਂ ਕਰਵਾਉਂਦੀ ਹੈ) ਵਿਚ ਪ੍ਰੀਖਿਆ ਪੇਪਰ ਲੱਖਾਂ ਵਿਚ ਵੇਚੇ ਜਾਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ। ਇੱਕ ਥਾਂ 'ਤੇ ਤਾਂ ਨੀਟ ਪ੍ਰੀਖਿਆ ਵਿਚ ਲੀਕ ਹੋਏ ਪੇਪਰ ਵਿਚ 720 ਵਿਚੋਂ 720 ਨੰਬਰ ਲੈਣ ਵਾਲੀ ਵਿਦਿਆਰਥਣ 12ਵੀਂ ਦੀਆਂ ਬੋਰਡ




ਪ੍ਰੀਖਿਆਵਾਂ ਵਿਚ ਪਾਸ ਹੀ ਨਾ ਹੋ ਸਕੀ। ਬਿਹਾਰ ਵਿਚ ਪਿਛਲੇ ਮਹੀਨੇ ਹੀ ਸਰਕਾਰੀ ਪ੍ਰੀਖਿਆ ਦੇ ਸਵਾਲ ਲੀਕ ਹੋਣ ਕਰਕੇ ਪ੍ਰੀਖਿਆ ਰੱਦ ਕਰ ਦਿੱਤੀ ਗਈ, ਜਿਸ ਤੋਂ ਬਾਅਦ 10 ਦਿਨਾਂ ਲਈ ਵਿਦਿਆਰਥੀਆਂ ਨੇ ਸਰਕਾਰ ਦੀ ਅਣਗਹਿਲੀ ਅਤੇ ਗੈਰਜ਼ਿੰਮੇਵਾਰੀ ਖਿਲਾਫ ਰੋਸ ਮੁਜ਼ਾਹਰੇ ਕੀਤੇ। ਕੋਈ ਵਿਅਕਤੀ ਬਿਨਾਂ ਕਿਸੇ ਵਿਸ਼ੇ ਨੂੰ ਪੜ੍ਹੇ ਹੀ ਪ੍ਰੋਫੈਸਰ ਬਣ ਸਕਦਾ ਹੈ, ਇਸਦੇ ਨਾਲ ਕੁੱਲ ਵਿਚ ਸਿੱਖਿਆ ਅਤੇ ਖੋਜ ਦਾ ਪੱਧਰ ਵੀ ਹੋਰ ਨੀਵਾਂ ਡਿੱਗੇਗਾ। ਦੂਜੇ ਪਾਸੇ ਮਿਹਨਤੀ ਨੌਜਵਾਨ ਸਾਲਾਂ ਦੀ ਪੜ੍ਹਾਈ ਅਤੇ ਰਿਸਰਚ ਤੋਂ ਬਾਅਦ ਵੀ ਨੌਕਰੀਆਂ ਲਈ ਭਟਕਣ ਲਈ ਮਜਬੂਰ ਰਹਿਣਗੇ।

ਸਹਾਇਕ ਪ੍ਰੋਫੈਸਰ ਨੂੰ ਪ੍ਰੋਫੈਸਰ ਬਣਨ ਲਈ ਘੱਟੋ-ਘੱਟ 10 ਸਾਲ ਪੜ੍ਹਾਉਣਾ ਅਤੇ ਆਪਣੇ ਵਿਸ਼ੇ ਵਿਚ ਕੰਮ ਜਾਰੀ ਰੱਖਣਾ ਲਾਜ਼ਮੀ ਸੀ, ਪਰ ਹੁਣ ਸਹਾਇਕ ਪ੍ਰੋਫੈਸਰਾਂ ਨੂੰ 10 ਸਾਲ ਤੋਂ ਬਾਅਦ 3 ਸਾਲ ਲਈ ਐਸੋਸੀਏਟ ਪ੍ਰੋਫੈਸਰ ਬਣਨਾ ਪਵੇਗਾ ਜਿਸ ਤੋਂ ਬਾਅਦ ਉਨ੍ਹਾਂ ਦੀ ਪ੍ਰਮੋਸ਼ਨ ਦਾ ਫੈਸਲਾ ਇੱਕ ਸਰਕਾਰੀ ਕਮੇਟੀ ਕਰੇਗੀ। ਭਾਵੇਂ ਕੋਈ ਵਿਅਕਤੀ ਆਪਣੇ ਵਿਸ਼ੇ ਦਾ ਮਾਹਿਰ ਹੋਵੇ ਸਿਰਫ 10% ਐਸੋਸੀਏਟ ਪ੍ਰੋਫੈਸਰ ਹੀ ਪ੍ਰੋਫੈਸਰ ਬਣਾਏ ਜਾਣਗੇ। ਇਸਦੇ ਨਾਲ ਇਨ੍ਹਾਂ ਪ੍ਰੋਫੈਸਰਾਂ ਨੂੰ ਖੋਜ ਅਤੇ ਹੋਰ ਕੰਮਾਂ ਲਈ ਫੰਡ ਅਤੇ ਗ੍ਰਾਂਟ ਮਿਲਣ ਵਿਚ ਸਮੱਸਿਆ ਆਵੇਗੀ, ਨਾਲ ਹੀ ਉਨ੍ਹਾਂ ਦੇ ਕੰਮ ਨੂੰ ਬਣਦੀ ਮਾਨਤਾ ਵੀ ਨਹੀਂ ਦਿੱਤੀ ਜਾਵੇਗੀ। ਪ੍ਰੋਫੈਸਰਾਂ ਨੂੰ ਬਣਦੀਆਂ ਤਨਖਾਹਾਂ ਦੇਣ ਤੋਂ ਬਚਣ ਲਈ ਸਰਕਾਰ ਗੈਸਟ, ਸਹਾਇਕ, ਅਤੇ ਐਸੋਸੀਏਟ ਪ੍ਰੋਫੈਸਰਾਂ ਤੋਂ ਬਰਾਬਰ ਕੰਮ ਘੱਟ ਤਨਖਾਹ ਉੱਤੇ ਕਰਵਾਉਂਦੀ ਹੈ, ਜੇਕਰ ਕੋਈ ਇਸ ਦੇ ਖ਼ਿਲਾਫ ਅਵਾਜ਼ ਚੁੱਕੇ ਤਾਂ ਅਕਸਰ ਹੀ ਕੱਚੇ ਪ੍ਰੋਫੈਸਰਾਂ ਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪ੍ਰੋਫੈਸਰ ਬਣਨ ਲਈ ਯੂਜੀਸੀ ਨੇ ਐਸੋਸੀਏਟ ਪ੍ਰੋਫੈਸਰਾਂ ਤੋਂ 9 ਖੇਤਰਾਂ ਵਿਚੋਂ ਘੱਟੋ-ਘੱਟ 4 ਵਿਚ ਯੋਗਦਾਨ ਲਾਜ਼ਮੀ ਬਣਾਇਆ ਹੈ, ਜਿਨ੍ਹਾਂ ਵਿਚ ਭਾਰਤੀ ਗਿਆਨ ਪ੍ਰਣਾਲੀ (ਜਿਵੇਂ ਵੈਦ ਸ਼ਾਸਤਰ, ਜਿਓਤਿਸ਼ ਵਿੱਦਿਆ, ਆਦਿ) ਅਤੇ ਸਰਕਾਰ, ਐਂਜਲ ਜਾਂ ਵੈਂਚਰ ਫੰਡਾਂ ਦੁਆਰਾ ਸਫਲਤਾਪੂਰਵਕ ਫੰਡਿੰਗ ਪ੍ਰਾਪਤ ਕਰਨ ਵਾਲੇ ਸਟਾਰਟਅਪ ਸ਼ਾਮਲ ਹਨ। ਕਾਬਲ ਬੁੱਧੀਜੀਵੀਆਂ ਵਿਚੋਂ ਛਾਂਟੀ ਕਰ ਕੇ ਸਿਰਫ ਅਜਿਹੇ ਗੈਰ-ਵਿਗਿਆਨਕ ਅਤੇ ਸਰਮਾਏਦਾਰ ਪੱਖੀ ਵਿਅਕਤੀਆਂ ਨੂੰ ਹੀ ਪ੍ਰੋਫੈਸਰਾਂ ਵਜੋਂ ਨਿਯੁਕਤ ਕੀਤਾ ਜਾਵੇਗਾ। ਅਧਿਆਪਕ ਨਿਯੁਕਤੀਆਂ ਲਈ ਚੋਣ ਕਮੇਟੀਆਂ ਵੀ ਉਪ-ਕੁਲਪਤੀ ਚੋਣ ਪ੍ਰਕਿਰਿਆ ਦੇ ਸਮਾਨ ਹੈ, ਜਿਸ ਵਿਚ ਉਪ ਕੁਲਪਤੀ ਨੂੰ ਮਹੱਤਵਪੂਰਨ ਅਧਿਕਾਰ ਦਿੱਤੇ ਗਏ ਹਨ। ਚੋਣ ਕਮੇਟੀ ਵਿਚ ਉਪ-ਕੁਲਪਤੀ ਅਤੇ ਉਸ ਵੱਲੋਂ ਨਾਮਜ਼ਦ ਤਿੰਨ ਵਿਸ਼ੇ ਮਾਹਿਰ, ਚਾਂਸਲਰ (ਉਪ-ਰਾਸ਼ਟਰਪਤੀ) ਦਾ ਇੱਕ ਨਾਮਜ਼ਦ, ਅਤੇ ਦੋ ਹੋਰ ਮੈਂਬਰ ਹੋਣਗੇ। ਨਿਯੁਕਤੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਕੇਂਦਰ ਦੇ ਹੱਥਾਂ ਵਿਚ ਸੌਂਪਿਆ ਗਿਆ ਹੈ। ਚੋਣ ਕਮੇਟੀਆਂ ਵਿਚ ਯੂਨੀਅਨ ਸਰਕਾਰ ਦੀ ਦਖਲਅੰਦਾਜ਼ੀ ਸਿੱਧੇ ਤੌਰ ਉੱਤੇ ਪੱਖਪਾਤ ਨਾਲ ਆਪਣੇ ਏਜੰਡੇ ਨੂੰ ਲਾਗੂ ਕਰਨ ਵਾਲੇ ਵਿਅਕਤੀਆਂ ਨੂੰ ਹੀ ਨਿਯੁਕਤ ਕਰੇਗੀ।

ਖੋਜ ਪ੍ਰਕਾਸ਼ਨਾਂ ਪੀਅਰ-ਰਿਵਿਊਡ ਜਰਨਲਾਂ ਜਾਂ 'ਮਸ਼ਹੂਰ ਪ੍ਰਕਾਸ਼ਕਾਂ' ਦੁਆਰਾ ਪ੍ਰਕਾਸ਼ਿਤ ਕਿਤਾਬਾਂ ਵਿਚ ਖੋਜ ਪ੍ਰਕਾਸ਼ਨ ਪ੍ਰਮੋਸ਼ਨ ਲਈ ਲਾਜ਼ਮੀ ਹੋਣਗੇ। ਚੋਣ ਕਮੇਟੀ ਇਹ ਫੈਸਲਾ ਕਰੇਗੀ ਕਿ ਕਿਸ ਪ੍ਰਕਾਸ਼ਨ ਨੂੰ 'ਮਸ਼ਹੂਰ' ਮੰਨਿਆ ਜਾਵੇ, ਜੋ ਕਿ ਚੰਗੇ ਅਤੇ ਅਗਾਂਹਵਧੂ ਪ੍ਰੋਫੈਸਰਾਂ ਨੂੰ ਦਬਾਉਣ ਦਾ ਜ਼ਰੀਆ ਬਣਾਇਆ ਜਾ ਸਕਦਾ ਹੈ। ਯੂਜੀਸੀ ਦੀ ਕੇਅਰ (ਕਨਸੋਰਟੀਅਮ ਫਾਰ ਅਕਾਦਮਿਕ ਐਂਡ ਰਿਸਰਚ ਐਥਿਕਸ) ਲਿਸਟ, ਅਕਾਦਮਿਕ ਲੇਖ, ਜਰਨਲ, ਕਿਤਾਬਾਂ, ਆਦਿ ਚੰਗੇ ਅਤੇ ਭਰੋਸੇਯੋਗ ਪ੍ਰਕਾਸ਼ਨਾਂ ਵਿਚ ਛਪਵਾਉਣ ਵਿਚ ਮਦਦ ਕਰਦੀ ਹੈ। ਯੂਜੀਸੀ ਨੇ ਇਸਨੂੰ ਖਤਮ ਕਰਨ ਦੀ ਯੋਜਨਾ ਵੀ ਬਣਾਈ ਹੈ, ਜਿਸ ਨਾਲ ਖੋਜ ਵਿਚ ਪਾਰਦਰਸ਼ਤਾ ਅਤੇ ਗੁਣਵੱਤਾ ਘਟੇਗੀ। ਭਾਰਤ ਵਿਚ ਯੂਨੀਵਰਸਿਟੀਆਂ ਵਿਚ ਰਿਸਰਚ ਪਹਿਲਾਂ ਹੀ ਕਮਜ਼ੋਰ ਹੈ, ਪਰ ਯੂਜੀਸੀ ਇਨ੍ਹਾਂ ਨਵੇਂ ਨਿਯਮਾਂ ਨਾਲ ਖੋਜ ਦੇ ਪੱਧਰ ਨੂੰ ਮੂਧੇ ਮੂੰਹ ਗਿਰਾਉਣ ਦੀ ਤਿਆਰੀ ਵਿਚ ਹੈ।

ਸਾਲ 2024-25 ਦੇ ਬਜਟ ਵਿਚ ਸਰਕਾਰ ਨੇ ਯੂਜੀਸੀ ਦੇ ਫੰਡ ਵਿਚ 61% ਕਟੌਤੀ ਕੀਤੀ। ਹਰ ਸਾਲ ਸਰਕਾਰ ਸਿੱਖਿਆ ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਨੇੜੇ ਵੀ ਨਹੀਂ ਪਹੁੰਚਦੀ। ਬਜਟ 2025-26 ਵਿਚ ਭਾਵੇਂ ਸਰਕਾਰ ਨੇ ਬਜਟ ਵਿਚ ਥੋੜ੍ਹਾ ਵਾਧਾ ਕੀਤਾ ਹੈ ਅਤੇ ਇਸਦਾ ਪ੍ਰਚਾਰ ਵੀ ਸਰਮਾਏਦਾਰਾ ਮੀਡੀਆ ਜ਼ੋਰ-ਸ਼ੋਰ ਨਾਲ ਕਰ ਰਿਹਾ ਹੈ, ਪਰ ਅਸਲ ਵਿਚ ਇਹ ਬਜਟ ਇੱਕ ਚੰਗੇ ਸਿੱਖਿਆ ਢਾਂਚੇ ਨੂੰ ਖੜ੍ਹਾ ਕਰਨ ਲਈ ਨਿਗੂਣਾ ਹੈ। ਪਿਛਲੇ ਸਮੇਂ ਵਿਚ ਸਰਕਾਰ ਨੇ ਸਿੱਖਿਆ ਬਜਟ ਕਟੌਤੀਆਂ ਵਿਚ ਘੱਟ-ਗਿਣਤੀਆਂ ਨੂੰ ਮਿਲਦੀਆਂ ਸਕਾਲਰਸ਼ਿਪਾਂ ਨੂੰ ਬੰਦ ਕੀਤਾ ਹੈ ਜਾਂ ਘਟਾਇਆ ਹੈ। ਬਜਟ 2025 ਵਿਚ ਸਰਕਾਰ ਨੇ ਘੱਟ-ਗਿਣਤੀਆਂ ਨੂੰ 10ਵੀਂ ਤੋਂ ਪਹਿਲਾਂ ਮਿਲਦੀ ਸਕਾਲਰਸ਼ਿਪ ਵਿਚ 72.4% ਕਟੌਤੀ ਕੀਤੀ ਹੈ, ਅਤੇ 10ਵੀਂ ਤੋਂ ਬਾਅਦ ਮਿਲੀ ਸਕਾਲਰਸ਼ਿਪ ਵਿਚ 70% ਕਟੌਤੀ ਕੀਤੀ ਗਈ ਹੈ। ਤਕਨੀਕੀ ਅਤੇ ਪੇਸ਼ੇਵਾਰ ਸਕਾਲਰਸ਼ਿਪਾਂ ਵਿਚ 42.6% ਕਟੌਤੀ ਕੀਤੀ ਗਈ ਹੈ। ਮੁਸਲਮਾਨਾਂ ਨੂੰ ਮਿਲਦੀ ਮਦਰਸਾ ਵਿਚ ਸਿੱਖਿਆ ਲਈ ਸਕਾਲਰਸ਼ਿਪ ਵਿਚ ਸਭ ਤੋਂ ਹੈਰਾਨੀਜਨਕ ਕਟੌਤੀ ਹੋਈ ਹੈ - 2024 ਵਿਚ ਇਸਦੀ ਰਕਮ 2 ਕਰੋੜ ਸੀ, ਅਤੇ 2025 ਵਿਚ ਘਟਾ ਕੇ ਸਿਰਫ 1 ਲੱਖ ਕਰ ਦਿੱਤੀ ਹੈ, ਜਾਣੀ 99.5% ਕਟੌਤੀ। 2022 ਵਿਚ ਸਰਕਾਰ ਨੇ ਮੌਲਾਨਾ ਆਜ਼ਾਦ ਕੌਮੀ ਫੈਲੋਸ਼ਿਪ ਨੂੰ ਫੰਡਾਂ ਦੀ ਘਾਟ ਦੱਸ ਬੰਦ ਕਰ ਦਿੱਤਾ, ਅਤੇ ਬਜਟ 2025 ਵਿਚ ਵੀ ਇਸਨੂੰ ਮੁੜ ਬਹਾਲ ਕਰਨ ਦਾ ਲਾਰਾ ਲਾਇਆ ਗਿਆ ਹੈ। ਭਾਰਤੀ ਯੂਨੀਵਰਸਿਟੀਆਂ ਵਿਚ ਪੱਕੇ ਪ੍ਰੋਫੈਸਰਾਂ ਦੀ ਘਾਟ ਸਿੱਖਿਆ ਦੇ ਪੱਧਰ ਉੱਤੇ ਗੰਭੀਰ ਅਸਰ ਪਾ ਰਹੀ ਹੈ, ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਦੀ ਕਲਪਨਾ, ਤਰਕ, ਅਤੇ ਸਿਰਜਣਾਤਮਕਤਾ ਨੂੰ ਪਹਿਲ ਦੇਣ ਦੀ ਥਾਂ ਸਿਰਫ ਘੋਟਾ ਲਾਉਣਾ ਸਿਖਾ ਰਹੀ ਹੈ, ਅਤੇ ਕਰੋੜਾਂ ਬੱਚੇ ਅੱਜ ਵੀ ਪੜ੍ਹਨ ਬਾਰੇ ਸਿਰਫ ਸੁਪਨੇ ਹੀ ਦੇਖ ਰਹੇ ਹਨ। ਜਿਨ੍ਹਾਂ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲਦਾ ਹੈ, ਸਰਕਾਰ ਉਨ੍ਹਾਂ ਦੀ ਕਾਬਲੀਅਤ ਨੂੰ ਵੀ ਖੋਰਾ ਲਾ ਕੇ ਸਿਰਫ ਕਲਰਕ ਪੈਦਾ ਕਰਨ ਦੇ ਰਾਹ ਤੁਰਦੀ ਹੈ। ਸਿੱਖਿਆ ਢਾਂਚਾ ਕੁੱਲ ਸਮਾਜ ਨਾਲ ਜੁੜਿਆ ਹੋਇਆ ਹੈ।

# ਵਫ਼ਾਦਾਰੀ ਮਨ ਦਾ ਸਕੂਨ

ਅੱਜ ਦੌੜ ਭੱਜ ਦੀ ਜ਼ਿੰਦਗੀ ਵਿਚ ਮਨੁੱਖ ਪਦਾਰਥ ਅਤੇ ਪੈਸੇ ਦੇ ਲਾਲਚ ਵਿਚ ਜ਼ਿੰਦਗੀ ਜਿਊਣਾ ਹੀ ਭੁੱਲ ਚੁੱਕਿਆ ਹੈ। ਪੈਸੇ ਨੇ ਮਨੁੱਖ ਨੂੰ ਬੇਚੈਨ ਕਰ ਦਿੱਤਾ ਹੈ। ਜਿੰਨਾ ਵੀ ਤੁਹਾਡੇ ਕੋਲ ਪੈਸਾ ਹੋਵੇ, ਕੋਠੀਆਂ, ਬੰਗਲੇ ਹੋਣ ਪਰ ਤੁਹਾਨੂੰ ਇਹ ਚੀਜ਼ਾਂ ਕਦੇ ਵੀ ਸਕੂਨ ਨਹੀਂ ਦੇ ਸਕਦੀਆਂ। ਸਗੋਂ ਜਦੋਂ ਮਨ ਪਰੇਸ਼ਾਨ ਹੁੰਦਾ ਹੈ ਤਾਂ ਤੁਹਾਨੂੰ ਇਹ ਚੀਜ਼ਾਂ ਫਿਰ ਕਰੂਪ ਦਿਖਾਈ ਦਿੰਦੀਆਂ ਹਨ। ਜੋ ਜ਼ਿੰਦਗੀ ਹੈ ਉਹ ਦੁੱਖ-ਸੁੱਖ ਦਾ ਸੁਮੇਲ ਹੈ। ਇਨਸਾਨ ਹਮੇਸ਼ਾ ਚਾਹੁੰਦਾ ਤਾਂ ਇਹੀ ਹੈ ਕਿ ਉਸ ਦੀ ਜ਼ਿੰਦਗੀ ਹਮੇਸ਼ਾ ਸੁਖਦਾਇਕ ਹੀ ਬਣੇ। ਜਦੋਂ ਕੋਈ ਕੰਮ



**ਸੰਜੀਵ ਸਿੰਘ ਸੈਣੀ**
**ਫੋਨ: 78889-66168**

ਸਾਡੇ ਮੁਤਾਬਕ ਭਾਵ ਸਾਡੇ ਅਨੁਕੂਲ ਹੁੰਦਾ ਹੈ ਤਾਂ ਉਹ ਕੰਮ ਸਾਡੇ ਲਈ ਸੁੱਖਦਾਈ ਬਣ ਜਾਂਦਾ ਹੈ। ਜਦੋਂ ਹਾਲਾਤ ਉਲਟ ਹੁੰਦੇ ਹਨ ਤਾਂ ਸਾਨੂੰ ਫਿਰ ਦੁੱਖ ਦਿਸਣ ਲੱਗ ਜਾਂਦਾ ਹੈ। ਹਮੇਸ਼ਾ ਸੁੱਖ ਨੇ ਵੀ ਨਹੀਂ ਰਹਿਣਾ, ਥੋੜ੍ਹੇ ਸਮੇਂ ਦਾ ਸੁੱਖ ਹੁੰਦਾ ਹੈ। ਜਦੋਂ ਅਸੀਂ ਸ਼ੋਅਰੂਮ 'ਚੋਂ ਕੋਈ ਮਹਿੰਗੀ ਗੱਡੀ ਲੈ ਕੇ ਆਉਂਦੇ ਹਾਂ, ਮਹੀਨਾ ਦੋ ਮਹੀਨੇ ਅਸੀਂ ਉਸ ਨੂੰ ਖੁਸ਼ੀ-ਖੁਸ਼ੀ ਚਲਾਉਂਦੇ ਹਾਂ। ਫਿਰ ਸਾਡਾ ਉਸ ਤੋਂ ਜੀਅ ਜਿਹਾ ਭਰ ਜਾਂਦਾ ਹੈ। ਅਕਸਰ ਸੁਣਦੇ ਵੀ ਹਾਂ ਕਿ ਹੁਣ ਤਾਂ ਮੇਰਾ ਦਿਲ ਨਹੀਂ ਕਰਦਾ ਇਸ ਗੱਡੀ ਨੂੰ ਚਲਾਉਣ ਦਾ। ਦੁੱਖ ਨੇ ਵੀ ਸਥਾਈ ਨਹੀਂ ਰਹਿਣਾ। ਇਹ ਵੀ ਕੋਈ ਸਮਾਂ ਹੁੰਦਾ ਹੈ। ਇੱਕ ਨਿਰਧਾਰਿਤ ਸਮੇਂ ਤੋਂ ਬਾਅਦ ਦੁੱਖ ਵੀ ਚਲਾ ਜਾਂਦਾ ਹੈ। ਸੁੱਖ ਅਤੇ ਦੁੱਖ ਨੇ ਕਦੇ ਵੀ ਸਥਾਈ ਨਹੀਂ ਰਹਿਣਾ। ਜਦੋਂ ਕੋਈ ਸੱਟ ਵੱਜਦੀ ਹੈ ਤਾਂ ਡੂੰਘਾ ਜ਼ਖਮ ਹੋ ਜਾਂਦਾ ਹੈ। ਹੌਲੀ ਹੌਲੀ ਅਸੀਂ ਦਵਾਈ ਬੂਟੀ ਵੀ ਕਰਦੇ ਹਾਂ। ਇੱਕ ਸਮੇਂ 'ਤੇ ਆ ਕੇ ਉਹ ਜ਼ਖ਼ਮ ਭਰ ਜਾਂਦਾ ਹੈ। ਕੁਝ ਸਮੇਂ ਬਾਅਦ ਨਿਸ਼ਾਨ ਵੀ ਖਤਮ ਹੋ ਜਾਂਦਾ ਹੈ।

ਅੱਜ ਬਹੁਤ ਸੁੱਖ ਸੁਵਿਧਾਵਾਂ ਹਨ। ਹਰ ਇਨਸਾਨ ਕੋਲ ਪੈਸਾ, ਮਹਿਲ, ਵੱਡੀਆਂ ਗੱਡੀਆਂ ਹਨ। ਘਰ ਵਿਚ ਪੈਸਾ ਹੈ, ਵੱਡੀ ਗੱਡੀ ਹੈ, ਪਰ ਸਕੂਨ ਨਹੀਂ ਹੈ। ਸਵੇਰੇ ਘਰ ਤੋਂ ਦਫਤਰ ਲਈ ਜਾਂਦਾ ਹੈ। ਏਸੀ ਗੱਡੀ ਹੈ। ਏਸੀ ਦਫ਼ਤਰ ਹੈ। ਵਾਪਸੀ ਉਸੇ ਗੱਡੀ ਵਿਚ ਸ਼ਾਮ ਨੂੰ ਘਰ ਪਰਤਦਾ ਹੈ। ਮੋਬਾਈਲ 'ਤੇ ਮਾੜਾ ਮੋਟਾ ਕੁਝ ਦੇਖਿਆ, ਆ ਕੇ ਆਪਣੇ ਕਮਰੇ ਵਿਚ ਸੌਂ ਜਾਂਦਾ ਹੈ। ਉੱਥੇ ਹੀ ਬੈਠ ਕੇ ਜੇ ਦਿਲ ਕੀਤਾ ਰਾਤ ਦੀ ਰੋਟੀ ਖਾ ਲੈਣੀ ਹੈ, ਨਹੀਂ ਤਾਂ ਇਸੇ ਤਰ੍ਹਾਂ ਹੀ ਸੌਂ ਜਾਣਾ ਹੈ। ਇੰਨੇ ਸੁੱਖ-ਸੁਵਿਧਾਵਾਂ ਹੋ ਜਾਣ ਦੇ ਬਾਵਜੂਦ ਇਨਸਾਨ ਬੇਚੈਨੀ ਨਾਲ ਜ਼ਿੰਦਗੀ ਜਿਊ ਰਿਹਾ ਹੈ। ਅੰਦਰੋਂ ਖੁਸ਼ ਨਹੀਂ ਹੈ। ਪੈਸੇ ਦੀ ਹੋੜ ਹੈ। ਰਿਸ਼ਤੇ ਖ਼ਤਮ ਹੋ ਚੁੱਕੇ ਹਨ। ਭਰਾ ਭਰਾ ਦਾ ਕਾਤਲ ਬਣ ਰਿਹਾ ਹੈ। ਜ਼ਮੀਨਾਂ, ਪੈਸੇ ਜਾਇਦਾਦਾਂ ਲਈ ਪੁੱਤਾਂ ਨੇ ਮਾਂ ਪਿਓ ਤੱਕ ਮਾਰ ਦਿੱਤੇ ਹਨ। ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਹੈ। ਪਰਿਵਾਰ ਲਈ ਸਮਾਂ ਨਹੀਂ ਹੈ। ਜੋ ਅੱਜ ਦੇ ਇਨਸਾਨ ਦੀ ਫ਼ਿਤਰਤ ਹੈ ਕਿ ਮੈਂ ਸਾਰਿਆਂ 'ਤੇ ਰੋਹਬ ਪਾਵਾਂ, ਇਨਸਾਨ ਚਾਹੁੰਦਾ ਹੈ ਕਿ ਮੈਂ ਸਮਾਜ ਨੂੰ ਕੰਟਰੋਲ ਕਰਾਂ। ਸਾਰੇ ਮੇਰੇ ਮੁਤਾਬਕ ਚੱਲਣ, ਪਰ ਇਹ ਅਸੰਭਵ ਹੈ। ਹੁਣ ਸਾਰੇ ਤੁਹਾਡੇ ਮੁਤਾਬਿਕ ਕਿਵੇਂ ਚੱਲ ਸਕਦੇ ਹਨ। ਪੁਰਾਣੇ ਵੇਲਿਆਂ ਵਿਚ ਘਰ ਦਾ ਲਾਣੇਦਾਰ ਹੁੰਦਾ ਸੀ, ਉਸਦੇ ਮੁਤਾਬਕ ਪੂਰਾ ਪਰਿਵਾਰ ਚੱਲਦਾ ਸੀ ਪਰ ਅੱਜ ਬੱਚੇ ਮਾਂ ਬਾਪ ਦੀ ਬਿਲਕੁਲ ਨਹੀਂ ਸੁਣਦੇ। ਮਾਂ ਬਾਪ ਨੂੰ ਹੀ ਬੱਚਿਆਂ ਸਾਹਮਣੇ ਚੁੱਪ ਹੋਣਾ ਪੈ ਰਿਹਾ ਹੈ।

ਨਿਮਰਤਾ, ਪ੍ਰੀਤ, ਪਿਆਰ ਤੇ ਸਹਿਣਸ਼ੀਲਤਾ ਅੱਜ ਦੀ ਪੀੜ੍ਹੀ ਵਿਚੋਂ ਲਗਾਤਾਰ ਖਤਮ ਹੁੰਦੀ ਜਾ ਰਹੀ ਹੈ। ਬਰਦਾਸ਼ਤ ਸ਼ਕਤੀ ਬਿਲਕੁਲ ਨਹੀਂ ਰਹੀ। ਜਦੋਂ ਦੁੱਖ ਆਉਂਦਾ ਹੈ ਤਾਂ ਸਾਨੂੰ ਸਹਿਜ ਹੋ ਕੇ ਉਹ ਸਮਾਂ ਕੱਢਣਾ ਪੈਂਦਾ ਹੈ। ਅਕਸਰ ਸਿਆਣੇ ਕਹਿੰਦੇ ਹਨ ਕਿ ਦੁੱਖ ਵਿਚ ਪਰਮਾਤਮਾ ਤੁਹਾਡੀ ਪਰਖ ਲੈਂਦਾ ਹੈ। ਜਦੋਂ ਤੁਹਾਡੇ 'ਤੇ ਮੁਸੀਬਤ ਪੈ ਜਾਵੇ ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜੇ ਦੋਸਤ ਤੋਂ ਸਲਾਹ ਲੈਂਦੇ ਹੋ। ਜੋ ਅੱਜ ਦਾ ਵੇਲਾ ਹੈ ਉਸ ਵਿਚ ਇਨਸਾਨ ਦੂਜਿਆਂ ਦੇ ਸੁੱਖ ਤੋਂ ਜਿਆਦਾ ਦੁਖੀ ਹੈ। ਗਰੀਬ ਨੂੰ ਰੋਟੀ ਦੀ ਫਿਕਰ ਹੈ। ਜਿਸ ਤਰ੍ਹਾਂ ਅੱਜ ਕੱਲ੍ਹ ਸ਼ੇਅਰ ਮਾਰਕਿਟ ਘਾਟੇ ਵੱਲ ਜਾ ਰਹੀ ਹੈ ਲੋਕਾਂ ਦਾ ਪੈਸਾ ਡੁੱਬ ਰਿਹਾ ਹੈ, ਉਸਨੂੰ ਉਹੀ ਦੁੱਖ ਖਾਈ ਜਾ ਰਿਹਾ ਹੈ। ਜਦੋਂ ਸਾਡੇ 'ਤੇ ਮਾੜਾ ਸਮਾਂ ਆਉਂਦਾ ਹੈ ਤਾਂ ਸਾਡੇ ਰਿਸ਼ਤੇਦਾਰਾਂ ਦੀ ਪਰਖ ਵੀ ਹੋ ਜਾਂਦੀ ਹੈ। ਜੋ ਦੋਸਤ ਕਰੀਬੀ ਹੁੰਦਾ ਹੈ ਉਹ ਤੁਹਾਨੂੰ ਹੌਸਲਾ ਦਿੰਦਾ ਹੈ। ਜਿਹੜਾ ਚੰਗਾ ਰਿਸ਼ਤੇਦਾਰ ਹੋਵੇਗਾ ਉਹ ਤੁਹਾਡੇ ਜ਼ਰੂਰ ਨੇੜੇ ਲੱਗੇਗਾ। ਜਦੋਂ ਸਾਡੇ ਕੋਲ ਬਹੁਤ ਪੈਸਾ ਆ ਜਾਂਦਾ ਹੈ ਤਾਂ ਅਸੀਂ ਲੋਕਾਂ ਨੂੰ ਟਿੱਚ ਗਿਣਨਾ ਸ਼ੁਰੂ ਕਰ ਦਿੰਦੇ ਹਾਂ। ਅਸੀਂ ਸਿੱਧੇ ਮੂੰਹ ਲੋਕਾਂ ਨਾਲ ਗੱਲ ਨਹੀਂ ਕਰਦੇ। ਜੋ ਛੋਟੇ ਤਬਕੇ ਦਾ ਇਨਸਾਨ ਹੈ ਅਸੀਂ ਕਈ ਵਾਰ ਉਸਨੂੰ ਗੱਲ ਚੱਬ ਕੇ ਮਾਰਦੇ ਹਾਂ, ਪਰ ਪਰਮਾਤਮਾ ਤੋਂ ਹਮੇਸ਼ਾ ਡਰਨਾ ਚਾਹੀਦਾ ਹੈ। ਹਮੇਸ਼ਾ ਲਫ਼ਜ਼ਾਂ ਦੀ ਸਹੀ ਵਰਤੋਂ ਕਰੋ। ਕਿੱਥੇ ਕੀ ਬੋਲਣਾ ਹੈ, ਕਿਹੜੀ ਗੱਲ ਕਰਨੀ ਹੈ, ਸੋਚ ਸਮਝ ਕੇ ਕਰੋ। ਬੋਲ ਚਾਲ ਤੋਂ ਇਨਸਾਨ ਦੀ ਸ਼ਖ਼ਸੀਅਤ ਝਲਕਦੀ ਹੈ। ਹਮੇਸ਼ਾ ਹਾਂ-ਪੱਖੀ ਸੋਚ ਰੱਖੀਏ, ਨਾਂਹ ਪੱਖੀ ਵਿਚਾਰਾਂ ਤੋਂ ਦੂਰੀ ਬਣਾਈਏ। ਚੰਗੇ ਦੋਸਤਾਂ ਦਾ ਸੰਗ ਕਰੀਏ, ਚੰਗੀਆਂ ਕਿਤਾਬਾਂ ਪੜ੍ਹੀਏ। ਘਰ ਵਿਚ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੀਏ, ਉਨ੍ਹਾਂ ਨੂੰ ਸਮਾਂ ਦਈਏ। ਕਦੇ ਵੀ ਪੈਸੇ ਦਾ ਘਮੰਡ ਨਾ ਕਰੀਏ। ਲੋੜਵੰਦਾਂ ਦੀ ਮਦਦ ਕਰੀਏ। ਅਸੀਂ ਇੱਥੇ ਜ਼ਿੰਦਗੀ ਜਿਊਣ ਲਈ ਆਏ ਹਾਂ। ਵਰਤਮਾਨ ਵਿਚ ਰਹਿ ਕੇ ਜ਼ਿੰਦਗੀ ਨੂੰ ਬਸਰ ਕਰੀਏ। ਭਵਿੱਖ ਦੀ ਚਿੰਤਾ ਬਿਲਕੁਲ ਨਾ ਕਰੀਏ। ਸਮੇਂ ਦੀ ਹਮੇਸ਼ਾ ਕਦਰ ਕਰੀਏ, ਹਮੇਸ਼ਾ ਆਪਣੇ ਕੰਮ ਸਮੇਂ 'ਤੇ ਕਰੀਏ। ਲਾਲਚ ਬਿਲਕੁਲ ਨਾ ਕਰੀਏ। ਪੈਸਾ ਜ਼ਰੂਰਤ ਲਈ ਹੁੰਦਾ ਹੈ, ਪਰ ਪੈਸੇ ਨੂੰ ਕਦੇ ਵੀ ਜ਼ਿੰਦਗੀ ਦਾ ਆਧਾਰ ਨਾ ਬਣਾਈਏ। ਹਮੇਸ਼ਾ ਆਪਣੇ ਆਪ ਨਾਲ ਵਫ਼ਾਦਾਰ ਰਹੀਏ। ਕਦੇ ਕਿਸੇ ਨਾਲ ਧੋਖਾ ਨਾ ਕਰੀਏ, ਮਿਹਨਤ ਦੀ ਕਮਾਈ ਕਰੀਏ। ਸੋਚ ਸਮਝ ਕੇ ਸਮਾਜ ਵਿਚ ਵਿਚਰੀਏ, ਸ਼ਰਾਰਤੀ ਅਨਸਰਾਂ ਤੋਂ ਬਚੀਏ। ਸੋਸ਼ਲ ਮੀਡੀਆ ਦੀ ਸੋਚ ਸਮਝ ਕੇ ਵਰਤੋਂ ਕਰੋ। ਸਬਰ ਅਤੇ ਸੰਤੋਖ ਨਾਲ ਤੁਸੀਂ ਜ਼ਿੰਦਗੀ ਦਾ ਸਫ਼ਰ ਆਨੰਦਮਈ ਬਣਾ ਸਕਦੇ ਹੋ।



# ਫ਼ਿਲਮ ਲੋਕ





## ਅੰਜਨੀ ਧਵਨ ਦਾ ਕ੍ਰਿਸ਼ਮਾ

ਪਿਛਲੇ ਸਾਲ ਰਿਲੀਜ਼ ਹੋਈ ਫ਼ਿਲਮ 'ਬਿੰਨੀ ਐਂਡ ਫੈਮਿਲੀ' ਨਾਲ ਵਰੁਣ ਧਵਨ ਦੀ ਭਤੀਜੀ ਅੰਜਨੀ ਧਵਨ ਬਾਲੀਵੁੱਡ ਵਿਚ ਦਾਖਲਾ ਲੈ ਚੁੱਕੀ ਹੈ। ਫਿਲਮ ਵਿਚ ਅੰਜਨੀ ਧਵਨ ਨੇ ਲੰਡਨ ਵਿਚ ਰਹਿਣ ਵਾਲੀ ਬਾਗ਼ੀ ਸੁਭਾਅ ਵਾਲੇ ਕਿਸ਼ੋਰੀ ਬਿੰਨੀ ਦਾ ਕਿਰਦਾਰ ਨਿਭਾਇਆ ਸੀ। 25 ਸਾਲ ਦੀ ਅੰਜਨੀ ਵੱਡੇ ਅਤੇ ਅਨੁਭਵੀ ਐਕਟਰ ਅਨਿਲ ਧਵਨ ਦੀ ਪੋਤੀ ਅਤੇ ਵਰੁਣ ਧਵਨ ਦੇ ਚਚੇਰੇ ਭਰਾ ਸਿਧਾਰਥ ਧਵਨ ਦੀ ਬੇਟੀ ਹੈ। ਅੰਜਨੀ ਨੇ ਐਕਟਿੰਗ ਦੀ ਦੁਨੀਆ ਵਿਚ ਕਦਮ ਰੱਖਣ ਤੋਂ ਪਹਿਲਾਂ ਆਪਣੇ ਚਾਚਾ ਵਰੁਣ ਧਵਨ ਦੀ ਡੇਵਿਡ ਧਵਨ ਵਲੋਂ ਨਿਰਦੇਸ਼ਿਤ 2020 ਵਿਚ ਰਿਲੀਜ਼ ਹੋਈ ਫ਼ਿਲਮ 'ਕੂਲੀ ਨੰਬਰ 1' ਦੇ ਸੈੱਟ 'ਤੇ ਸਹਾਇਕ ਨਿਰਦੇਸ਼ਕ ਦੇ ਰੂਪ ਵਿਚ ਕੰਮ ਕੀਤਾ ਸੀ। ਇਸ ਫ਼ਿਲਮ ਵਿਚ ਸਾਰਾ ਅਲੀ ਖਾਨ ਮੁੱਖ ਭੂਮਿਕਾ ਵਿਚ ਸੀ। ਅੰਜਨੀ ਇਕ ਅਦਾਕਾਰਾ ਹੋਣ ਦੇ ਨਾਲ ਇਕ ਸੋਸ਼ਲ ਮੀਡੀਆ ਇਨਫਲੂ-ਐਂਸਰ ਵੀ ਹੈ। ਇੰਸਟਾਗ੍ਰਾਮ 'ਤੇ ਉਸ ਦੇ ਲਗਭਗ ਪੌਣੇ ਤਿੰਨ ਲੱਖ ਤੋਂ ਜ਼ਿਆਦਾ ਪ੍ਰਸੰਸਕ ਹਨ। ਅੰਜਨੀ ਧਵਨ ਦੇ ਸੰਸਕਾਂ ਨੂੰ ਹਾਲ ਹੀ ਵਿਚ ਇਕ ਖ਼ੁਸ਼ਖ਼ਬਰੀ ਸੁਣਨ ਨੂੰ ਮਿਲੀ ਜਦੋਂ ਖ਼ਬਰ ਆਈ ਕਿ ਸਲਮਾਨ ਖਾਨ ਦੀ ਲੰਮੇ ਸਮੇਂ ਤੋਂ ਉਡੀਕੀ ਜਾਣ ਵਾਲੀ ਫ਼ਿਲਮ 'ਸਿਕੰਦਰ' ਵਿਚ ਅੰਜਨੀ ਧਵਨ ਦਾ ਦਾਖਲਾਂ ਹੋ ਚੁੱਕਿਆ ਚੇ। ਦਰਅਸਲ ਸਲਮਾਨ ਖਾਨ ਦੀ ਫ਼ਿਲਮ 'ਸਿਕੰਦਰ' ਦੇ ਇਕ ਕਿਰਦਾਰ ਲਈ ਇਕ ਬਿਲਕੁਲ ਤਾਜ਼ਾ ਚਿਹਰੇ ਦੀ ਭਾਲ ਸੀ। ਇਸ ਤਰ੍ਹਾਂ ਇਸ ਕਿਰਦਾਰ ਲਈ ਅੰਜਨੀ ਇਕਦਮ ਸਹੀ 'ਲੱਗੀ। ਇਸ ਲਈ ਨਿਰਮਾਤਾ ਨੇ ਬਿਨਾਂ ਦੇਰ ਕੀਤਿਆਂ ਉਸ ਨੂੰ ਫ਼ਿਲਮ ਵਿਚ ਲੈ ਲਿਆ। ਸਲਮਾਨ ਖਾਨ ਦੀ ਫ਼ਿਲਮ 'ਗਜ਼ਨੀ' ਨੂੰ ਨਿਰਦੇਸ਼ਿਤ ਕਰਨ ਵਾਲੇ ਦੱਖਣ ਭਾਰਤ ਦੇ ਪ੍ਰਸਿੱਧ ਨਿਰਦੇਸ਼ਕ ਏ. ਆਰ. ਮੁਰੂਗਾਦਾਸ ਨਿਰਦੇਸ਼ਿਤ ਕਰ ਰਹੇ ਹਨ। ਫ਼ਿਲਮ 'ਸਿਕੰਦਰ' ਵਿਚ ਸਲਮਾਨ ਤੋਂ ਇਲਾਵਾ ਰਸ਼ਮਿਕਾ ਮੈਦਾਨਾ, ਕਾਜਲ ਅਗਰਵਾਲ, ਸੱਤਿਆਰਾਜ, ਪ੍ਰਤੀਕ ਬੱਬਰ ਅਤੇ ਸ਼ਰਮਨ ਜੋਸ਼ੀ ਵਰਗੇ ਸਿਤਾਰੇ ਨਜ਼ਰ ਆਉਣ ਵਾਲੇ ਹਨ। ਇਹ ਫ਼ਿਲਮ ਅਗਲੀ ਈਦ ਵਾਲੇ ਦਿਨ ਰਿਲੀਜ਼ ਹੋਵੇਗੀ।

## ਸਫ਼ਲ ਕਾਰੋਬਾਰੀ ਦੀਪਿਕਾ ਪਾਦੂਕੋਨ



ਸਿਨੇਮਾ ਤੋਂ ਅੱਗੇ ਵਧ ਕੇ ਦੀਪਿਕਾ ਪਾਦੂਕੋਨ ਆਪਣੇ ਵਪਾਰ ਨੂੰ ਵੀ ਵਧੀਆ ਚਲਾ ਰਹੀ ਹੈ ਤੇ ਵਪਾਰਕ ਔਰਤ ਵਜੋਂ ਵੀ ਸਥਾਪਿਤ ਹੋ ਚੁੱਕੀ ਹੈ। ਸਮਾਜ ਦੀ ਪੁਰਾਣੀ ਸੋਚ ਨੂੰ ਤੋੜ ਕੇ ਭਾਰਤ ਦਾ ਨਾਂਅ ਰੌਸ਼ਨ ਕਰਨਾ ਉਸ ਦਾ ਮਕਸਦ ਹੈ, ਮੰਤਵ ਹੈ। ਦੁਨੀਆ ਦੇ ਮਸ਼ਹੂਰ ਮੈਗਜ਼ੀਨ 'ਸੀਈਓ' ਦੇ ਮੁੱਖ ਸਫ਼ੇ 'ਤੇ ਉਸ ਦੀ ਤਸਵੀਰ ਛਪ ਰਹੀ ਹੈ। ਦਰਅਸਲ ਦੀਪਿਕਾ ਖੁਦ ਇਕ 'ਸੰਸਾਰਕ ਉਤਪਾਦ' ਬਣ ਰਹੀ ਹੈ। ਦੀਪਿਕਾ ਦਾ ਕਹਿਣਾ ਹੈ ਕਿ ਜਨੂੰਨ, ਮਿਹਨਤ ਤੇ ਵਧੀਆ ਕਾਰਗੁਜ਼ਾਰੀ ਦੇਣ ਦੀ ਲਗਨ ਹੀ ਇਨਸਾਨ ਨੂੰ ਮਜ਼ਬੂਤ ਬਣਾਉਂਦੀ ਹੈ, ਚਾਹੇ ਉਹ ਇੰਡਸਟਰੀ ਹੋਵੇ ਜਾਂ ਵਪਾਰ ਦੀ ਦੁਨੀਆ। ਦੀਪੀ ਦੀ ਆਪਣੀ ਇਕ 'ਟੈਗਲਾਈਨ' ਹੈ। ਭਾਰਤੀ ਅਭਿਨੇਤਰੀ ਜਿਹੜੀ ਹੱਦਾਂ ਤੋੜ ਰਹੀ ਹੈ ਤੇ ਇਕ ਸੰਸਾਰਕ ਉਤਪਾਦ ਬਣ ਰਹੀ ਹੈ, ਉਹ ਤਾਂ ਇਕ ਪ੍ਰੇਰਨਾ ਬਣ ਗਈ ਹੈ। ਅਨੁਸ਼ਾਸਨ, ਸਮਰਪਣ, ਮਜ਼ਬੂਤ ਇਰਾਦਾ ਤੇ ਸਬਰ ਇਹ ਚੀਜ਼ਾਂ ਨੇ ਉਸ ਨੂੰ ਇੰਡਸਟਰੀ ਤੇ ਵਪਾਰ 'ਚ ਕਾਮਯਾਬੀ ਦਿਵਾਈ ਹੈ। ਦੀਪੀ ਆਖਦੀ ਹੈ ਕਿ ਤੇਜ਼ ਦੌੜਦੀ ਦੁਨੀਆ 'ਚ ਹਰ ਕਿਸੇ ਨੂੰ ਸਭ ਕੁਝ ਝਟਪਟ ਤੇ ਤੁਰੰਤ ਚਾਹੀਦਾ ਹੈ ਭਾਵ ਹਰ ਚੀਜ਼ ਫਟਾਫਟ ਮਿਲ ਜਾਵੇ। ਇੰਤਜ਼ਾਰ ਨਾ ਕਰਨਾ ਪਵੇ ਤੇ ਬਿਨ ਸਬਰ ਦੇ ਸਭ ਕੁਝ ਮਿਲ ਜਾਵੇ, ਲੋਕ ਇਹੀ ਸੋਚਦੇ ਹਨ। ਵੈਸੇ ਦੀਪੀ ਨੇ ਆਪਣੀ ਵਪਾਰਕ ਜ਼ਿੰਦਗੀ ਤੇ ਫ਼ਿਲਮੀ ਕਰੀਅਰ 'ਚ ਸੰਤੁਲਨ ਬਣਾਇਆ ਹੋਇਆ ਹੈ। ਫ਼ਿਲਮਾਂ ਤਾਂ ਅਹਿਮ ਹਨ ਕਿਉਂਕਿ ਉਸਦਾ ਕਹਿਣਾ ਹੈ ਕਿ ਇਹ ਸਾਰਾ ਕੁਝ ਫਿਲਮਾਂ ਦੀ ਬਦੌਲਤ ਹੀ ਹੋਇਆ ਹੈ। ਦਿਮਾਗੀ ਤੰਦਰੁਸਤੀ ਨੂੰ ਲੈ ਕੇ ਉਹ ਜਾਗਰੂਕਤਾ ਲੋਕਾਂ 'ਚ ਭਰ ਰਹੀ ਹੈ।

'ਲਾਈਫ ਲਵ ਲਾਫ਼ ਫਾਊਂਡੇਸ਼ਨ' ਦੀ ਉਸ ਨੇ ਸਥਾਪਨਾ ਕੀਤੀ ਹੈ। ਦੀਪਿਕਾ ਨੇ ਆਪਣੀ ਭੈਣ ਅਨੀਸ਼ਾ ਪਾਦੂਕੋਨ ਨੂੰ ਵੀ ਆਪਣੇ ਦਿਮਾਗ ਦੀ ਤੰਦਰੁਸਤੀ ਪ੍ਰੋਗਰਾਮ 'ਚ ਸ਼ਾਮਿਲ ਕਰਕੇ ਇਸ ਨੇਕ ਕੰਮ ਦੀ ਵਾਗਡੋਰ ਉਸ ਨੂੰ ਸੌਂਪ ਦਿੱਤੀ ਹੈ। ਭਾਰਤੀ ਡਿਜ਼ਾਈਨਰ ਸਬਿਆਸਾਚੀ ਦੇ ਪ੍ਰੋਗਰਾਮ ਤੋਂ ਇਲਾਵਾ ਉਸ ਨੇ ਦੁਬਈ ਦੇ 'ਐਨੀਵਰਸੀ ਕਾਰਟੀਅਰ ਸਿਲਵਰ ਜੁਬਲੀ' 'ਚ ਵੀ ਭਾਗ ਲਿਆ। ਇਧਰ ਹਿਮੇਸ਼ ਰੇਸ਼ਮੀਆ ਦਾ ਕਹਿਣਾ ਹੈ ਕਿ 'ਓਮ ਸ਼ਾਂਤੀ ਓਮ' ਤਾਂ ਬਾਅਦ 'ਚ ਆਈ, ਉਨ੍ਹਾਂ ਨੂੰ ਮਾਣ ਹੈ ਕਿ 'ਨਾਮ ਹੈ ਤੇਰਾ' ਸੰਗੀਤ ਵੀਡੀਓ ਨਾਲ ਪਹਿਲਾ ਮੌਕਾ ਦੀਪਿਕਾ ਪਾਦੂਕੋਨ ਨੂੰ ਉਸ ਨੇ ਹੀ ਦਿੱਤਾ ਸੀ। ਹੈਰਾਨੀ ਭਰੀ ਗੱਲ ਇਹ ਹੈ ਕਿ ਸ਼ਾਹਰੁਖ ਤੇ ਸਲਮਾਨ ਨੇ ਵੀ ਓਨੀ ਕਮਾਈ ਨਹੀਂ ਕੀਤੀ, ਜਿੰਨੀ ਦੀਪਿਕਾ ਨੇ ਕੀਤੀ ਹੈ। 10 ਹਜ਼ਾਰ ਕਰੋੜ ਰੁਪਏ ਕਮਾਉਣ ਦਾ ਅੰਕੜਾ ਪਾਰ ਕਰਕੇ ਦੀਪੀ ਬੀ-ਟਾਊਨ ਦੇ ਸਾਰੇ ਮਰਦ ਤੇ ਔਰਤ ਕਲਾਕਾਰਾਂ ਨੂੰ ਕਿਤੇ ਪਿੱਛੇ ਛੱਡ ਗਈ ਹੈ। ਇਹ ਅੰਕੜਾ ਉਸ ਦੀਆਂ ਫ਼ਿਲਮਾਂ ਦੀ ਕਮਾਈ ਦਾ ਹੈ। 'ਕਲਕੀ 2898 ਏ.ਡੀ. ਤੋਂ ਬਾਅਦ ਬੇਟੀ ਦੁਆ ਨਾਲ ਰੁਝੀ ਰਹਿਣ ਵਾਲੀ ਦੀਪਿਕਾ ਫਿਲਹਾਲ ਫ਼ਿਲਮਾਂ ਕਰਨ ਲਈ ਤਿਆਰ ਹੋ ਰਹੀ ਹੈ।

## ਸਨਸਨੀ ਫੈਲਾਉਣ ਦੀ ਮਾਹਿਰ ਨੇਹਾ ਮਲਿਕ



ਭੋਜਪੁਰੀ ਫ਼ਿਲਮ ਸਨਅਤ ਦੀ ਸਨਸਨੀ ਬਣ ਚੁੱਕੀ ਅਦਾਕਾਰਾ ਨੇਹਾ ਮਲਿਕ ਨੇ ਅਨੇਕ ਫ਼ਿਲਮਾਂ ਵਿਚ ਸ਼ਾਨਦਾਰ ਕੰਮ ਕੀਤਾ ਹੈ ਹਾਲਾਂਕਿ ਹੁਣ ਉਹ ਭੋਜਪੁਰੀ ਸਨਅਤ ਵਿਚ ਕੰਮ ਨਹੀਂ ਕਰਦੀ ਸਗੋਂ ਆਪਣੇ ਗਲੈਮਰ ਫੋਟੋਸ਼ੂਟ ਅਤੇ ਵੀਡੀਓਜ਼ ਨਾਲ ਧੂਮ ਮਚਾ ਰਹੀ ਹੈ। ਨੇਹਾ ਮਲਿਕ ਸੋਸ਼ਲ ਅਕਾਊਂਟ 'ਤੇ ਆਪਣੀ ਪੋਸਟ ਨਾਲ ਪ੍ਰਸੰਸਕਾਂ ਨੂੰ ਪਾਗਲ ਕਰ ਦਿੰਦੀ ਹੈ। ਪਿਛਲੇ ਦਿਨੀਂ ਨੇਹਾ ਮਲਿਕ ਨੇ ਇਕ ਮੈਗਜ਼ੀਨ ਸਰਵਰਕ ਲਈ ਇਕ ਫੋਟੋਸ਼ੂਟ ਕੀਤਾ ਜਿਸ ਵਿਚ ਉਸ ਨੇ ਕਾਲੀ ਬਿਕਨੀ ਪਾਈ ਹੋਈ ਸੀ। ਨੇਹਾ ਦੇ ਉਸ ਫੋਟੋਸ਼ੂਟ ਨੂੰ ਉਸ ਦੇ ਪ੍ਰਸੰਸਕਾਂ ਵਲੋਂ ਢੇਰ ਸਾਰੀਆਂ ਤਾਰੀਫ਼ਾਂ ਮਿਲੀਆਂ। ਆਪਣੀ ਦਿੱਖ ਨਾਲ ਹਮੇਸ਼ਾ ਲੋਕਾਂ ਦਾ ਧਿਆਨ ਖਿੱਚਣ ਵਾਲੀ ਸ਼ਹਿਨਾਜ਼ ਗਿੱਲ ਵਰਗੀ ਸ਼ੋਖੀ ਅਤੇ ਅਦਾਕਾਰਾ ਹਿਮਾਂਸ਼ੀ ਵਰਾਨਾ ਵਰਗਾ ਅੰਦਾਜ਼ ਝਲਕਦਾ ਹੈ। ਹੁਣ ਵਾਲਿਆਂ ਨੂੰ ਹਮੇਸ਼ਾ ਉਸ ਦੀ ਦਾ ਇਤਜ਼ਾਰ ਰਹਿੰਦਾ ਹੈ।

'ਬਿੱਗ ਬੌਸ ਓ.ਟੀ.ਟੀ' ਵਿਚ ਵੀ ਆਪਣੇ ਗਲੈਮਰ ਦਾ ਜਲਵਾ ਦਿਖਾ ਚੁੱਕੀ ਹੈ। 'ਬਿੱਗ ਬੌਸ 15' ਨੇਹਾ ਲਈ ਵੱਡਾ ਪਲੇਟਫਾਰਮ ਸਾਬਿਤ ਹੋਇਆ ਸੀ। 31 ਮਈ, 1990 ਨੂੰ ਪੈਦਾ ਹੋਈ ਨੇਹਾ ਮਲਿਕ ਮੂਲ ਰੂਪ ਵਿਚ ਮੱਧ ਪ੍ਰਦੇਸ਼ ਦੇ ਹਰਦਾ ਦੀ ਰਹਿਣ ਵਾਲੀ ਹੈ। ਨੇਹਾ ਨੇ ਆਪਣੇ ਸ਼ਹਿਰ ਤੋਂ 12ਵੀਂ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ ਹੈ। ਚੰਡੀਗੜ੍ਹ ਵਿਚ ਰਹਿੰਦੇ ਹੋਏ ਨੇਹਾ ਦਾ ਝੁਕਾਅ ਪੰਜਾਬੀ ਸੰਗੀਤਕ ਵੀਡੀਓਜ਼ ਵੱਲ ਵਧਿਆ। ਹੁਣ ਤੱਕ ਉਹ 'ਇਸ਼ਕ ਕਰ ਲੇ', 'ਠੁਮਕਾ ਸਾਂਗ', 'ਲੌਟ ਕੇ ਨਾ ਆਨਾ', 'ਏ.ਟੀ.ਐਮ. ਦੀ ਮਸ਼ੀਨ', 'ਮੇਰੀ ਵਾਲੀ ਸਰਦਾਰਨੀ' ਅਤੇ 'ਕੁੜਤਾ ਪਜਾਮਾ' ਵਰਗੇ ਕਈ ਪੰਜਾਬੀ ਸੰਗੀਤਕ ਵੀਡੀਓਜ਼ ਲਈ ਕੰਮ ਕਰ ਚੁੱਕੀ ਹੈ। ਸਾਲ 2016 ਵਿਚ ਉਹ ਰਾਮਜੀ ਗੁਲਾਟੀ ਦੇ ਗਾਣੇ 'ਧੂਪ ਮੇਂ ਨਾ ਚੱਲ' ਵਿਚ ਨਜ਼ਰ ਆਈ ਸੀ। ਇਸ ਤੋਂ ਬਾਅਦ 2018 ਵਿਚ ਰਿਲੀਜ਼ ਮਨਿੰਦਰ ਭੱਟ ਦੇ ਗਾਣੇ 'ਸਖੀਆਂ' ਨੇ ਨੇਹਾ ਮਲਿਕ ਨੂੰ ਖੂਬ ਹਰਮਨਪਿਆਰਤਾ ਦਿਵਾਈ ਸੀ । ਅੱਜ ਉਹ ਪੰਜਾਬੀ ਸੰਗੀਤਕ ਵੀਡੀਓ ਦੀ ਦੁਨੀਆ ਵਿਚ ਮੰਨਿਆ-ਪ੍ਰਮੰਨਿਆ ਚਿਹਰਾ ਹੈ।

ਸਾਲ 2012 ਵਿਚ ਮਹਿਜ਼ 22 ਦੀ ਉਮਰ ਵਿਚ ਨੇਹਾ ਨੇ ਮਾਡਲਿੰਗ ਦੀ ਦੁਨੀਆ ਵਿਚ ਕਦਮ ਰੱਖਿਆ ਅਤੇ ਆਪਣੀਆਂ ਗਲੈਮਰਸ ਅਦਾਵਾਂ ਨਾਲ ਹਰ ਕਿਸੇ ਨੂੰ ਦੀਵਾਨਾ ਬਣਾ ਲਿਆ। 2012 ਵਿਚ ਹੀ ਨੇਹਾ ਨੇ ਹਿੰਦੀ ਫ਼ਿਲਮ 'ਭੰਵਰੀ ਕਾ ਜਾਲ' ਜ਼ਰੀਏ ਬਾਲੀਵੁੱਡ ਵਿਚ ਡੇਬਿਊ ਕੀਤਾ ਸੀ। ਸਾਲ 2013 ਵਿਚ ਨੇਹਾ ਨੂੰ 'ਯੂ.ਟੀ.ਵੀ. ਬਿੰਦਾਸ' ਚੈਨਲ ਦੇ ਸ਼ੋਅ 'ਫੀਅਰਲੈੱਸ' ਦੀ ਪੇਸ਼ਕਸ਼ ਮਿਲੀ ਸੀ। 'ਫੀਅਰਲੈੱਸ' ਤੋਂ ਬਾਅਦ ਤੋਂ ਹੁਣ ਤੱਕ ਉਹ 'ਮੁਸਾਫਿਰ', 'ਗਾਂਧੀ ਫੇਰ ਆ ਗਿਆ' ਅਤੇ 'ਆਈ ਪ੍ਰਾਮਿਸ' ਵਰਗੀਆਂ ਤਿੰਨ ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਸਾਲ 2013 ਵਿਚ ਨੇਹਾ ਦਾ ਨਾਂਅ ਦੁਬਈ ਫੈਸ਼ਨ ਵੀਕ ਦੀਆਂ ਟੌਪ 10 ਮਾਡਲਾਂ ਵਿਚ ਸ਼ਾਮਿਲ ਕੀਤਾ ਗਿਆ। ਇਸ ਤਰ੍ਹਾਂ 'ਅਰਬ ਫੈਸ਼ਨ ਵੀਕ' ਵਿਚ ਨੇਹਾ ਦੀ ਤੀਜੀ 'ਸਬ ਸੇ ਖ਼ੂਬਸੂਰਤ ਮਹਿਲਾ' ਦੇ ਤੌਰ 'ਤੇ ਪਛਾਣ ਬਣੀ।

ਸਾਲ 2015 ਵਿਚ ਨੇਹਾ ਨੇ ਗੋਆ ਵਿਚ ਕਰਵਾਏ 'ਬ੍ਰਾਈਡਲ ਫੈਸ਼ਨ ਵੀਕ' ਵਿਚ ਵੀ ਹਿੱਸਾ ਲਿਆ ਸੀ। ਉਸ ਤੋਂ ਬਾਅਦ 2016 ਵਿਚ ਬੈਂਕਾਕ ਫੈਸ਼ਨ ਵੀਕ ਵਿਚ ਵੀ ਉਸ ਨੇ ਹਿੱਸਾ ਲਿਆ। ਉਦੋਂ ਤੋਂ ਹੁਣ ਤੱਕ ਉਹ ਅਨੇਕ ਫੈਸ਼ਨ ਸ਼ੋਆਂ ਦਾ ਹਿੱਸਾ ਬਣ ਚੁੱਕੀ ਹੈ।

## ਰਾਜੇਸ਼ ਖੰਨਾ ਦੀ ਦੋਹਤੀ ਵੀ ਬਣੀ ਅਦਾਕਾਰਾ



ਹਿੰਦੀ ਸਿਨੇਮਾ ਦੇ ਪਹਿਲੇ ਸੁਪਰਸਟਾਰ ਰਾਜੇਸ਼ ਖੰਨਾ ਦੀ ਦੋਹਤੀ 18 ਸਾਲਾ ਨਾਓਮਿਕਾ ਸਰਨ ਇਨ੍ਹੀਂ ਦਿਨੀਂ ਬਾਲੀਵੁੱਡ ਵਿਚ ਆਪਣੇ ਡੇਬਿਊ ਨੂੰ ਲੈ ਕੇ ਚੰਗੀ ਚਰਚਾ ਵਿਚ ਹੈ। ਨਾਓਮਿਕਾ ਲੰਮੇ ਸਮੇਂ ਤੋਂ ਅਭਿਨੇਤਰੀ ਬਣਨ ਦਾ ਸੁਪਨਾ ਦੇਖ ਰਹੀ ਸੀ ਅਤੇ ਹੁਣ ਜਾ ਕੇ ਉਸ ਨੂੰ ਆਪਣੇ ਨਾਨਾ-ਨਾਨੀ ਰਾਜੇਸ਼ ਖੰਨਾ ਅਤੇ ਡਿੰਪਲ ਕਪਾੜੀਆ ਦੇ ਪੈਰ-ਚਿੰਨ੍ਹਾਂ 'ਤੇ ਚੱਲਣ ਦਾ ਮੌਕਾ ਮਿਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਅਮਿਤਾਬ ਬੱਚਨ ਦੇ ਦੋਹਤੇ ਅਗਸਤਿਆ ਨੰਦਾ ਦੇ ਨਾਲ ਮੈਡਾਕ ਫ਼ਿਲਮਜ਼ ਦੇ ਬੈਨਰ ਹੇਠ ਬਣਨ ਵਾਲੀ ਇਕ ਰੋਮਾਂਟਿਕ-ਕਾਮੇਡੀ ਫਿਲਮ ਵਿਚ ਨਜ਼ਰ ਆਏਗੀ। ਇਸ ਫ਼ਿਲਮ ਨੂੰ ਦਿਨੇਸ਼ ਵਿਜਾਨ ਪ੍ਰੋਡਿਊਸ ਕਰ ਰਹੇ ਹਨ। ਨਾਓਮਿਕਾ ਸਰਨ, ਰਾਜੇਸ਼ ਖੰਨਾ ਅਤੇ ਡਿੰਪਲ ਕਪਾੜੀਆ ਦੀ ਛੋਟੀ ਬੇਟੀ ਰਿਕੀ ਖੰਨਾ ਦੀ ਬੇਟੀ ਹੈ। ਉਸ ਨੂੰ ਹਾਲ ਹੀ ਵਿਚ ਆਪਣੀ ਨਾਨੀ ਡਿੰਪਲ ਕਪਾੜੀਆ ਦੇ ਨਾਲ ਅਕਸ਼ੈ ਕੁਮਾਰ ਦੀ ਫਿਲਮ 'ਸਕਾਈ ਫੋਰਸ' ਦੀ ਸਕ੍ਰੀਨਿੰਗ ਵਿਚ ਦੇਖਿਆ ਗਿਆ ਸੀ ਅਤੇ ਉਸ ਦੀ ਸ਼ਾਨਦਾਰ ਦਿੱਖ ਨੇ ਸਭਦਾ ਧਿਆਨ ਖਿੱਚਿਆ ਸੀ। ਅਗਸਤਿਆ ਨੰਦਾ ਨੇ 2023 ਵਿਚ ਨੈੱਟਫਲਿਕਸ 'ਤੇ ਰਿਲੀਜ਼ ਹੋਈ ਜੋਇਆ ਅਖ਼ਤਰ ਦੀ ਫ਼ਿਲਮ 'ਦ ਆਰਚੀਜ਼' ਤੋਂ ਡੈਬਿਊ ਕੀਤਾ ਸੀ। ਪਰ ਉਹ ਹਾਲੇ ਤੱਕ ਵੱਡੇ ਪਰਦੇ 'ਤੇ ਨਜ਼ਰ ਨਹੀਂ ਆਈ। ਇਸ ਤਰਾਂ ਉਹ ਫ਼ਿਲਮ ਉਸ ਦੀ ਪਹਿਲੀ ਥੀਏਟਰ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਅਫ਼ਵਾਹ ਹੈ ਕਿ ਅਗਸਤਿਆ ਸ਼ਾਹਰੁਖ ਖਾਨ ਦੀ ਬੇਟੀ ਸੁਹਾਨਾ ਖਾਨ ਨੂੰ ਡੇਟ ਕਰ ਰਹੇ ਹਨ।

ਨਾਓਮਿਕਾ ਰਾਜੇਸ਼ ਖੰਨਾ ਦੀ ਦੋਹਤੀ ਸਰਨ ਦੀ ਮਾਂ ਰਿੰਕੀ ਨੇ ਵੀ ਬਾਲੀਵੁੱਡ ਵਿਚ ਆਪਣੀ ਕਿਸਮਤ ਅਜ਼ਮਾਈ ਸੀ,ਪਰ ਉਸ ਨੂੰ ਜ਼ਿਆਦਾ ਸਫ਼ਲਤਾ ਨਹੀਂ ਮਿਲੀ। ਬਾਅਦ ਵਿਚ ਉਸ ਨੇ ਫ਼ਿਲਮ ਸਨਅਤ ਤੋਂ ਦੂਰੀ ਬਣਾ ਲਈ ਅਤੇ ਇਕ ਕਾਰੋਬਾਰੀ ਸਮੀਰ ਸਰਨ ਦੇ ਨਾਲ ਵਿਆਹ ਕਰਨ ਤੋਂ ਬਾਅਦ ਆਪਣੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਕਾਰੋਬਾਰ ਦੀ ਦੁਨੀਆ ਵਿਚ ਸਰਗਰਮ ਹੋ ਗਈ ਸੀ। ਹੁਣ ਰਿਕੀ ਖੰਨਾ ਸਮੀਰ ਸਰਨ ਦੀ ਬੇਟੀ ਨਾਓਮਿਕਾ, ਆਪਣੀ ਮਾਂ ਦੀ ਰਾਹ 'ਤੇ ਚਲਦਿਆਂ ਹੋਇਆਂ ਬਾਲੀਵੁੱਡ ਕਦਮ ਰੱਖ ਰਹੀ ਹੈ। ਸੋਸ਼ਲ ਮੀਡੀਆ 'ਤੇ ਨਾਓਮਿਕਾ ਸਰਨ ਦੇ ਚੰਗੇ ਪ੍ਰਸੰਸਕ ਹਨ ,ਜਿਥੇ ਉਸ ਦੀ ਸਟਾਈਲਿਸ਼ ਦਿੱਖ ਦੇ ਸਾਹਮਣੇ ਵੱਡੀਆਂ-ਵੱਡੀਆਂ ਮਹਿਲਾ ਅਦਾਕਾਰਾਂ ਦਾ ਨੂਰ ਫਿੱਕ ਪੈ ਜਾਂਦਾ ਹੈ। ਪ੍ਰਸੰਸਕ ਨਾਓਮਿਕਾ ਸਰਨ ਦੀ ਖੂਬਸੂਰਤੀ 'ਤੇ ਬੁਰੀ ਤਰ੍ਹਾਂ ਆਪਣਾ ਦਿਲ ਹਾਰ ਬੈਠੇ ਹਨ। ਨਾਓਮਿਕਾ ਦੇ ਡੈਬਿਊ ਨੂੰ ਲੈ ਕੇ ਪ੍ਰਸੰਸਕ ਕਾਫ਼ੀ ਉਤਸ਼ਾਹੀ ਹਨ।

ਮੈਡਾਕ ਫ਼ਿਲਮ ਦੇ ਬੈਨਰ ਹੇਠ ਬਣਨ ਵਾਲੀ ਇਸ ਫ਼ਿਲਮ ਨੂੰ 'ਕਿਸਮਤ', 'ਛੜਾ' ਅਤੇ 'ਜੱਟ ਐਂਡ ਜੂਲੀਅਟ-3' ਵਰਗੀਆਂ ਕਈ ਬਲਾਕ ਬਸਟਰ ਫ਼ਿਲਮਾਂ ਬਣਾਉਣ ਵਾਲੇ ਪੰਜਾਬੀ ਸਿਨੇਮਾ ਦੇ ਮਸ਼ਹੂਰ ਨਿਰਦੇਸ਼ਕ ਜਗਦੀਪ ਸਿੱਧੂ ਨਿਰੇਦਸ਼ਿਤ ਕਰਨਗੇ। ਇਹ ਉਸ ਦੀ ਪਹਿਲੀ ਹਿੰਦੀ ਫ਼ਿਲਮ ਹੋਵੇਗੀ। ਇਸ ਤੋਂ ਪਹਿਲਾਂ ਉਹ 'ਸਾਂਢ ਕੀ ਆਂਖ' ਅਤੇ 'ਸ੍ਰੀਕਾਂਤ' ਵਰਗੀਆਂ ਬਾਲੀਵੁੱਡ ਫ਼ਿਲਮਾਂ ਲਈ ਡਾਇਲਾਗ ਵੀ ਲਿਖ ਚੁੱਕੇ ਹਨ। ਨਾਓਮਿਕਾ ਅਤੇ ਅਗਸਤਿਆ ਨੰਦਾ ਦੀ ਇਕਦਮ ਨਵੀਂ ਜੋੜੀ ਦੇ ਨਾਲ ਇਹ ਇਕ ਬਿਹਤਰੀਨ ਰੋਮਾਂਟਿਕ ਡਰਾਮਾ ਫ਼ਿਲਮ ਹੋਏਗੀ । ਹੁਣ ਦੇਖਣਾ ਦਿਲਚਸਪ ਹੋਣ ਵਾਲਾ ਹੈ ਕਿ ਅਗਸਤਿਆ ਨੰਦਾ ਦੀ ਜੋੜੀ ਰਾਜੇਸ਼ ਖੰਨਾ ਦੀ ਦੋਹਤੀ ਨਾਓਮਿਕਾ ਸਰਨ ਨਾਲ ਸਕਰੀਨ 'ਤੇ ਕਿੰਨਾ ਜਾਦੂ ਚਲਾ ਪਾਉਂਦੀ ਹੈ।

# Punjabi Cultural Society of Chicago

Celebrating 31 Years of Community Service

*To Celebrate Vaisakhi PCS Presents...*

# ਰੰਗਲਾ ਪੰਜਾਬ

Rangla Punjab 2025!

**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**



## Saturday, April 26, 2025
## 6:00 PM - 11:00 PM

Copernicus Center
5216 W Lawrence Ave
Chicago, IL 60630

**Win Raffle PRIZES!**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

## Sponsors & Advertisements Encouraged

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.